# ਛਾਹ ਵੇਲਾ

ਕੁਲਵੰਤ ਸਿੰਘ ਵਿਰਕ

◁ ▷

ਹਿੰਦ ਪਬਲਿਸ਼ਰਜ਼ ਲਿਮਿਟਿਡ
ਕੋਰਟ ਰੋਡ, ਅੰਮ੍ਰਿਤਸਰ

www.PunjabiLibrary.com

# ਤਤਕਰਾ


| | |
|---|---|
| ਛਾਹ ਵੇਲਾ | ੯ |
| ਪਰ ਨਾਰੀ | ੧੯ |
| ਉਜਾੜ | ੨੮ |
| ਕਿਸੇ ਹੋਰ ਨੂੰ ਵੀ | ੪੧ |
| ਭੁੱਖ | ੫੩ |
| ਚਾਰ ਚਿਠੀਆਂ | ੫੯ |
| ਟੱਕਰ | ੭੦ |
| ਚੌਂਬੜ | ੭੫ |
| ਸੁੰਦਰ | ੮੨ |
| ਬੰਦ ਤਾਕੀਆਂ | ੮੮ |
| ਮੁਕਤਸਰ | ੯੪ |
| ਚਾਚਾ | ੧੦੨ |
| ਗਜਰੇ | ੧੦੯ |
| ਪਾਸ਼ੇ | ੧੧੪ |
| ਮਸਾਟਰ ਭੋਲਾ ਰਾਮ | ੧੨੦ |
| ਲੱਖਾਂ ਕਰੋੜਾਂ ਰੁਪਿਆ | ੧੨੯ |
| ਮੂਹਲੀ ਜਿਡੇ ਛੋਲੇ | ੧੩੪ |

# ਮੁਖ-ਸ਼ਬਦ

ਪਿੰਡਾਂ ਦੇ ਉਨ੍ਹਾਂ ਮੁੰਡਿਆਂ ਨੂੰ ਜਿਹੜੇ ਕਾਲਜਾਂ ਵਿਚ ਪੜ੍ਹ ਕੇ ਸ਼ਹਿਰਾਂ ਦੇ ਜੀਵਨ ਵਿਚ ਆ ਪਰਵੇਸ਼ ਕਰਦੇ ਹਨ, ਜੀਵਨ ਦਾ ਦੂਹਰਾ ਤਜਰਬਾ ਹੋ ਜਾਂਦਾ ਹੈ; ਇਸ ਲਈ, ਉਨ੍ਹਾਂ ਦੇ ਅਨੁਭਵ ਕੁਝ ਵਧੇਰੇ ਹੀ ਵਿਸ਼ਾਲ ਅਤੇ ਡੂੰਘੇ ਹੁੰਦੇ ਹਨ। ਇਹ ਹੀ ਕਾਰਣ ਹੈ ਕਿ ਵਧੇਰੇ ਕਰਕੇ ਸਾਹਿਤ ਵਿਚ ਗ਼ਰੀਬ ਘਰਾਂ, ਮਜ਼ਦੂਰਾਂ ਅਤੇ ਕਿਸਾਨ ਸ਼੍ਰੇਣੀਆਂ ਦੇ ਜੰਮ-ਪਲ ਹੀ ਉੱਤਮ ਕਿਰਤ ਦੇ ਮਾਲਕ ਬਣਦੇ ਹਨ। ਸਮੁਚੇ ਤੌਰ ਤੇ ਇਹ ਕਹਿਣਾ ਪੈਂਦਾ ਹੈ ਕਿ ਅਸਲੀ ਬਹੁ-ਗਿਣਤੀ ਜੀਵਨ ਦੇ ਪ੍ਰਤਿਨਿਧ ਉਹ ਹੀ ਹੁੰਦੇ ਹਨ, ਤੇ ਇਸ ਥੋੜੀ ਖੁਸ਼ਹਾਲ ਗਿਣਤੀ ਦਾ ਵੀ ਜੋ ਸ਼ਹਿਰਾਂ ਵਿਚ ਰਹਿੰਦੀ ਹੈ ਅਜਿਹੇ ਲੇਖਕਾਂ ਨੂੰ ਨੇੜ ਦਾ ਅਨੁਭਵ ਹੁੰਦਾ ਹੈ।

ਕੁਲਵੰਤ ਸਿੰਘ ਵਿਰਕ ਅਜਿਹਾ ਇਕ ਲਿਖਾਰੀ ਹੈ। ਸ਼ੇਖੂਪੁਰੇ ਦੇ ਜ਼ਿਲੇ ਵਿਚ ਵਿਰਕ-ਟੱਪੇ ਦਾ ਜੰਮ-ਪਲ ਇਹ ਨੌਜਵਾਨ ਲਾਹੌਰ, ਅੰਮ੍ਰਿਤਸਰ, ਐਮ. ਏ. ਤਕ ਪੜ੍ਹਿਆ, ਫਿਰ ਫ਼ੌਜ ਵਿਚ ਅਫ਼ਸਰ ਭਰਤੀ ਹੋਇਆ ਤੇ ਨੇੜੇ ਦੂਰ ਭੌਂਵਿਆ, ਫਿਰ ਕਿਸੇ ਕਾਰਣ ਉਥੋਂ ਹਟ ਕੇ ਮੁੜ ਕੇ ਆਪਣੇ ਪਿੰਡ ਤੇ ਸ਼ਹਿਰ ਦੇ ਜੀਵਨ ਦੇ ਵਧੇਰੇ ਨੇੜੇ ਹੋਇਆ; ਫਿਰ ਇਸ ਨੂੰ ਪਾਕਿਸਤਾਨ ਬਣਨ ਤੇ ਪੱਛਮੀ ਪੰਜਾਬ ਦੇ ਹਿੰਦੂ ਸਿਖ ਉਜਾੜੇ ਦਾ ਨਿਜੀ ਅਨੁਭਵ ਹੋਇਆ। ਇਹ ਲਿਏਜ਼ਾਂ ਅਫ਼ਸਰ ਬਣ ਕੇ ਪੱਛਮੀ ਪੰਜਾਬ ਵਿਚੋਂ ਜਬਰੀ ਚੁਕੀਆਂ ਔਰਤਾਂ ਤੇ ਜਬਰੀ

ਰੋਕੇ ਹੋਏ ਹਿੰਦੂ ਸਿਖ ਟਬਰਾਂ ਨੂੰ ਲੋਭ ਕੇ ਪੂਰਬੀ ਪੰਜਾਬ ਪੁਚਾਣ ਵਿਚ ਸਹਾਇਕ ਹੋਇਆ, ਪੂਰਬੀ ਪੰਜਾਬ ਵਿਚ ਫਿਰ-ਵਸਣ ਦਾ ਅਨੁਭਵ ਵੀ ਇਸ ਨੂੰ ਹੋਇਆ। ਫਿਰ ਇਸ ਸਭ ਕੁਛ ਉਤੇ ਇਸ ਦੀ ਤਬਾ ਦੀ ਰੰਗੀਨੀ ਤੇ ਕਾਵਿ-ਮਈ ਰੁਚੀਆਂ ਦਾ ਪ੍ਰਭਾਵ ਹੋਇਆ ਹੈ। ਸੋ ਇਸ ਸੁਭਾਵਿਕ ਅਰ ਤਜਰਬੇ ਵਾਲੇ ਲੇਖਕ ਦੀਆਂ ਕਹਾਣੀਆਂ ਕਵਿਤਾ ਜਿਹੀਆਂ ਅਨੁਭਵੀ ਨਾ ਹੋਣ ਤਾਂ ਹੋਰ ਕੀ ਹੋਣ?

ਇਸ ਸੰਗ੍ਰਹਿ ਦੀਆਂ ਸਤਾਰਾਂ ਕਹਾਣੀਆਂ ਵਿਚ ਭਾਵੇਂ ਛੇ ਹੀ ਪੇਂਡੂ ਕਿਰਸਾਣੇ ਜੀਵਨ ਦਾ ਵਰਣਨ ਕਰਦੀਆਂ ਹਨ, ਪਰ ਉਹ ਛੇ ਇਸ ਸਾਰੇ ਸੰਗ੍ਰਹਿ ਉਤੇ ਇਕ ਗੂੜ੍ਹਾ ਰੰਗ ਚੜ੍ਹਾ ਰਹੀਆਂ ਹਨ। ਪਿੰਡਾਂ ਦੀ ਜ਼ਿੰਦਗੀ ਦੀ ਨਰੋਈ ਖੁਲ੍ਹ ਤੋਂ ਉਪਰੰਤ ਬਦਲ ਰਹੇ ਸਮਿਆਂ ਦੀ ਚਾਲ ਦੀ ਤਸਵੀਰ ਇਨ੍ਹਾਂ ਕਹਾਣੀਆਂ ਵਿਚ ਇਸ ਤਰ੍ਹਾਂ ਲਿਖੀ ਗਈ ਹੈ ਕਿ ਇਹ ਖਲੋਤੀਆਂ ਨਹੀਂ, ਚਲਦੀਆਂ ਫਿਲਮਾਂ ਜਾਪਦੀਆਂ ਹਨ। ਆਲਾ ਸਿੰਘ ਪੁਰਾਣੇ ਸਮੇਂ ਦਾ ਜੀਵ ਇਸ ਬਦਲ ਚੁਕੇ ਸਮੇ ਵਿਚ ਆਪਣੇ ਆਪ ਨੂੰ ਕਿਸ ਤਰ੍ਹਾਂ ਨਵੇਂ ਖ਼ਿਆਲਾਂ ਦੀ ਉਜਾੜ ਵਿਚ ਭੁਲਿਆ ਭਟਕਿਆ ਅਨੁਭਵ ਕਰਦਾ ਹੈ! ਮਾਸਟਰ ਭੋਲਾ ਰਾਮ ਨੂੰ ਕਿਸ ਤਰ੍ਹਾਂ ਨਵਾਂ ਜ਼ਮਾਨਾ ਸਾਰਾ ਆਪਣਾ ਦੁਸ਼ਮਨ ਦਿਸਦਾ ਹੈ! ਮਾਨਸਿਕ ਬੁਢਾਪੇ ਦੇ ਰੋਗ ਦਾ ਉਹ ਰੋਗੀ ਇਸ ਸਾਰੇ ਜ਼ਮਾਨੇ ਨੂੰ ਕਮਿਊਨਿਸਟ ਸਮਝਦਾ ਹੈ ਅਤੇ ਇਸ ਰੋਗ ਵਿਚ ਗ੍ਰੱਸਿਆ ਉਹ ਕਿਸ ਤਰ੍ਹਾਂ ਅਸਾਡੀਆਂ ਮਧ ਸ਼੍ਰੇਣੀਆਂ ਤੇ ਅਸਾਡੀ ਰਾਜ ਸ਼੍ਰੇਣੀ ਦਾ ਖੁੰਢਾ ਜਿਹਾ, ਨਿਕੰਮਾ ਜਿਹਾ ਹਥਿਆਰ ਦਿਸਦਾ ਹੈ! ਤੇਜੂ, ਚਾਚਾ ਤੇ ਪਾਸ਼ੋ ਨਿਰੋਲ ਪੇਂਡੂ ਜੀਵ ਹਨ ਜਿਨ੍ਹਾਂ ਉਤੇ ਨਵੇਂ ਜ਼ਮਾਨੇ ਦਾ ਪ੍ਰਭਾਵ ਬਹੁਤ ਹਲਕਾ ਜਿਹਾ ਹੋਵੇ ਤਾਂ ਹੋਵੇ। ਤੇ ਬੰਸੀ ਤੇ ਤੇਜੂ ਉਹ ਸਰਵਕਾਲੀ ਭੌਰੇ ਹਨ ਜੋ ਪਿਛਲੇ ਸਮੇ ਵਿਚ ਵੀ ਸਨ, ਹੁਣ ਵੀ ਹਨ ਤੇ ਅੱਗੇ ਨੂੰ ਵੀ ਹੋਣਗੇ।

ਸ਼ਹਿਰੀ ਜੀਵਨ ਦੀਆਂ ਕਹਾਣੀਆਂ ਵਿਚ ਰੰਗ ਹੈ, ਅਨੁਰਾਗ ਹੈ, ਉਪਹਾਸ ਤੇ ਅਪਹਾਸ ਵੀ ਹੈ। ਕੁਲਵੰਤ ਸਿੰਘ ਨੂੰ ਇਸ ਜੀਵਨ ਦੀ ਸੁੰਦਰਤਾ ਦਾ ਅਨੁਭਵ ਹੈ, ਪਰ ਉਹ ਇਸ ਸੁੰਦਰਤਾ ਦੀਆਂ ਡੂੰਘਾਣਾਂ ਨੂੰ ਵੀ ਮਾਪਦਾ ਹੈ । ਉਸ ਦਾ ਅਪਹਾਸ ਹਲਕਾ ਜਿਹਾ ਹੈ ਜੋ ਬਹੁਤ ਕਰਕੇ ਅਸਾਨੂੰ ਸ਼ਹਿਰੀ ਜੀਵਨ ਦੀ ਅਗਿਆਨਤਾ ਦਰਸਾਂਦਾ ਹੈ। ਇਸ ਜੀਵਨ ਵਿਚ ਇਸਤਰੀ ਮਨੁਖ ਦੇ ਪ੍ਰਸਿਧ ਭਾਵ ਕਿਸ ਤਰ੍ਹਾਂ ਮਾਨਸਿਕ, ਆਰਥਿਕ ਤੇ ਸਮਾਜਿਕ ਬੰਧਨਾਂ ਵਿਚ ਫਾਥੇ ਹੋਏ ਹਨ, ਜਗਜੀਤ ਵਰਗੇ ਤੇ ਭਗਵੰਤ ਵਰਗੇ ਕੇਡੇ ਅਣਜਾਣ ਹਨ, ਸਿਆਣੇ ਬਿਆਣੇ ਹੁੰਦੇ ਵੀ, ਮੁੰਡੇ ਕੁੜੀਆਂ ਕਿਵੇਂ ਇਕ ਕੁਦਰਤੀ ਸਾਂਝ ਨੂੰ ਤਾਂਘਦੇ ਹਨ ! ਕੁਲਵੰਤ ਸਿੰਘ ਨੇ ਇਸ ਜੀਵਨ ਨੂੰ ਘਿਣਾਉਣਾ ਨਹੀਂ ਬਣਾਇਆ ਜਿਸ ਤਰ੍ਹਾਂ ਅੱਜ ਕਲ ਬਹੁਤ ਅਗਾਂਹਗਾਮੀ ਰੁਚੀਆਂ ਵਾਲੇ ਕਈ ਪਾਰਖੂ ਚਾਹਦੇ ਹਨ। ਉਹ ਇਸ ਜੀਵਨ ਵਲ ਇਤਨਾ ਅਨਿਆਈਂ ਨਹੀਂ ਹੋ ਸਕਦਾ। ਇਸ ਵਿਚ ਸੁੰਦਰਤਾਈਆਂ ਹਨ, ਜੋ ਸ਼ਾਇਦ ਇਕ ਭੈੜੀ ਭੋਇੰ ਵਿਚ, ਜਿਸ ਵਿਚ ਗ਼ਰੀਬ ਮਜ਼ਦੂਰ ਦੇ ਖ਼ੂਨ ਦੀ ਖਾਦ ਪਈ ਹਈ ਹੈ, ਉਗ, ਫਲ ਰਹੀਆਂ ਹਨ, ਪਰ ਆਪਣੇ ਸੁਭਾਵ ਵਿਚ ਉਹ ਸੁੰਦਰਤਾਈਆਂ ਮਾਨੁਖੀ ਹੀ ਹਨ, ਅਰ ਅਸਾਡੇ ਆਉਣ ਵਾਲੇ ਨਰੋਏ ਸਮਾਜ ਵਿਚ ਵੀ ਇਹ ਘੱਟ ਵੱਧ ਇਸੇ ਤਰ੍ਹਾਂ ਹੋਣਗੀਆਂ । ਪਰ ਜਿਥੇ ਇਸ ਜੀਵਨ ਵਿਚ ਘ੍ਰਿਣਾ ਦਾ ਅੰਸ਼ ਹੈ, ਉਸ ਤੋਂ ਕੁਲਵੰਤ ਸਿੰਘ ਨੇ ਅੱਖਾਂ ਨਹੀਂ ਮੀਟ ਲਈਆਂ। "ਕਿਸੇ ਹੋਰ ਨੂੰ ਵੀ" ਵਿਚ ਇਕ ਅਜਿਹਾ ਹੀ ਘਿਣਾਉਣਾ ਚਿਤਰ ਹੈ।

ਪਰ ਇਸ ਜੀਵਨ ਦਾ ਵਧੇਰੇ ਘਿਣਾਉਣਾ ਪੱਖ ਉਹ ਹੈ ਜੋ ਇਸ ਦੀ ਚੱਕੀ ਵਿਚ ਪਿਸ ਰਹੇ ਗ਼ਰੀਬ, ਮਜ਼ਦੂਰ, ਨੌਕਰ ਦਾ ਜੀਵਨ ਹੈ। "ਲੱਖਾਂ ਕਰੋੜਾਂ ਰੁਪਿਆ" ਵਿਚ ਇਕ ਆਦਮੀ ਇਕ ਸਾਈਕਲ ਤੋਂ ਸਸਤਾ ਵਿਕ ਰਿਹਾ ਹੈ। ਸੁੰਦਰ ਦੀ ਦੁਨੀਆਂ ਵਿਚ ਕੜਾਹ ਜਿਹੀ

ਨਿਗੂਣੀ ਵਸਤ ਵੀ ਇਕ ਸੁਪਨੇ ਦੀ ਖੇਡ ਹੀ ਹੈ!

ਕੁਲਵੰਤ ਸਿੰਘ ਦਾ ਲਿਖਣ ਢੰਗ ਬੜਾ ਸੁਘੜ ਹੈ, ਸੁਹਾਣਾ ਹੈ, ਜਿਵੇਂ ਕੋਈ ਮਿਠ-ਬੋਲਾ ਜਿਹਾ ਜੀਵ ਤੁਹਾਡੇ ਨਾਲ ਗੱਲਾਂ ਕਰ ਰਿਹਾ ਹੁੰਦਾ ਹੈ। ਇਸ ਵਿਚ ਵਿਰਕ ਟੱਪੇ ਦੇ ਖੁਲ੍ਹੇ ਚੁਗਿਰਦੇ ਦਾ ਪ੍ਰਭਾਵ ਹੈ। ਇਹ ਉਨ੍ਹਾਂ ਵਿਰਕਾਂ ਦੀ ਮਿਠਾਸ ਹੈ ਜਿਨ੍ਹਾਂ ਨੇ ਪੁਸ਼ਤਾਂ ਬੱਧੀ ਗਾਈਂ ਮੱਝੀਂ ਖੁਲ੍ਹੇ ਵਿਸ਼ਾਲ ਮੈਦਾਨਾਂ ਵਿਚ ਚਾਰੀਆਂ ਹਨ ਤੇ ਉਨ੍ਹਾਂ ਦਾ ਮਿਠਾ ਦੁੱਧ ਪੀ ਕੇ ਲੰਮੇ ਚੌੜੇ ਕੱਦ ਕੀਤੇ ਹਨ।

ਮੈਂ ਇਨ੍ਹਾਂ ਕਹਾਣੀਆਂ ਨੂੰ ਪੜ੍ਹ ਕੇ ਬਹੁਤ ਆਨੰਦਿਤ ਹੋਇਆ ਹਾਂ ਤੇ ਬਹੁਤ ਉਤਸਕਤ ਵੀ। ਕਈਆਂ ਦੇ ਕਹਿਣ ਤੋਂ ਉਪਰੰਤ ਵੀ ਇਨ੍ਹਾਂ ਕਹਾਣੀਆਂ ਨੂੰ ਪੜ੍ਹ ਕੇ ਮੈਨੂੰ ਯਕੀਨ ਹੋਇਆ ਹੈ ਕਿ ਪੰਜਾਬੀ ਵਿਚ ਕਹਾਣੀ ਦਾ ਪੱਧਰ ਡਿੱਗ ਨਹੀਂ ਰਿਹਾ, ਵੀਹ ਵਿਸਵੇ ਉਚੇਰਾ ਹੋ ਰਿਹਾ ਹੈ।

ਖ਼ਾਲਸਾ ਕਾਲਜ, ਅੰਮ੍ਰਿਤਸਰ
੧੮. ੨. ੫੦.

ਸੰਤ ਸਿੰਘ ਸੇਖੋਂ

# ਛਾਹ ਵੇਲਾ

"ਆਪਣਾ ਵੱਤਰ ਤੇ ਨਹੀਂ ਭਲਕੇ ਕੋਈ ਤੇਜਾ ਸਿਹਾਂ ?" ਹਲ ਮੰਗਣ ਲਗਿਆਂ ਕਾਲਾ ਸਿੰਘ ਸਦਾ ਅਣਵਿਆਹੇ ਤੇਜੂ ਨੂੰ ਤੇਜਾ ਸਿੰਘ ਆਖਿਆ ਕਰਦਾ ਸੀ।

"ਨਹੀਂ ਬਾਬਾ ਸਾਡਾ ਤੇ ਕਾਈ ਨਹੀਂ।"

"ਤੇ ਫਿਰ ਸਾਡੇ ਵਲ ਈ ਹਿੱਕ ਲਿਆਵੀਂ ਵੱਡੇ ਵੇਲੇ, ਮੇਰੇ ਵਾਲੀ ਭੋਇੰ ਵਿਚ, ਰਲ ਮਿਲ ਕੇ ਕੰਮ ਨਬੇੜ ਲਈਏ।"

"ਕਿੰਨੇ ਕਿੱਲ ਵੱਤਰ ਜੇ ?"

"ਵੱਤ੍ਰ ਤੇ ਤ੍ਰਾਇ ਕਿੱਲੇ ਵੇ, ਹੋਰ ਵੀ ਹਲ ਆ ਵੇਖਾਂ ਫੜ ਲੈਣੇ ਆਂ ਕਿਧਰੋਂ। ਜਰਾ ਸਵੇਲੇ ਉੱਦਮ ਕਰੀਂ ਪੁਤ੍ਰ, ਠੰਢੇ ਠੰਢੇ ਨਿਬੜ ਜਾਇ ਕੰਮ; ਵੱਤ੍ਰ ਸਾਵਾ ਈ ਸਾਂਭਿਆ ਚੰਗਾ, ਬੱਗੀ ਹੋਈ ਮੁੜ ਵਿਰਲੀ ਉਗਦੀ ਏ।"

"ਹਲਾ ਬਾਬਾ ਤਾਰੇ ਚੜ੍ਹੇ ਈ ਲੈ ਆਵਾਂਗਾ।"

ਅਗਲੀ ਸਵੇਰ ਘੂਕ ਸੁੱਤੇ ਤੇਜੂ ਦੀ ਇਕਦਮ ਹੀ ਅਖ ਖੁਲ੍ਹ ਗਈ, ਜਿਵੇਂ ਕਿਸੇ ਘੜੀ ਦਾ ਅਲਾਰਮ ਵਜਿਆ ਹੋਵੇ। ਖੇਸ ਮੂੰਹ ਤੋਂ ਲਾਹ ਕੇ ਉਸ ਅਸਮਾਨ ਵਲ ਤੱਕਿਆ। ਸਵੇਰ ਦਾ ਤਾਰਾ ਚੜ੍ਹਕੇ ਕਾਨਾ ਦੋ ਕਾਨੇ ਉਤਾਂਹ ਆਇਆ ਹੋਇਆ ਸੀ ਤੇ ਉਸ ਨੂੰ ਵਾਜਾਂ ਮਾਰ ਰਿਹਾ ਸੀ ਪਈ ਉਠ ਤੇ ਚੰਗਿਆਂ ਦੀ ਜੋਗ ਮਗਰ ਪੈਲੀ ਏ। ਇਕ

ਸਰਿਉਂ ਦੂਜੇ ਸਿਰੇ ਤੇ ਉਸ ਸਿਰਿਉਂ ਫਿਰ ਪਿਛਾਂਹ ਨੂੰ ਦੁਪਹਿਰਾਂ ਤੀਕਰ ਲੱਤਾਂ ਮਾਰਦਾ ਰਹੁ। ਉਹਨੂੰ ਕੋਈ ਦਿਨ ਯਾਦ ਨਹੀਂ ਸੀ ਆਉਂਦਾ ਜਦੋਂ ਉਸ ਸੂਰਜ ਦੀ ਟਿਕੀ ਮੰਜੀ ਤੇ ਹੀ ਉਗਾਈ ਹੋਵੇ। ਸਉਣ ਦਾ ਸਵਾਦ ਵੀ ਤੇ ਸਵੇਰੇ ਹੀ ਆਉਂਦਾ ਸੀ ਜਦੋਂ ਠੰਢਾ ਠੰਢਾ ਪੁਰਾ ਛੁਟਦਾ ਸੀ। ਅਗਲੇ ਦਿਨ ਪਿਆਰੂ ਜੋ ਛੇ ਰਾਤਾਂ ਸੌਹਰੇ ਲਾ ਕੇ ਆਇਆ ਸੀ, ਆਂਹਦਾ ਸੀ ਬਸ ਮੰਜੀ ਤੇ ਪਿਆਂ ਪਿਆਂ ਈ ਚਿੱਟਾ ਦਿਨ ਚੜ੍ਹ ਜਾਣਾ ਤੇ ਫਿਰ ਜਦੋਂ ਉਹਦੀ ਸਾਲੀ ਨੇ ਖੂਹ ਤੋਂ ਪਾਣੀ ਲੈ ਆਉਣਾ ਤਾਂ ਮੂੰਹ ਤੇ ਇਕ ਛੱਟਾ ਮਾਰਕੇ ਉਸ ਆਖਣਾ "ਉਠ ਵੇ ਭਾਈਆ ਕਿਤੇ ਉਡਦਾ ਜਨੌਰ ਕੋਈ ਮੂੰਹ ਤੇ ਵਿੱਠ ਕਰਦਾ ਈ।" ਪਰ ਹੁਣ ਜਾਣਾ ਤੇ ਹੋਇਆ ਨਾਂ, ਭਲਾਮਾਨਸ ਆਖ਼ੇਗਾ ਪਈ ਕੰਮ ਸੀ ਤੇ ਸੁਖਨ ਕਰਕੇ ਭੇੜਾ ਬਹੁੜਿਆ ਨਾਂ ਤੇ ਨਾਲੇ ਪਿੰਡ ਸਾਰਾ ਝੇੜਾਂ ਕਰੇਗਾ।

ਤੇਜੂ ਉਠ ਕੇ ਜੁਤੀ ਪੈਰੀਂ ਪਾਈ ਤੇ ਸਰਹਾਣੇ ਪਈ ਪੱਗ ਫੜਕੇ ਸਿਰ ਤੇ ਵਲ੍ਹੇਟ ਲਈ। ਢੱਗਿਆਂ ਦੇ ਢਿਡ ਵਿਚ ਪੈਰ ਦੀ ਚੋਂਭੜ ਦੇ ਕੇ ਉਸ ਦੋਹਾਂ ਨੂੰ ਉਠਾਇਆ। ਢੱਗਿਆਂ ਲੰਮੇ ਲੰਮੇ ਆਕੜ ਲੈ ਕੇ ਪਿੰਡਿਆਂ ਨੂੰ ਛਿਣਕਿਆ ਤੇ ਫਿਰ ਪੰਜਾਲੀ ਲਈ ਆਪਣੀਆਂ ਧੌਣਾਂ ਪੇਸ਼ ਕਰ ਦਿਤੀਆਂ ਟਣ ਟਣ, ਖਰੜ ਖਰੜ, ਠੱਕ ਠੱਕ, ਤੇਜੂ ਦ ਘੁੰਗਰੂਆਂ ਵਾਲੇ ਢੱਗਿਆਂ ਦੀ ਹਰਨਾਲੀ ਸਵੇਰੇ ਦੇ ਅਨ੍ਹੇਰੇ ਨੂੰ ਚੀਰਦੀ ਤੇ ਚੁਪ ਚਾਂ ਵਿਚ ਤਰਥੱਲੀ ਪਾਂਦੀ ਟੁਰ ਪਈ। ਪਰ ਇਸ ਜੋਗ ਨੂੰ ਹਿੱਕਣ ਵਾਲਾ ਅਜ ਇਸ ਨੂੰ ਰਲਦਾ ਵੀ ਨਹੀਂ ਸੀ। ਓਸ ਦੀਆਂ ਲੱਤਾਂ ਵਿਚੋਂ ਲਹੂ ਸੁਕ ਰਿਹਾ ਸੀ ਤੇ ਹਿੱਕ ਸੱਖਣੀ ਸੀ। ਹਰ ਰੋਜ਼ ਉਹ ਇਸ ਜੋਗ ਦੇ ਮਗਰ ਤੇ ਇਨ੍ਹਾਂ ਹੀ ਪੈਲੀਆਂ ਵਿਚ ਇਕ ਸਿਰਿਓਂ ਦੂਜੇ ਸਿਰੇ ਹਲ ਨੱਪ ਨੱਪ ਕੇ ਓੜਾਂ ਕੱਢਦਾ ਰਹਿੰਦਾ। ਪਹਿਲਾਂ ਅਨ੍ਹੇਰੇ ਵਿਚ, ਫਿਰ ਚਾਨਣ ਤੇ ਫਿਰ ਕੜਕਦੀ ਧੁਪ ਵਿਚ। ਹੌਲੀ ਹੌਲੀ ਪਾੜੇ ਸੌੜੇ ਹੁੰਦੇ ਜਾਂਦੇ ਤੇ ਫਿਰ ਮੁਕ ਜਾਂਦੇ। ਸੋਟੀ ਨਾਲ ਜੁਤੀ ਨਾਲੋਂ ਮਿੱਟੀ

ਝਾੜ ਉਹ ਹਰਨਾਲੀ ਕਰਕੇ ਢੱਗੇ ਹਵੇਲੀ ਵਿਚ ਲੇ ਆਉਂਦਾ ਤੇ ਪੱਠੇ ਦੇ ਕੇ ਤੇ ਲਗ ਪੈਂਦਾ। ਗੋਡੀਆਂ, ਵਾੜਾਂ, ਖਾਲ ਬਣਾਣੇ, ਰੱਸੇ ਵੱਟਣੇ ਆਦਿ ਸਾਰਾ ਦਿਨ ਉਸ ਦੀ ਅੱਡੀ ਭੋਂਇ ਤੇ ਨਾ ਆਉਣ ਦੇਂਦੇ ਤੇ ਕੋੜੇ ਸੋਤੇ ਉਹ ਮਝੀਂ ਚੋ ਕੇ ਘਰ ਆਉਂਦਾ। ਇਹੋ ਜਹੇ ਜੀਵਨ ਵਿਚ ਕੋਈ ਲਿਸ਼ਕਾਰਾ ਕਿਥੇ ਸੀ, ਮੇਲੇ ਮੱਸਿਆ ਵੀ ਬਾਪੂ ਕਦੀ ਘਟ ਵਧ ਹੀ ਜਾਣ ਦੇਂਦਾ ਸੀ।

ਖਰੜ ਖਰੜ, ਠੱਕ ਠੱਕ, ਖਰੜ ਖਰੜ, ਠੱਕ ਠੱਕ, ਤੇ ਸੱਤ ਹੋਰ ਹਲ ਝਟ ਪਟ ਇਧਰੋਂ ਉਧਰੋਂ ਆ ਕੱਠੇ ਹੋਏ ਜਿਵੇਂ ਕੁਝ ਫ਼ੌਜੀ ਅਫ਼ਸਰਾਂ ਨੂੰ ਇਕੋ ਵਕਤ ਅਪੜਨ ਦਾ ਹੁਕਮ ਮਿਲਿਆ ਹੋਇਆ ਹੋਵੇ। ਇਕ ਪੈਲੀ ਦੇ ਵਿਚਕਾਰ ਕਾਲਾ ਸਿੰਘ ਦੇ ਚਿੱਟੇ ਸਫ਼ੈਦ ਕਪੜੇ ਲਿਸ਼ਕ ਰਹੇ ਸਨ। ਸਾਰੇ ਹਾਲੀ ਉਹਦੇ ਕੋਲ ਆ ਕੇ ਹਲਾਂ ਨਾਹਨਣ ਲਗ ਪਏ।

"ਅੱਜ ਤੇ ਮੈਂ ਜਾਨਣਾ ਦਿਨ ਨਹੀਂ ਚੜ੍ਹ ਗਿਆ!" ਇਕ ਹਾਲੀ ਨੇ ਫ਼ਿਕਰ ਨਾਲ ਆਖਿਆ।

"ਖ਼ੈਰ ਮਿਹਰ ਏ, ਚੋਖੀ ਸਵੇਰੇ ਮੁੜ ਮੋਟੀ ਵਗਦੀ ਏ, ਅਨ੍ਹੇਰ ਜੁ ਹੋਇਆ।" ਕਾਲਾ ਸਿੰਘ ਨੇ ਹੌਸਲਾ ਦਿਤਾ ਤੇ ਫਿਰ ਤੇਜੂ ਨੂੰ ਆਖਿਆ "ਤੇਜਿਆ ਤੂੰ ਮੋਹਰਲਾ ਕਰ ਲੈ, ਅੱਜ ਚੋਤੀਆਂ ਵੀਹਾਂ ਵਾਲੀ ਜੋਗ ਦੇ ਹਥ ਵੇਖਾਇ ਖਾਂ।"

ਤੇਜੂ ਦੀ ਜੋਗ ਸਾਰੇ ਪਿੰਡ ਵਿਚ ਮਸ਼ਹੂਰ ਸੀ। ਬੰਨੇ ਲਾ ਕੇ ਉਸ ਰਾਹਲ ਮਾਰੀ ਤੇ ਸਾਰੇ ਹਲ ਮਗਰ ਲਗ ਪਏ। ਪਰ ਅਜ ਤੇ ਦਿਲ ਹੀ ਬੁਝਿਆ ਹੋਇਆ ਸੀ। ਪਿਛਲੀ ਜੋਗ ਤੇਜੂ ਦੀਆਂ ਖੁਚਾਂ ਵਢ ਰਹੀ ਸੀ ਤੇ ਤੇਜੂ ਤੋਂ ਆਪਣੇ ਢੱਗੇ ਅਗਾਂਹ ਨਹੀਂ ਸਨ ਹੁੰਦੇ। ਊਠਾਂ ਦੀ ਲੜੀ ਵਾਂਗ ਸਾਰੇ ਹਲ ਇਕ ਦੂਜੇ ਦੇ ਉਤੇ ਚੜ੍ਹੇ ਆਉਂਦੇ ਸਨ। ਖਿਤੀਆਂ ਸਿਰ ਤੋਂ ਢਲ ਗਈਆਂ। ਦਿਨ ਅਸਲੋਂ ਚੜ੍ਹਨ ਹੀ ਵਾਲਾ

ਸੀ ਤੇ ਭੋਇੰ ਦਾ ਮਸਾਂ ਅੱਜ ਇਕੋ ਕਿਲਾ ਵਗਿਆ ਸੀ। ਤਿੰਨਾਂ ਕਿੱਲਿਆਂ ਨੂੰ ਦੋਹਰ ਲਾ ਕੇ ਸੁਹਾਗਣਾ ਕੋਈ ਮਖੌਲ ਥੋੜ੍ਹਾ ਹੁੰਦਾ ਏ।

"ਜਰੀ ਲਲਕਾਰੀ ਚਲ ਭੇੜਿਆ, ਕੰਮ ਢੇਰ ਸਾਰਾ ਏ।" ਕਾਲਾ ਸਿੰਘ ਨੇ ਕੁਝ ਰੋਹਬ ਨਾਲ ਆਖਿਆ। ਪਰ ਤੇਜੂ ਦੇ ਸੰਘੋਂ ਤੇ ਆਵਾਜ਼ ਨਿਕਲਣੀ ਔਖੀ ਹੋਈ ਹੋਈ ਸੀ, ਵੱਗਿਆਂ ਨੂੰ ਓਸ ਕੀ ਲਲਕਾਰਨਾ ਸੀ। ਪਰਾਣੀ ਦੇ ਸਿਰੇ ਤੇ ਲਗੀ ਹੋਈ ਕਿਲ ਦੀ ਆਰ ਨਾਲ ਉਸ ਵੱਗੇ ਦੇ ਚੱਡਿਆਂ ਵਿਚ ਹੁਝ ਮਾਰੀ। ਵੱਗਾ ਇਸ ਵਿਨ੍ਹਵੀਂ ਪੀੜ ਨਾਲ ਕੱਠਾ ਹੋ ਗਿਆ ਤੇ ਨਾਲ ਹੀ ਇਕ ਛੜ ਮਾਰੀ। ਛੜ ਹੱਲ ਦੇ ਸੱਨ੍ਹੇ ਨਾਲ ਲਗੀ। ਪੀੜ ਨਾਲ ਵੱਗੇ ਨੇ ਖੁਰ ਖਿਚ ਕੇ ਖੁਚ ਦੇ ਨਾਲ ਲਾ ਲਿਆ ਤੇ ਕਈ ਪੈਰ ਲੜ੍ਹਾਂਦਾ ਹੀ ਟੁਰਿਆ ਗਿਆ।

ਸੂਰਜ ਚੜ੍ਹ ਕੇ ਲੰਬਰਾਂ ਦੀ ਵਡੀ ਟਾਹਲੀ ਦੀ ਟੀਸੀ ਤੀਕਰ ਆ ਗਿਆ ਸੀ,ਪਰ ਕੰਮ ਅਜ ਅਧਾ ਵੀ ਨਹੀਂ ਸੀ ਮੁਕਿਆ। ਹਲ ਤੇ ਸਾਰੇ ਇਕ ਦੂਜੇ ਦੇ ਉਤੇ ਚੜ੍ਹੇ ਆਉਂਦੇ ਸਨ ਪਰ ਮੋਹਰਲਾ ਹਲ ਟੁਰੇ ਤਾਂ ਪੈਂਡਾ ਮੁਕੇ। ਗੱਡੀ ਦੇ ਤੇ ਬੰਬੇ ਨੂੰ ਹੀ ਬਰੇਕਾਂ ਲੱਗੀਆਂ ਹੋਈਆਂ ਸਨ।

"ਇਨ੍ਹਾਂ ਨੂੰ ਦੇ ਓਇ ਚੋਰਾਂ ਦੇ ਕਿਧਰੇ, ਲੌਢੇ ਵੇਲੇ ਕਢਣੇ ਨੇ ਇਹ ਚਾਰ ਪਾੜੇ। ਦੋ ਦੋ ਸਟਾਂ ਮਾਰ ਕੇ ਅਗ੍ਹਾਂ ਕਰ ਨੇ"। ਪਿਛਲੇ ਹਲਾਂ ਵਾਲੇ ਰੌਲਾ ਪਾ ਰਹੇ ਸਨ। ਸੱਟਾਂ ਤੇ ਤੇਜੂ ਨੇ ਪਹਿਲੇ ਹੀ ਬਥੇਰੀਆਂ ਮਾਰੀਆਂ ਸਨ ਪਰ ਵੱਗੇ ਤੇ ਅੱਜ ਹਿਲਦੇ ਹੀ ਨਹੀਂ ਸਨ।

"ਤੂੰ ਫਿਰ ਤੇਜਿਆ ਹਟਾ ਕੇ ਪਿਛੇ ਈ ਲਾ ਲੈ !"। ਕਾਲਾ ਸਿੰਘ ਨੇ ਅਖੀਰ ਮੂੰਹੋਂ ਕਢ ਦਿਤਾ। ਤੇਜੂ ਦੇ ਅਥਰੂ ਆਨਿਆਂ ਤੀਕ ਤੇ ਆਏ ਪਰ ਵਗੇ ਕੋਈ ਨਾ। ਸ਼ਾਇਦ ਝਿਮਣੀਆਂ ਵਿਚ ਪਰਤ ਕੇ ਲਿਸ਼ਕਦੇ ਪਏ ਹੋਣ, ਤੇਜੂ ਨੂੰ ਪਕਾ ਪਤਾ ਨਹੀਂ ਸੀ।। ਹਥ ਦੀ ਗਿੱਚੀ ਨਾਲ ਉਸ ਅਖ ਨੂੰ ਮਲ ਛਡਿਆ। ਆਪਣੀ ਉਮਰ ਵਿਚ ਪਹਿਲੀ

ਵਾਰ ਉਸ ਅਜ ਆਪਣਾ ਹਲ ਪਿਛੇ ਲਾਇਆ ਸੀ। ਅਖੀਰਲੇ ਹਲ ਜੇ ਕੋਈ ਉਸ ਦੇ ਦਿਲ ਵਿਚ ਖਾਹਸ਼ ਸੀ ਤਾਂ ਇਹ ਕਿ ਜੇ ਤੇ ਜ਼ਿਮੀਂ ਦੇ ਕਿਸੇ ਪਾੜ ਵਿਚ ਉਹ ਤੇ ਉਹਦੀ ਜੋਗ ਗ਼ਾਇਬ ਹੋ ਜਾਣ ਤਾਂ ਵਾਹਵਾ ਨਹੀਂ ਤੇ ਪਿੰਡ ਦਾ ਕੋਈ ਬੰਦਾ ਆ ਕੇ ਉਸ ਦੀ ਜੋਗ ਨੂੰ ਪਿਛੇ ਲੱਗਾ ਵੇਖੇ ਨਾ। ਤੇ ਇਹ ਕਾਲਾ ਸਿੰਘ ਜੂ ਰੋਜ਼ ਪਿੰਡੋਂ ਧੰਮੀ ਵੇਲੇ ਹਲ ਜੁਆਣ ਹਵੇਲੀ ਤੇ ਆਉਂਦਾ ਸੀ, ਜੇ ਕੋਈ ਮੰਡਾਸੇ ਵਾਲਾ ਕਿਸੇ ਮਲ੍ਹੇ ਪਿਛੋਂ ਉਠ ਕੇ ਏਹਨੂੰ ਚਾਰ ਸੋਟੇ ਲਾ ਕੇ ਤਿਤਰ ਹੋ ਜਾਏ ਤਾਂ ਏਹਨੂੰ ਕੋਈ ਸੁਫਨਾ ਆਉਣਾ ਏ ਪਈ ਕੇਹੜਾ ਸੀ ਤੇ ਉਹ ਭਾਈਆਂ ਦਾ ਦੂਲੀ ਜਿਸ ਗੱਡੀ ਦੀ ਲੇਣ ਤੇ ਜਾ ਕੇ ਅਖੀਂ ਅੱਗੇ ਹੱਥ ਧਰ ਕੇ ਸਿਰ ਰੱਡੀ ਦੇ ਹੇਠ ਕਰ ਦਿਤਾ ਸੀ ਤੇ ਖੋਪਰੀ ਨਾਲੋਂ ਵੱਖਰੀ ਹੋ ਗਈ ਸੀ ਤੇ ਸੰਦੋਖੀ ਜਿਸ ਆਪਣੀ ਤਾਈ ਕੋਲੋਂ ਪਾਣੀ ਦਾ ਛੰਨਾ ਮੰਗਾ ਕੇ ਅਫ਼ੀਮ ਦਾ ਗੋਲਾ ਮੂੰਹ ਵਿਚ ਪਾਉਂਦੇ ਹੋਏ ਆਖਿਆ ਸੀ "ਲਾਇ ਚਾਚੀ ਅਸੀਂ ਚਲਦੇ ਭਲੇ ਤੇ ਤੁਸੀਂ ਵਸਦੇ ਭਲੇ।" ਤੇ ਭਾਵੇਂ ਬੇਲੀ ਹਕੀਮ ਨੇ ਲੱਖ ਉਲਟੀਆਂ ਕਰਾਈਆਂ ਸਨ, ਉਹ ਮਰ ਹੀ ਗਿਆ ਸੀ।

ਅੱਗੜ ਪਿਛੜ ਦੋ ਮਿੰਟਾਂ ਵਿਚ ਸਾਰੇ ਹਾਲੀਆਂ ਦਾ ਛਾਹ ਵੇਲਾ ਆ ਗਿਆ। ਤ੍ਰੇਹ ਨਾਲ ਭਾਵੇਂ ਜਟ ਮਰਦਾ ਪਿਆ ਹੋਵੇ ਰੋਟੀ ਆਈ ਤੇ ਇਕ ਦੋ ਫੇਰੇ ਹਲ ਦੇ ਜ਼ਰੂਰ ਲਿਆਉਂਦਾ ਏ। ਝਟ ਪਟ ਹਲ ਖਲ੍ਹਾਰਣ ਨੂੰ ਉਹ ਲਝੇਪੁਣਾ ਤੇ ਇਕ ਕਮਜ਼ੋਰੀ ਸਮਝਦਾ ਏ ਤੇ ਇਸ ਤਰ੍ਹਾਂ ਵਹੁਟੀ ਤੇ ਉਸ ਦਾ ਰੁਹਬ ਘਟ ਜਾਣ ਦਾ ਡਰ ਹੁੰਦਾ ਏ। ਰੋਟੀਆਂ ਲਿਆਉਣ ਵਾਲੀਆਂ ਪੈਲੀ ਦੇ ਨੇੜੇ ਦੇ ਰੁੱਖਾਂ ਹੇਠਾਂ ਬਹਿ ਕੇ ਹਰੀਆਂ ਹਰੀਆਂ ਫ਼ਸਲਾਂ ਵੱਲ ਝਾਕਣ ਲੱਗ ਪਈਆਂ ਤੇ ਹਾਲੀ ਸੁਭ ਵਕ ਕੁਝ ਚਿਰ ਆਪਣੇ ਸਿੱੜ ਦਾ ਸਬੂਤ ਦੇਂਦੇ ਰਹੇ। ਤੇਜੂ ਦੀ ਭੈਣ ਕਾਰੋ ਵੀ ਕੋਲ ਹੀ ਇਕ ਕਿੱਕਰ ਹੇਠ ਦਲੀਪੂ ਦੀ ਵਹੁਟੀ ਕਰਤਾਰੀ ਨਾਲ ਬੈਠੀ ਸੀ।

ਹਲ ਖਲ੍ਹਾਰ ਕੇ ਤੇਜੂ ਓਧਰ ਨੂੰ ਟੁਰ ਪਿਆ। 'ਮਹਿੰਦਰਾ ਔਹ ਵੇਖ ਚਾਚਾ ਆਇਆ।" ਕਰਤਾਰੀ ਨੇ ਆਪਣੇ ਦੁਧ ਚੁੰਘਦੇ ਮੁੰਡੇ ਰਾਹੀਂ ਤੇਜੂ ਨੂੰ ਦੂਰੋਂ ਹੀ ਜੀ ਆਇਆਂ ਆਖਿਆ। ਤਣੀਆਂ ਹੋਈਆਂ ਨਾੜਾਂ ਕੁਝ ਢਿਲੀਆਂ ਹੋਈਆਂ ਤੇ ਅੱਖੀਂ ਦੇ ਟੋਇਆਂ ਵਿਚ ਆਨੇ ਮੋਖੇ ਫਿਰਨ ਲਗੇ। ਦੁਨੀਆਂ ਵਿਚ ਕੁਝ ਅਜੇਹੇ ਵੀ ਵਸਦੇ ਸਨ ਜਿਹੜੇ ਉਸ ਨੂੰ ਵੇਖ ਕੇ ਖੁਸ਼ ਹੁੰਦੇ। "ਉਠ ਕੇ ਗੁਠਾਂ ਗੇੜ ਓਇ ਕਹੀ ਲੈ ਕੇ, ਕੁਛੜ ਈ ਚੜ੍ਹਿਆ ਰਹਿਨਾ ਏਂ ਹਰ ਵੇਲੇ!" ਤੇਜੂ ਨੇ ਮਹਿੰਦਰ ਨਾਲ ਗਲ ਕਰਕੇ ਕਰਤਾਰੀ ਦੀ ਜੀ ਆਇਆਂ ਦਾ ਜਵਾਬ ਦਿਤਾ। "ਆਖ ਚਾਚਾ ਵੱਡਾ ਹੋਵਾਂਗਾ ਤੇ ਗੋਡਾਂ ਈ ਕਰਾਂਗਾ ਨਾਂ।" ਤੇਜੂ ਨੇ ਹੇਠਾਂ ਉਤ੍ਰ ਕੇ ਇਸ ਮਸੂਮ ਜਹੇ ਤ੍ਰਾਕ ਦੇ ਮਹਿਕਮੇ ਨੂੰ ਕੁਛੜ ਚੁਕ ਲਿਆ ਤੇ ਕਰਤਾਰੀ ਨੇ ਛੇਤੀ ਛੇਤੀ ਆਪਣੇ ਦੁਪਟੇ ਨਾਲ ਉਸ ਦਾ ਨੱਕ ਪੂੰਝ ਦਿਤਾ। ਤੇਜੂ ਜ਼ਨਾਨੀ ਨੂੰ ਖੁਸ਼ ਕਰਨ ਦੇ ਮੁਢਲੇ ਅਸੂਲਾਂ ਤੋਂ ਅਨਜਾਣ ਨਹੀਂ ਸੀ। ਰੋਟੀ ਖਾਂਦਿਆਂ ਉਸ ਆਖਿਆ "ਭਾਬੀ ਲੱਸੀ ਦੀ ਬਾਟੀ ਨਹੀਓਂ ਇਕ ਵਾਧੂ ਅਜ, ਤੇਰੀ ਲੱਸੀ ਬੜੀ ਮਿਠੀ ਹੁੰਦੀ ਏ, ਸਾਡੀ ਤੇ ਬੜੀ ਖੱਟੀ ਏ ਅੱਜ।" "ਲਾਇ ਖਾਂ, ਤੈਨੂੰ ਅਸਾਂ ਵਧੀ ਦੇਣੀ, ਜਿੰਨੀ ਮਰਜ਼ੀ ਆ ਪੀ।" ਤੇ ਲੱਸੀ ਦੀ ਇਕ ਬਾਟੀ ਭਰ ਕੇ ਕਰਤਾਰੀ ਤੇਜੂ ਦੇ ਹਥ ਵਿਚ ਫੜੀ ਬਾਟੀ ਵਿਚ ਪਲਟਣ ਲਗੀ। ਕਰਤਾਰੀ ਦੀ ਬਾਟੀ ਵਿਚੋਂ ਲੱਸੀ ਮੁਕਣ ਲਗਿਆਂ ਉਸਦਾ ਅੰਗੂਠਾ ਤੇਜੂ ਦੇ ਬਾਟੀ ਦੇ ਕੰਢੇ ਤੇ ਧਰੇ ਅੰਗੂਠੇ ਨੂੰ ਜ਼ੋਰ ਨਾਲ ਦਬ ਗਿਆ। ਤੇਜੂ ਨੇ ਸਾਰੀ ਉਮਰ ਵਿਚ ਪਹਿਲੀ ਵਾਰ ਹਥ ਵਿਚ ਬਾਟੀ ਫੜ ਕੇ ਲੱਸੀ ਨਹੀਂ ਸੀ ਪੁਆਈ। ਉਹ ਜਾਣਦਾ ਸੀ ਕਿ ਅੰਗੂਠਾ ਦਬਣ ਤੋਂ ਬਗੈਰ ਵੀ ਲੱਸੀ ਪਲਟੀ ਜਾ ਸਕਦੀ ਏ। ਉਸ ਕਰਤਾਰੀ ਦੇ ਮੂੰਹ ਵਲ ਤਕਿਆ, ਉਹ ਡਾਢੀ ਖੁਸ਼ ਨਜ਼ਰ ਆਉਂਦੀ ਸੀ। ਅਗੇ ਵੀ

ਇਕ ਵੇਰਾਂ ਏਸੇ ਮਹਿੰਦਰ ਦੀ ਲੋਹੀ ਨੂੰ ਉਹ ਰਾਤੀਂ ਦਲੀਪੂ ਦੇ ਘਰ ਬੈਠੇ ਸ਼ਰਾਬ ਪੀਂਦੇ ਪਏ ਸਨ । ਦਲੀਪੂ ਨੇ ਕਰਤਾਰੀ ਤੋਂ ਅਚਾਰ ਮੰਗਾਇਆ। ਅਚਾਰ ਦੇ ਕੇ ਕਰਤਾਰੀ ਤੇਲ ਤੇ ਮਸਾਲੇ ਵਾਲਾ ਹਥ ਨਜ਼ਰ ਬਚਾ ਕੇ ਤੇਜੂ ਦੀ ਧੌਣ ਤੇ ਮਲ ਗਈ ਸੀ। ਉਦੋਂ ਤੇ ਤੇਜੂ ਸ਼ਰਾਬੀ ਸੀ ਪਰ ਹੁਣ ਉਹ ਕਾਣੀ ਅੱਖੀਂ ਕਰਤਾਰੀ ਦੇ ਮੂੰਹ ਵਲ ਵੇਖਦਾ ਰਿਹਾ। ਕਰਤਾਰੀ ਨੇ ਆਪਣਾ ਹਥ ਖਬੀ ਗਲ੍ਹ ਤੇ ਰਖਿਆ ਤੇ ਉਂਗਲੀਆਂ ਅੱਖ ਉਤੇ ਖਲਾਰ ਦਿਤੀਆਂ। ਮੌਕਾ ਤਾੜ ਕੇ ਉਸ ਦੋ ਉਂਗਲੀਆਂ ਵਿਚਕਾਰ ਦੀ ਵਿਰਲ ਵਧਾਈ ਤੇ ਇਸ ਵਿਰਲ ਵਿਚੋਂ ਅੱਖ ਤੇਜੂ ਵਲ ਕਰਕੇ ਘੁਟ ਕੇ ਮੀਟ ਲਈ। ਸ਼ੱਕ ਨੂੰ ਹੂੰਝ ਕੇ ਬਾਹਰ ਸੁਟ ਦਿਤਾ ਗਿਆ ਸੀ। ਮੁਢਲੀ ਠਠੰਬਰ ਪਿਛੋਂ ਜੱਸੇ ਵਿਚ ਬਸ ਖੇੜਾ ਹੀ ਖੇੜਾ ਸੀ। ਮਕਈ ਦੇ ਫੁਲ ਵਾਂਗ ਸਰੀਰ ਖਿੜ ਕੇ ਵਡਾ ਵਡਾ ਹੋ ਰਿਹਾ ਸੀ। ਤਲੀ ਤੇ ਪਈ ਲੱਸੀ ਦੀ ਬਾਟੀ ਹੋਲੀ ਹੋ ਗਈ ਸੀ। ਅੱਖਾਂ ਨੇ ਹਰ ਮਾੜੀ ਚੰਗੀ ਸ਼ੈ ਨੂੰ ਵੇਖ ਕੇ ਪਰਖਣਾ ਛਡ ਦਿਤਾ ਸੀ। ਜਿਸ ਸ਼ੈ ਨੂੰ ਉਹ ਵੇਖਦੀਆਂ ਸਨ ਉਸ ਤੇ ਆਪਣੀ ਹੀ ਰੰਗਤ ਚਾੜ੍ਹ ਰਹੀਆਂ ਸਨ। ਇਹ ਕੁੜੀ ਕਾਰੋ ਵਿਚਾਰੀ ਕਿੱਡੀ ਦੁਖੀ ਸੀ। ਰੋਜ਼ ਨੰਗੀ ਪੈਰੀਂ ਉਸ ਦੀ ਰੋਟੀ ਲੈ ਕੇ ਆਉਂਦੀ ਸੀ। "ਅਜ ਤੇਰੀ ਜੁਤੀ ਦਾ ਮੇਚਾ ਦਿਆਂਗੇ ਮੋਚੀ ਨੂੰ, ਮੱਲੋ ਨੰਗੀ ਪੈਰੀਂ ਬੁਰਿਆਂ ਲਗੀਦਾ ਏ।" ਉਸ ਕਾਰੋ ਨੂੰ ਆਖਿਆ।

"ਤੇਰੇ ਡੰਗਰਾਂ ਨੂੰ ਕੀ ਕਸਰ ਏ ਅਜ ?"

ਦਲੀਪੂ ਨੇ ਗਲ ਛੇੜੀ। "ਕਸਰ ਤੇ ਕੋਈ ਨਹੀਂ ਨੇ, ਸਵਰੇ ਸਵੇਰੇ ਦੋ ਸੋਟ ਮਾਰ ਬੈਠਾਂ ਤੇ ਦਲਿਦਦੇ ਗਏ ਨੇ, ਆ ਵੇਖਾਂ ਹੁਣੇ ਉਠਕੇ ਬਾਬੇ ਕਾਲਾ ਸਿੰਘ ਦਾ ਉਲਾਮਾਂ ਲਾਹ ਦੇਨੇ ਆਂ'। ਤੇ ਤੇਜੂ ਉਠਕੇ ਇਸ ਤਰ੍ਹਾਂ ਢੱਗਿਆਂ ਵਲ ਆਇਆ ਜਿਵੇਂ ਕੋਈ ਜੇਤੂ ਪਹਿਲਵਾਨ ਅਖਾੜੇ ਵਿਚ ਫਿਰਦਾ ਏ। ਚੌੜੀ ਛਾਤੀ ਹੋਰ ਵੀ ਚੌੜੀ

ਜਾਪਦੀ ਸੀ ਤੇ ਮੂੰਹ ਹੋਰ ਵੀ ਮੋਟਾ। ਇਕ ਦੁਨੀਆਂ ਇਹ ਗੱਲ ਵੇਖਣ ਵਾਸਤੇ ਬੈਠੀ ਜਾਪਦੀ ਸੀ ਕਿ ਤੇਜੂ ਪੈਰ ਕਿਸ ਤਰ੍ਹਾਂ ਪੁਟਦਾ ਤੇ ਕਿਸ ਤਰ੍ਹਾਂ ਧਰਦਾ ਏ। ਪਰੌਂਠੇ ਦੇ ਵਧੇ ਹੋਏ ਕੰਢੇ ਓਸ ਢੱਗਿਆਂ ਨੂੰ ਚਾਰੇ ਤੇ ਉਨ੍ਹਾਂ ਦੇ ਬੂਥੇ ਹੁਕ ਕੇ ਓਸ ਬੁਲ੍ਹਾਂ ਨਾਲ ਲਾਏ। ਸੋਟੀਆਂ ਵਜਣ ਨਾਲ ਖੜੇ ਹੋਏ ਰੋਮਾਂ ਤੇ ਓਸ ਹੱਥ ਫੇਰਿਆ, ਫਿਰ ਢਗਿਆਂ ਨੂੰ ਥਾਪੜਾ ਦੇਕੇ ਜੋਗ ਅਗੇ ਲਾ ਲਈ। ਦਾਬਿਆਂ ਤੇ ਗਾਲ੍ਹਾਂ ਨਾਲ, ਹਾਸੇ ਨਾਲ ਤੇ ਗੌਣਾਂ ਨਾਲ ਤੇਜੂ ਦਾ ਢਿਡ ਭਰਿਆ ਹੋਇਆ ਸੀ ਤੇ ਇਨ੍ਹਾਂ ਸਾਰਿਆਂ ਦਾ ਉਹ ਅਤੁੱਟ ਭੰਡਾਰ ਵਰਤਾ ਰਿਹਾ ਸੀ। ਢੱਗੇ ਇਹ ਜਾਣਕੇ ਖੁਸ਼ ਸਨ ਕਿ ਪਰਾਣਾ ਸਾਈਂ ਜਾਗ ਪਿਆ ਹੈ। ਜੇ ਉਹ ਹੇਠਲੇ ਢੱਗੇ ਨੂੰ ਛੇੜਦਾ ਤਾਂ ਉਤਲਾ ਪਿਛੇ ਰਹਿ ਜਾਣ ਤੋਂ ਡਰਦਾ ਆਪੇ ਹੀ ਦੌੜਨ ਲਗ ਪੈਂਦਾ। ਤੇਜੂ ਦਾ ਸਰੀਰ ਹਵਾ ਵਿਚ ਉਡ ਰਿਹਾ ਸੀ ਤੇ ਢਗਿਆਂ ਨੂੰ ਹਲ ਪੰਜਾਲੀ ਸਮੇਤ ਆਪਣੇ ਨਾਲ ਹੀ ਉਡਾ ਰਿਹਾ ਸੀ। ਛਣ ਛਣ ਛਣ ਤੇ ਤੇਜੂ ਦਾ ਹਲ ਪਿਛਲੇ ਹਲ ਨਾਲੋਂ ਪੰਝੀ ਕਰੂ ਅਗੇ ਜਾ ਚੁਕਿਆ ਸੀ। "ਨਾ ਭਾਈ ਤੇਜਿਆ ਸਵਾਰੇ ੨ ਟੁਰਨ ਦੇ।" ਕਾਲਾ ਸਿੰਘ ਨੇ ਆਵਾਜ਼ ਦਿਤੀ। ਸਰੀਰਕ ਚਾਲ ਹੌਲੀ ਹੋਣ ਕਰਕੇ ਖਿਆਲਾਂ ਦੀ ਦੌੜ ਤੇਜ਼ ਹੋ ਗਈ। ਕਰਤਾਰੀ ਹੁਣ ਉਸ ਦੇ ਪਿੰਡ ਆਉਣ ਜਾਣ ਦੇ ਰਾਹ ਨੱਪੀ ਬੈਠੀ ਰਹਿੰਦੀ ਸੀ ਤੇ ਉਸ ਦੀ ਇਕ ਇਕ ਝਾਕੀ ਲਈ ਤਰਸ ਰਹੀ ਹੁੰਦੀ। ਤੇ ਉਹ ਵੀ ਪਿੰਡ ਰੋਖਾ ਜਾਣ ਲਗ ਪਿਆ ਸੀ। ਫਾਲਾ ਰੋਜ਼ ਹੀ ਖੁੰਡਾ ਹੋ ਜਾਂਦਾ ਤੇ ਦਾਤ੍ਰੀਆਂ ਦੇ ਦਦੇ ਬੜੀ ਛੇਤੀ ਭੁਰ ਜਾਂਦੇ ਤੇ ਇਕ ਦਿਨ ਉਹ ਤੇ ਕਰਤਾਰੀ ਭੌਂਕਦੇ ਕੁੱਤਿਆਂ ਤੇ ਘੁਰਾੜੇ ਮਾਰਦੇ ਬੰਦਿਆਂ ਕੋਲੋਂ ਚੋਰੀ ਚੋਰੀ ਨਿਕਲ ਗੱਡੀ ਦੀਆਂ ਟਿਕਟਾਂ ਲੈ ਸਿਪਾਹੀਆਂ ਤੋਂ ਬਚਦੇ ਬਚਾਂਦੇ, ਕੁਲੀਆਂ ਤੋਂ ਗੱਡੀਆਂ ਪੁਛਦੇ, ਛਾਬੜੀ ਵਾਲਿਆਂ ਤੋਂ ਚੀਜ਼ਾਂ ਖਾਂਦੇ, ਜ਼ਿਲਾ ਮੀਆਂਵਾਲੀ ਅਪੜ ਚੁਕੇ ਸਨ। ਮੀਆਂਵਾਲੀ ਜਿਥੇ ਚਾਚੇ ਮੁਰਾਦੀ ਖਰਲ ਨੂੰ ਮੁਰੱਬੇ ਮਿਲੇ ਹੋਏ ਸਨ। ਮੁਰਾਦੀ ਖ਼ਰਲ ਤੇ

ਤੇਜੂ ਦੇ ਬਾਪੂ ਦੀ ਆਪੋ ਵਿਚ ਪੱਗ ਵੱਟੀ ਹੋਈ ਸੀ। ਨਹਿਰ ਪੈਣ ਤੋਂ ਪਹਿਲਾਂ ਉਹ ਦੋਵੇਂ ਬਾਰ ਵਿਚ ਕੱਠੇ ਮੱਝੀ ਚਾਰਦੇ ਹੁੰਦੇ ਸਨ ਤੇ ਛੇੜੂਆਂ ਦੀਆਂ ਯਾਰੀਆਂ ਕੋਈ ਕੱਚੀਆਂ ਤੇ ਨਹੀਂ ਨਾ ਹੁੰਦੀਆਂ। ਅਜੇ ਵੀ ਮੁਰਾਦੀ ਦਾ ਸਾਰਾ ਟੱਬਰ ਥਲਾਂ ਦੇ ਥਲ ਰੇਤ ਲੰਘ ਕੇ ਤੇ ਕਈ ਦਰਿਆ ਟੱਪ ਕੇ ਤੇਜੂ ਦੇ ਵਿਆਹ ਢੰਗ ਤੇ ਆਉਂਦੇ ਤੇ ਨਿਓਂਦੇ ਭਾਜੀਆਂ ਪਾਉਂਦੇ। ਜਦੋਂ ਉਨ੍ਹਾਂ ਦੀ ਗਵਾਂਢਣ ਕਰਮ ਬੀਬੀ ਮੁਰਾਦ ਦੀ ਵਹੁਟੀ ਨੂੰ ਪੁਛਦੀ, "ਨੀ ਭੈਣ ਭਾਗਣੇ ਮੁੜ ਸਿਖੜਿਆਂ ਦੇ ਵਿਆਹ ਜਾ ਕੇ ਕੇ ਕਰਸੋ ?" ਤਾਂ ਭਾਗਣ ਆਖਦੀ "ਨਾ ਭੈਣ ਸਾਡੇ ਤਾਂ ਉਹ ਡਾਢੇ ਸਕੇ ਨੀ।"

ਤੇਜੂ ਤੇ ਕਰਤਾਰੀ ਨੂੰ ਆਪਣੇ ਕੋਲ ਆਇਆ ਵੇਖ ਕੇ ਮੁਰਾਦੀ ਖਰਲ ਨੂੰ ਚਾ ਚੜ੍ਹੇ ਹੋਏ ਸਨ, "ਮੁੜ ਬੁਢੜਾ ਖੇਰੀਂ ਮਿਹਰੀਂ ਛੱਡਿਆ ਸਾਈ ਨਾ।"

"ਹਾਓ ਚਾਚਾ।"

"ਤੇ ਮੈਂ ਆਹਨਾਂ ਆਹ ਤੇਰੇ ਨਾਲ ਕੌਣ ਹੋਈ ?"

"ਚਾਚੇ ਏਹਦੀ ਮਾਸੀ ਐਢੇ ਕਦਾਈਏ ਵਿਵਾਹੀ ਹੋਈ ਸੂ, ਓਦੇ ਵੇਝਣਾ ਸੂ।"

"ਹਲਾ ਜੀਓ ਆਇਆਂ ਭਾਗ" ਤੇ ਉਹ ਦੋਵੇਂ ਸਿੰਧ ਦਰਿਆ ਦੇ ਕੰਢੇ ਚੁੰਘਾ ਮਾਰਦੇ ਭੱਜ ਜਾਂਦੇ। ਕੰਢੇ ਦੇ ਨਾਲ ਮੁਰੱਬਿਆਂ ਦੇ ਮੁਰੱਬੇ ਕਾਨੇ ਹੀ ਸਨ ਤ ਉਹ ਤੇ ਕਰਤਾਰੀ ਵਿਚ ਲੁਕਣ-ਮੀਟੀ ਖੇਡਦੇ ਰਹਿੰਦੇ। ਦੂਰੋਂ ਆਉਂਦੀ ਕਿਸੇ ਬੇੜੀ ਨੂੰ ਵੇਖ ਕੇ ਉਹ ਕਪੜਾ ਹਿਲਾ ਕੇ ਆਪਣੇ ਵੱਲ ਸੱਦ ਲੈਂਦੇ ਤੇ ਮੁਰਾਦੀ ਖਰਲ ਦੇ ਸਾਕ ਦੱਸ ਕੇ ਵਿਚ ਹੋ ਬਹਿੰਦੇ। ਮੁਰੱਬਾ ਹੂਟੇ ਲੈ ਕੇ ਉਹ ਫਿਰ ਉਤਰ ਬਹਿੰਦੇ ਤੇ ਗਿੱਲੀ ਰੇਤ ਤੇ ਖੇਡਣ ਲੱਗ ਜਾਂਦੇ।

ਇਨ੍ਹਾਂ ਮਿਠਿਆਂ ਸੁਪਨਿਆਂ ਨਾਲ ਰੱਜ ਕੇ ਤੇਜੂ 'ਛੱਤੀ ਤੋਂ

ਛੱਤੀ ਆ ਟਾਹਲੀ' ਜਾਂ 'ਪਿੰਡਾਂ ਵਿਚੋਂ ਪਿੰਡ ਸੁਨੀਂਦਾ' ਗੌਣ ਲੱਗ ਜਾਂਦਾ। ਪਿਛਲਾ ਹਾਲੀ ਢੱ ਗਿਆਂ ਨੂੰ ਟੁੰਬ ਟੁੰਬ ਕੇ ਨਾਲ ਰਲਾਨ ਦਾ ਯਤਨ ਕਰ ਰਿਹਾ ਸੀ। 'ਓਇ ਇਹ ਨਹੀਂ ਰਲਦੇ ਅੱਜ ਸ਼ੇਰਾਂ ਦੀ ਜੋਗ ਨੂੰ। ਮੱਖਣ ਚਾਰਿਆ ਕਰ ਇਨ੍ਹਾਂ ਨੂੰ ਮੱਖਣ। ਉਸ ਆਖਿਆ ਸੀ–"ਭਰਖਾ ਅਖੇ ਲਿਆ ਦਿਓ ਰਾਂਗਲਾ ਜੋ ਬੀਬੀ ਕੱਤੇ, ਤੇ ਜੂੜਾ ਪਵਾ ਦਿਓ ਦੰਦ ਦਾ ਜੋ ਬੀਬੀ ਕੱਤੇ!" ਆਪਣੇ ਏਸ ਮਖ਼ੌਲ ਤੇ ਖ਼ੁਸ਼ ਹੋ ਕੇ ਤੇਜੂ ਪੰਗਰੂਆਂ ਦੀ ਛਣਕਾਰ ਵਿਚ ਜੋਗ ਨੂੰ ਹਵਾ ਵਿਚ ਤਾਰੀਆਂ ਲਵਾਣ ਲਗਾ। "ਲੈ ਭਈ ਬਾਬਾ ਕਾਲਾ ਸਿਹਾਂ ਹਾਲੀਆਂ ਨੂੰ ਆਖ ਜਿਦ੍ਹੀ ਸਲਾਹ ਈ ਮੇਰੇ ਮਗਰ ਲਾ ਲਏ। ਜਿਹੜਾ ਅੱਜ ਮੈਨੂੰ ਰਲ ਪੈ ਓਹਨੂੰ ਮੈਂ ਆਪਣੀ ਜੋਗ ਦੇ ਛੜਨੀ ਤੇ ਜੇ ਕੋਈ ਵੀ ਨ ਰਲੇ ਤਾਂ ਮੈਂ ਸੱਤੇ ਈ ਹਿਕ ਲਜਾਣੀਆਂ, ਰਾਖਿਆਂ ਨੂੰ ਦੇ ਕੇ ਚਾਰ ਦਿਨ ਸੈਰ ਸਪਾਟਾ ਈ ਕਰਾਂਗੇ।" ਇਹ ਗੱਲ ਕਰ ਕੇ ਉਹ ਕੂਕਾਂ ਮਾਰਨ ਲੱਗ ਪਿਆ।

ਤੇ ਇਕ ਹਾਲੀ ਨੇ ਆਖਿਆ "ਹੱਦ ਹੋ ਗਈ ਏ ਭਈ, ਤੇਜੂ ਤੇ ਮੈਂ ਜਾਨਣਾ ਛਾਹ ਵੇਲਾ ਈ ਨਹੀਂ ਸੀ ਉਡੀਕਦਾ!"

# ਪਰ ਨਾਰੀ

"ਸੁਣਿਆਂ ਈ ਲਾਲਾ ਬੁਲਾਕੀ ਸ਼ਾਹ, ਸ੍ਰਦਾਰ ਜਗਜੀਤ ਸਿੰਘ ਫਿਰ ਕਾਮਯਾਬ ਹੋ ਗਿਆ ਈ।"

"ਆਹੋ ਸਦਾਰ ਜੀ, ਹੱਦ ਹੋ ਗਈ ਏ। ਏਸ ਸ਼ਹਿਰ ਵਿਚ ਕਦੀ ਕੋਈ ਦੂਜੀ ਵੇਰ ਨਹੀਂ ਸੀ ਕਮੇਟੀ ਦਾ ਪ੍ਰਧਾਨ ਚੁਣਿਆਂ ਗਿਆ। ਪਰ ਜੀ, ਜਗਜੀਤ ਸਿੰਘ ਹੁਰੀਂ ਤੇ ਸੰਤ ਆਦਮੀ ਨੇ, ਪਰਮਾਤਮਾ ਆਪ ਨਾਲ ਹੋ ਕੇ ਉਨ੍ਹਾਂ ਦੇ ਸਾਰੇ ਕੰਮ ਸਵਾਰਦਾ ਏ।"

ਸਰਦਾਰ ਜਗਜੀਤ ਸਿੰਘ ਤੀਹ ਬੱਤੀ ਵਰ੍ਹਿਆਂ ਦੀ ਉਮਰ ਦੇ ਇਕ ਉਘੇ ਵਕੀਲ ਸਨ। ਬਚਪਨ ਤੋਂ ਹੀ ਆਪ ਦੀ ਮਜ਼੍ਹਬ ਵਲ ਰੁਚੀ ਸੀ ਤੇ ਏਸ ਕਰਕੇ ਮਜ਼੍ਹਬੀ ਕੰਮਾਂ ਵਿਚ ਆਪ ਵਧ ਚੜ੍ਹ ਕੇ ਹਿਸਾ ਲੈਂਦੇ ਸਨ। ਗੁਰਦਵਾਰਿਆਂ, ਸਕੂਲਾਂ, ਮਜ਼੍ਹਬੀ ਅਖ਼ਬਾਰਾਂ ਤੇ ਲਾਇਬ੍ਰੇਰੀਆਂ ਨੂੰ ਦਾਨ ਦੇਣਾ, ਵਿਦਿਆਰਥੀਆਂ ਨੂੰ ਵਜ਼ੀਫ਼ੇ ਤੇ ਮੇਲੇ ਕਾਨਫਰੰਸਾਂ ਨੂੰ ਖੁਲ੍ਹੇ ਚੰਦੇ ਦੇਣਾ ਆਪ ਦਾ ਰੋਜ਼ ਦਾ ਕੰਮ ਸੀ। ਇਸ ਦੇ ਨਾਲ ਆਪ ਨੂੰ ਕੌਮ ਦੇ ਇਖ਼ਲਾਕ ਦਾ ਵੀ ਚੋਖਾ ਖ਼ਿਆਲ ਸੀ। ਬਾਦਸ਼ਾਹ ਜਾਰਜ ਪੰਚਮ ਦੀ ਸਿਲਵਰ ਜੁਬਲੀ ਤੇ ਰਾਤ ਦੇ ਪਰੋਗਰਾਮ ਵਿਚ ਡਿਪਟੀ ਕਮਿਸ਼ਨਰ ਨੇ ਲੜਕੀਆਂ ਦਾ ਪਰੋਗਰਾਮ ਵੀ ਰਖਿਆ। ਸ. ਜਗਜੀਤ ਸਿੰਘ ਇਸ ਕੰਮ ਦੇ ਉੱਕਾ ਹੀ ਵਿਰੁਧ ਸਨ। ਡਟ ਕੇ ਖਲੋ ਗਏ ਤੇ ਡਿਪਟੀ ਕਮਿਸ਼ਨਰ ਨੂੰ ਕਿਹਾ ਕਿ ਜੇ ਨਾਚ ਗਾਣਾ ਹੋਇਆ ਤਾਂ ਜ਼ਿਲੇ

ਦੇ ਸਿਖ ਸਮੂਚੇ ਤੌਰ ਤੇ ਇਸ ਨਾਲ ਨਾ-ਮਿਲਵਰਤਣ ਕਰਨਗੇ। ਡਿਪਟੀ ਕਮਿਸ਼ਨਰ ਨੇ ਹਾਰ ਮੰਨੀ ਤੇ ਲੜਕੀਆਂ ਦਾ ਨਾਚ ਨਾ ਹੋ ਸਕਿਆ।

ਅਜ ਜਗਜੀਤ ਸਿੰਘ ਨੂੰ ਬਹੁਤ ਵਧਾਈਆਂ ਮਿਲ ਰਹੀਆਂ ਸਨ ਪਰ ਇਹ ਸਾਰੀਆਂ ਫੋਕੀਆਂ ਹੀ ਜਾਪਦੀਆਂ ਸਨ। ਕਚਹਿਰੀ ਦੇ ਕੰਮ ਤੋਂ ਵੇਹਲੇ ਹੋ ਓਹ ਆਪਣ ਗੁਆਂਢੀ ਵਕੀਲ ਲਾਲ ਸਿੰਘ ਦੇ ਘਰ ਗਏ। ਲਾਲ ਸਿੰਘ ਆਪ ਤੇ ਘਰ ਨਹੀਂ ਸੀ ਪਰ ਉਸ ਦੀ ਪਤਨੀ ਦਲੀਪ ਘਰੇ ਹੀ ਸੀ ਤੇ ਸ਼ਾਇਦ ਇਸੇ ਨੂੰ ਮਿਲਣ ਜਗਜੀਤ ਸਿੰਘ ਆਇਆ ਸੀ।

ਦਲੀਪ ਇਕ ਪੜ੍ਹੀ ਲਿਖੀ ਕੁੜੀ ਲਾਲ ਸਿੰਘ ਦੀ ਪਹਿਲੀ ਪਤਨੀ ਸਵਰਗਵਾਸ ਹੋਣ ਤੇ ਉਸ ਦੀ ਪਤਨੀ ਬਣੀ ਸੀ ਤੇ ਹੁਣ ਤਿੰਨਾਂ ਬਚਿਆਂ ਦੀ ਮਾਂ ਸੀ। "ਆਓ ਜੀ ਵਧਾਇਓਂ ਅਜ ਤੇ,ਤੁਸੀਂ ਤੇ ਕਹਿੰਦੇ ਸੀ ਕੋਈ ਖਾਸ ਉਮੈਦ ਨਹੀਂ ਐਤਕੀਂ ?" ਦਲੀਪ ਨੇ ਜਗਜੀਤ ਨੂੰ ਜੀ ਆਇਆਂ ਕਹਿੰਦੇ ਹੋਏ ਆਖਿਆ।

"ਕੁਝ ਤੁਹਾਡੀ ਹੀ ਮੇਹਰਬਾਨੀ ਹੋਈ ਜਾਪਦੀ ਏ, ਉਮੈਦ ਤੇ ਘਟ ਹੀ ਸੀ। ਵੇਲੇ ਦੇ ਵੇਲੇ ਦੋ ਹਿੰਦੂ ਮੈਂਬਰ ਸਿੱਧੇ ਹੋ ਗਏ।"

"ਮੈਨੂੰ ਤਾਂ ਪਕਾ ਯਕੀਨ ਸੀ। ਕੱਲ ਲੇਡੀਜ਼ ਕਲਬ ਵਿਚ ਗਲ ਛਿੜੀ। ਮੈਂ ਕਿਹਾ ਜਗਜੀਤ ਸਿੰਘ ਹੋ ਜਾਣਗੇ; ਕੰਵਲ ਕਹਿਣ ਲਗੀ ਨਹੀਂ ਤੂੰ ਵਿਸ਼ਫੁਲ ਥਿੰਕਿੰਗ ਕਰ ਰਹੀ ਹੈਂ। ਖੰਡ ਦੀ ਬੋਰੀ ਤੇ ਇਕ ਲੈ ਕੇ ਦਿਓਗੇ ਨ ਹੁਣ ?"

"ਬਹੁਤੀ ਖੰਡ ਨਹੀਂ ਖਾਈਦੀ, ਸੰਵੀਏ ਤਾਂ ਕੀੜੀਆਂ ਚੜ੍ਹ ਜਾਂਦੀਆਂ ਨੇ।"

"ਤਾਂ ਕੀ ਏ ਮੈਂ ਆਪੇ ਉਠ ਕੇ ਝਾੜ ਲਿਆ ਕਰਾਂਗੀ।"

"ਤੁਹਾਨੂੰ ਕਿਹਾ ਸੀ ਇਸ ਛੋਟੇ ਕਮਰੇ ਵਿਚੋਂ ਟਰੰਕ ਵਗੈਰਾ

ਕਢ ਦਿਓ ਤੇ ਇਥੇ ਦਰਬਾਰ ਸਾਹਿਬ ਦਾ ਪਰਕਾਸ਼ ਕਰਾਓ।"

"ਸਰਦੀਆਂ ਵਿਚ ਕਰਾਂਗੇ, ਗਰਮੀਆਂ ਵਿਚ ਤਾਂ ਟਰੰਕ ਏਥੋਂ ਬਾਹਰ ਕਢੇ ਤਾਂ ਸਾਨੂੰ ਕੋਈ ਲੁਟ ਕੇ ਈ ਲੈ ਜਾਏਗਾ।"

"ਗਰਮੀਆਂ ਆਉਂਦੀਆਂ ਨੇ ਤਾਂ ਸਰਦੀਆਂ, ਜੇ ਸਰਦੀਆਂ ਆਉਂਦੀਆਂ ਨੇ ਤਾਂ ਗਰਮੀਆਂ ਵਿਚ, ਆਲਸ ਤੁਹਾਡੇ ਹਡ ਹਡ ਵਿਚ ਰਚਿਆ ਹੋਇਆ ਏ। ਜੱਸ ਦੇ ਬੁਖ਼ਾਰ ਦਾ ਕੀ ਹਾਲ ਜੇ ਹੁਣ?"

ਹੁਣ ਤੇ ਕੁਝ ਲਥਾ ਹੋਇਆ ਸੂ, ਰਾਤੀਂ ਦੋ ਕੁ ਵਜੇ ਮੈਂ ਥਰਮਾਮੀਟਰ ਲਾਇਆ ਤਾਂ ੧੦੬। ਸਰਦਾਰ ਜੀ ਵੀ ਘਰ ਨਹੀਂ ਸਨ, ਮੈਂ ਬੜੀ ਘਬਰਾਈ, ਆਖਾਂ ਡਾਕਟਰ ਨੂੰ ਕੌਣ ਸਦਣ ਜਾਏ। ਨਾਲੇ ਉਸ ਦੇ ਸਿਰ ਤੇ ਬਰਫ਼ ਰੱਖਾਂ ਤੇ ਨਾਲੇ ਰੋਵਾਂ।"

"ਬੜੀ ਤਕਲੀਫ਼ ਹੋਈ ਤੁਹਾਨੂੰ, ਤੁਸੀਂ ਮੈਨੂੰ ਕਿਉਂ ਨਾ ਆਵਾਜ਼ ਦਿਤੀ?"

"ਖ਼ਿਆਲ ਤੇ ਮੈਨੂੰ ਆਇਆ ਸੀ ਪਰ ਫਿਰ ਮੈਂ ਕਿਹਾ ਲੋਕੀਂ ਆਖਣਗੇ ਏਹਨੂੰ ਕੀ ਕਮਲ ਪੈ ਗਿਆ ਏ ਅਧੀ ਰਾਤੀ।"

"ਲੋਕਾਂ ਤੋਂ ਬੜੇ ਡਰਦੇ ਓ ਤੁਸੀਂ, ਚੰਗਾ ਮੈਂ ਹੁਣ ਚਲਨਾ ਵਾਂ।"

"ਚਲੋ ਤ੍ਰਿੰਨ ਸਾਲ ਤੇ ਮੌਜਾਂ ਕਰੋ ਖਾਂ ਹੁਣ ਫੇਰ ਵੇਖੀ ਜਾਏਗੀ।"

"ਮੌਜਾਂ ਤੇ ਓਹਨੂੰ ਹੋਣ ਜਿਸ ਨੇ ਵਿਚੋਂ ਕੁਝ ਕਢਣਾ ਹੋਵੇ। ਆਪਾਂ ਵਾਸਤੇ ਤਾਂ ਐਵੇਂ ਗਲ ਗਲਾਵਾਂ ਈ ਏ।" ਇਹ ਆਖਕੇ ਜਗਜੀਤ ਸਿੰਘ ਬਾਹਰ ਚਲਾ ਆਇਆ। ਸੱਖਣੀ ਛਾਤੀ ਭਰੀ ਭਰੀ ਜਾਪਦੀ ਸੀ ਤੇ ਪਤਲਾ ਸਰੀਰ ਸਡੌਲ। ਮਿਉਨਸੀਪਲ ਕਮੇਟੀ ਦੀ ਪਰਧਾਨਗੀ ਜਿੱਤਣਾ ਬੜਾ ਚੰਗਾ ਕੰਮ ਸੀ, ਜੀਵਨ ਜੀਊਣ ਵਾਸਤੇ ਹੀ ਤਾਂ ਸੀ।

ਜਗਜੀਤ ਸਿੰਘ ਦਾ ਆਪਣੇ ਘਰ ਦਿਲ ਲਾਣ ਵਾਲੀ ਕੋਈ ਖ਼ਾਸ ਗੱਲ ਨਹੀਂ ਸੀ। ਉਸਦੀ ਛੋਟੀ ਉਮਰ ਵਿਚ ਵਿਆਹੀ ਪਤਨੀ ਕੁਝ ਸਖ਼ਤ ਸੁਭਾ ਦੀ ਤੇ ਜ਼ਿੱਦੀ ਸੀ। ਜਗਜੀਤ ਸਿੰਘ ਦੇ ਯਾ ਆਪਣੇ ਘਰ ਦੇ ਕਿਸੇ ਕੰਮ ਵਿਚ ਦਿਲਚਸਪੀ ਨਾ ਲੈਣੀ ਉਸ ਦਾ ਖਾਸਾ ਸੀ। ਕੀਮਤੀ ਗ਼ਲੀਚਿਆਂ ਤੇ ਅੰਞਾਣਿਆਂ ਦਾ ਟੱਟੀ ਫਿਰ ਦੇਣਾ, ਬਰਾਂਡਿਆਂ ਵਿਚ ਅੰਬਾਂ ਤੇ ਖ਼ਰਬੂਜ਼ਿਆਂ ਜਾਂ ਸੰਤਰਿਆਂ ਮਾਲਟਿਆਂ ਦੀਆਂ ਸਜਰੀਆਂ ਛਿੱਲੜਾਂ ਖਿਲਰੀਆਂ ਹੋਣੀਆਂ, ਨੌਕਰਾਂ ਤੇ ਆਂਢੀਆਂ ਗਵਾਂਢੀਆਂ ਨਾਲ ਨਿਤ ਦੇ ਝਗੜੇ, ਅੰਞਾਣਿਆਂ ਦਾ ਨ੍ਹਾਉਣਾ, ਨਕਟਾਈਆਂ, ਕੀਮਤੀ ਕਾਗਜ਼ਾਂ ਜਾਂ ਰੇਡੀਓ ਨਾਲ ਖੇਡਦੇ ਰਹਿਣਾ ਕੋਈ ਦਿਲ ਲਾਣ ਵਾਲੀਆਂ ਗੱਲਾਂ ਸਨ ! ਆਪਣੇ ਘਰ ਵਿਚ ਵੀ ਉਹ ਦਲੀਪ ਦੇ ਘਰ ਹੀ ਫਿਰਦਾ ਰਹਿਦਾ, ਜਿੰਨਾ ਚਿਰ ਦਲੀਪ ਦੇ ਘਰੋਂ ਕੁਝ ਰਿੱਧਾ ਪੱਕਾ ਨਾ ਮੰਗਾ ਲਿਆ ਜਾਏ ਉਸ ਨੂੰ ਰੋਟੀ ਖਾਣ ਦਾ ਜ਼ਰਾ ਸਵਾਦ ਨਾ ਆਉਂਦਾ। ਚੋਖੇ ਪਰਾਹੁਣੇ ਆਉਣ ਤੇ ਝਟ ਪਲੇਟਾਂ ਜਾਂ ਟੀ ਸੈੱਟ ਉਧਰੋਂ ਆ ਜਾਂਦੇ। ਜੇ ਕਦੀ ਸਾਫ਼ ਤੌਲੀਆ ਘਰੋਂ ਨਾ ਨਿਕਲਦਾ ਤਾਂ ਸਰਦਾਰ ਜੀ ਦੇ ਇਸ਼ਾਰਾ ਦਿੰਦਿਆਂ ਹੀ ਨੌਕਰ ਦਲੀਪ ਵਲ ਤੌਲੀਆ ਲੈਣ ਦੌੜ ਜਾਂਦਾ। ਇਹ ਛੋਟੀਆਂ ਛੋਟੀਆਂ ਪਰੀਖਿਆਵਾਂ ਤੇ ਸ਼ੁਭ ਇੱਛਾਵਾਂ ਭੇਜਣ ਤੇ ਮੰਗਾਉਣ ਦੇ ਤਰੀਕੇ ਜਗਜੀਤ ਸਿੰਘ ਨੂੰ ਬੜੇ ਚੰਗੇ ਲੱਗਦੇ ਸਨ। 'ਖੋਏ ਕੀ ਬਰਫ਼ ਖੋਏ ਕੀ ਬਰਫ਼' ਦਲੀਪ ਦਾ ਇਕ ਸ਼ੈਤਾਨ ਜਿਹਾ ਮੁੰਡਾ ਹੋਕਾ ਦਿੰਦਾ ਅੰਦਰ ਆ ਵੜਿਆ। "ਇਹ ਬਰਫ਼ ਤੇਰੀ ਮਾਂ ਨੇ ਬਣਾਈ ਏ !" ਜਗਜੀਤ ਨੇ ਆਖਿਆ ਤੇ ਮੁੰਡੇ ਨੂੰ ਕੱਛੜ ਚੁੱਕ ਕੇ ਚੁੰਮ ਲਿਆ। ਉਸੇ ਬੱਚੇ ਨੇ ਇਕ ਦਿਨ ਜਗਜੀਤ ਦੀ ਐਨਕ ਚੁੱਕ ਕੇ ਆਪ ਲਾ ਲਈ ਤੇ ਸਾਹਬ ਬਣਕੇ ਉਸ ਵੱਲ ਵੇਖਣ ਲਗਾ। "ਏਹਨੂੰ ਲਾਹ ਦੇ ਓਏ ਕਿਸੇ ਮੇਮ ਦਿਆ ਪੁੱਤਰਾ' ਜਗਜੀਤ ਨੇ ਮੁੰਡੇ

ਨੂੰ ਇਕ ਪੋਲੀ ਜਿਹੀ ਚਲਾਕੀ ਮਾਰ ਕੇ ਆਖਿਆ:-"ਪਾਸ਼ੋ ਤੁਸੀਂ ਸਾਡੇ ਦੁਸ਼ਮਨ ਲੱਗਦੇ ਓ ਨ ?" ਪਾਸ਼ੋ ਦਲੀਪ ਦੀ ਇਕ ਲੜਕੀ ਸੀ। "ਨਹੀਂ ਲੱਗਦੇ ਓ,ਤੂੰ ਭਾਵੇਂ ਜਾਕੇ ਆਪਣੀ ਬੀਬੋ ਜੀ ਨੂੰ ਪੁਛ ਲਈਂ।"

"ਚਾਚਾ ਜੀ ! ਬੀਬੀ ਜੀ ਨੇ ਇਹ ਪਿੰਨੀਆਂ ਘੱਲੀਆਂ ਨੇ।"

"ਉਹ ਤ ਚੂਹੜੀ ਏ, ਅਸਾਂ ਨਹੀਂ ਓਸ ਦੇ ਹੱਥਾਂ ਦੀਆਂ ਪਿੰਨੀਆਂ ਖਾਣੀਆਂ।"

"ਆ ਕਦੋਂ ਚੂਹੜੇ ਨੇ।"

"ਤੂੰ ਬੇਸ਼ਕ ਜਾ ਕੇ ਉਸ ਤੋਂ ਪੁਛ ਲੈ, ਆਖੀਂ ਚਾਚਾ ਜੀ ਕਹਿੰਦੇ ਹਨ, ਤੂੰ ਚੂਹੜੀ ਏਂ।" ਜਗਜੀਤ ਨੇ ਇਹ ਸੁਨੇਹਾ ਦੇ ਕੇ ਇਕ ਪਿੰਨੀ ਚੁਕ ਕੇ ਮੂੰਹ ਵਿਚ ਪਾ ਲਈ।

ਜਗਜੀਤ ਦੇ ਇਕ ਬੱਚੇ ਨੇ ਇਕ ਦਿਨ ਇਕ ਵਡਮੁੱਲੇ ਟੀ ਸੈਟ ਦੀ ਚਾਹ ਦਾਨੀ ਦਾ ਢੱਕਣ ਤੋੜ ਕੇ ਸਾਰਾ ਟੀ ਸੈਟ ਨਕਾਰਾ ਕਰ ਦਿੱਤਾ। ਜਗਜੀਤ ਨੂੰ ਬੜਾ ਅਫ਼ਸੋਸ ਸੀ। "ਇਸ ਤਰ੍ਹਾਂ ਦਾ ਸੈਟ ਤੇ ਹੋਰ ਮਿਲਨਾ ਵੀ ਨਹੀਂ ਅਜ ਕੱਲ।" ਉਸ ਨੇ ਬੱਚੇ ਦੇ ਨਾਲ ਚਾਹ ਪੀਂਦੀ ਆਪਣੀ ਪਤਨੀ ਨੂੰ ਕਿਹਾ।

"ਤੇ ਮੁੰਡਾ ਚਾਹ ਵੀ ਨਾ ਪੀਵੇ, ਟੀ ਸੇਟ ਨਹੀਂ ਮਿਲਣਾ ਤੇ।"

"ਹੋਰ ਚਾਹ ਦਾਨੀਆਂ ਜੁ ਹੈਸਨ, ਉਨ੍ਹਾਂ ਵਿਚ ਦੇ ਦੇਣੀ ਸੀ।"

"ਮੈਂ ਤੇ ਨਹੀਂ ਸੀ ਨਾ ਇਹਨੂੰ ਆਖਿਆ ਭੰਨ ਦੇ ਢੱਕਣ ਤੇ ਨਾ ਮੈਂ ਇਹਨੂੰ ਕਿਤੋਂ ਪਿਛੋਂ ਹੀ ਲਾ ਕੇ ਲਿਆਂਦਾ ਸੀ, ਪਈ ਡੋਲੇ ਵਿਚ ਪੈ ਕੇ ਆਇਆ ਸੀ ਮੇਰੇ ਨਾਲ । ਘੁਟ ਚਾਹ ਦਾ ਪੀਣ ਲੱਗੀ ਸਾਂ ਵੇਖ ਨਹੀਂ ਸੁਖਾਏ। ਇਹ ਢੱਕਣ ਹੁਣ ਮੇਰੇ ਹੱਡਾਂ ਵਿਚੋਂ ਨਿਕਲਣ ਲੱਗਾ ਏ। ਆਉਣਗੇ ਭਰਾ ਜੀ ਤੇ ਲੈ ਦਿਆਂਗੀ ਢੱਕਣ ਦੇ ਪੈਸੇ। (ਮੁੰਡੇ ਨੂੰ ਥੱਪੜ ਮਾਰ ਕੇ) ਤੇ ਏਸ ਮਰ ਜਾਣੇ ਨੂੰ ਤੇ ਖੌਰੇ ਝੋਲਾ ਹੋਇਆ ਹੋਇਆ ਏ। ਜਿਹੜੀ ਸ਼ੈ ਫੜਦਾ ਏ ਹੱਥੋਂ ਸੁੱਟ ਦਿਦਾ ਏ।"

ਇਹ ਸਭ ਕੁਝ ਸੁਣ ਕੇ ਜਗਜੀਤ ਸਿੰਘ ਨਾਲ ਦੇ ਕਮਰੇ ਵਿਚ ਚਲਾ ਗਿਆ। ਕੁਝ ਦੇਰ ਆਪਣੀ ਕਿਸਮਤ ਤੇ ਵਿਚਾਰ ਕਰਨ ਪਿਛੋਂ ਉਹ ਸੈਰ ਦੇ ਕਪੜੇ ਪਾ ਦਲੀਪ ਦੇ ਘਰ ਚਲਾ ਗਿਆ । ਉਹ ਪਲੰਘ ਤੇ ਲੇਟੀ ਕੋਈ ਕਿਤਾਬ ਪੜ੍ਹ ਰਹੀ ਸੀ । ਉਸਦੇ ਕਮਰੇ ਵਿਚ ਆ ਕੇ ਜਗਜੀਤ ਨੂੰ ਇਸ ਤਰ੍ਹਾਂ ਪਰਤੀਤ ਹੋਇਆ ਜਿਵੇਂ ਥਕਿਆ ਟੁਟਿਆ ਤੇ ਜੇਠ ਹਾੜ ਦੀਆਂ ਲੋਆਂ ਦਾ ਭੁਜਿਆ ਹੋਇਆ ਪਾਂਧੀ ਆ ਕੇ ਠੰਡੀ ਛਾਵੇਂ ਲੇਟ ਜਾਂਦਾ ਹ । ਕਿੱਡੀ ਚੰਗੀ ਸੀ ਉਹ ਕਿੱਡੀ ਸਿਆਣੀ ! ਸ਼ਾਇਦ ਇਹੋ ਜਹੇ ਲੋਕਾਂ ਕਰ ਕੇ ਹੀ ਦੁਨੀਆਂ ਅਜੇ ਤਕ ਕਾਇਮ ਰਹੀ ਸੀ।

"ਇਹ ਕੀ ਪੜ੍ਹਦੇ ਓ ਪਏ ?"

"ਬਰਨਾਰਡ ਸ਼ਾਅ ਦਾ ਨਾਟਕ ਹੈ, ਵਿਆਹ।"

"ਓਹ ਵਿਆਹ, ਵਿਆਹ, ਵਿਆਹ ! ਤੁਹਾਡੇ ਖ਼ਿਆਲ ਵਿਚ ਵਿਆਹ ਕਿਸ ਤਰ੍ਹਾਂ ਹੋਣਾ ਚਾਹੀਦਾ ਹੈ ?"

"ਤੁਹਾਡਾ ਮਤਲਬ ਹੈ ਰਸਮ ਜਾਂ ਵਹੁਟੀ ਗਭਰੂ ਦੀ ਚੋਣ।"

"ਵਹੁਟੀ ਗਭਰੂ ਦੀ ਠੀਕ ਚੋਣ ਬੜੀ ਔਖੀ ਹੈ ।" ਦਲੀਪ ਨੇ ਜ਼ਰਾ ਸੋਚ ਕੇ ਕਿਹਾ।

"ਮਾਪਿਆਂ ਵਾਸਤੇ ?"

"ਕੇਵਲ ਮਾਪਿਆਂ ਵਾਸਤੇ ਹੀ ਨਹੀਂ ਸਗੋਂ ਮੁੰਡੇ ਕੁੜੀ ਦੇ ਆਪਣੇ ਵਾਸਤੇ ਵੀ। ਮੇਰਾ ਵਿਸ਼ਵਾਸ ਹੈ ਕਿ ਪੱਛਮ ਵਿਚ ਵਿਆਹ ਪੂਰਬ ਨਾਲੋਂ ਕੁਝ ਵਧੇਰਾ ਸਫ਼ਲ ਨਹੀਂ।"

"ਤਾਂ ਫਿਰ ਇਹ ਹਨੇਰੇ ਵਿਚ ਘਸੁੰਨ ਹੀ ਰਹੇਗਾ ?"

"ਨਹੀਂ ਸਭ ਤੋਂ ਚੰਗਾ ਤਰੀਕਾ ਇਹ ਹੈ ਕਿ ਮਨੋ-ਵਿਗਿਆਨ ਤੋਂ ਜਾਣੂ ਲਕਾਂ ਦੇ ਬੋਰਡ ਬਣੇ ਹੋਣ। ਕੌਮ ਦੇ ਸਾਰੇ ਵਿਆਹੁਣ ਯੋਗ ਮੁੰਡੇ ਤੇ ਕੁੜੀਆਂ ਦੀ ਪ੍ਰੀਖਿਆ ਕਰ ਕੇ ਫ਼ੈਸਲਾ ਕਰਨ ਕਿ ਕਿਸ ਮੁੰਡੇ

ਦਾ ਵਿਆਹ ਕਿਸ ਕੁੜੀ ਨਾਲ ਹੋਵੇ।"

"ਤੁਸਾਂ ਮੇਰੀਆਂ ਘਸਮੈਲੀਆਂ ਜਹੀਆਂ ਸੱਧਰਾਂ ਨੂੰ ਮੂੰਹੋ ਬੁਲਾ ਦਿਤਾ ਹੈ।" ਜਗਜੀਤ ਨੇ ਏਸ ਸਕੀਮ ਨੂੰ ਚੋਖਾ ਪਸੰਦ ਕਰਦੇ ਹੋਏ ਕਿਹਾ । "ਖਿਆਲ ਤੇ ਮੇਰਾ ਵੀ ਕੁਝ ਇਸ ਤਰ੍ਹਾਂ ਹੀ ਸੀ ਪਰ ਮੈਨੂੰ ਪਤਾ ਨਹੀਂ ਸੀ ਲਗਦਾ ਕਿ ਮੈਂ ਕੀ ਚਾਹੁੰਦਾ ਹਾਂ।"

"ਜੇ ਅਸੀਂ ਵਹਿਮਾਂ ਤੇ ਰਵਾਜਾਂ ਤੋਂ ਜ਼ਰਾ ਉਤਾਂਹ ਹੋ ਕੇ ਵੇਖੀਏ ਤਾਂ ਝਟ ਪਤਾ ਲਗ ਸਕਦਾ ਹੈ ਕਿ ਅਸੀਂ ਕੀ ਚਾਹੁੰਦੇ ਹਾਂ। ਦਿਲ ਤੇ ਬੁਝਦਾ ਹੈ ਕਿ ਉਹ ਕੀ ਚਾਹੁੰਦਾ ਹੈ ਪਰ ਪੁਠੀਆਂ ਪਟੀਆਂ ਪੜ੍ਹਾਇਆ ਹੋਇਆ ਦਿਮਾਗ਼ ਉਸ ਖਿਆਲ ਦੀ ਹੋਂਦ ਤੋਂ ਹੀ ਮੁਕਰ ਜਾਂਦਾ ਹੈ। ਇਹ ਇਕ ਤਰ੍ਹਾਂ ਦੀ ਕਮਜ਼ੋਰੀ ਤੇ ਬੇਈਮਾਨੀ ਹੁੰਦੀ ਹੈ ਜੋ ਮਨੁਖ ਆਪਣੇ ਨਾਲ ਕਰਦਾ ਹੈ। ਖ਼ੈਰ ਅਸੀਂ ਅਗ੍ਹਾਂ ਹੀ ਜਾ ਰਹੇ ਹਾਂ, ਪਿਛਾਂਹ ਨਹੀਂ।" ਦਲੀਪ ਕੀ ਕਹਿ ਰਹੀ ਸੀ, ਇਸ ਗਲ ਦਾ ਜਗਜੀਤ ਨੂੰ ਚੰਗੀ ਤਰ੍ਹਾਂ ਪਤਾ ਨਹੀਂ ਸੀ। ਪਰ ਕੁਝ ਦਿਲ ਦੀ ਵਿਚਾਰ ਹੀ ਕਹਿ ਰਹੀ ਸੀ ਤੇ ਉਸ ਨੂੰ ਆਪਣਾ ਮਿਤਰ ਜਾਣਕੇ। ਇਹ ਦੋਵੇਂ ਉਸ ਨੂੰ ਖੁਸ਼ੀ ਦੀਆਂ ਟੀਸੀਆਂ ਤੇ ਲੈ ਜਾਂਦੇ ਸਨ।

ਕਾਸਮੋਪਾਲੀਟਨ ਕਲੱਬ ਵਿਚ ਅਜ ਬਸੰਤ ਦਾ ਦਿਨ ਹੋਣ ਕਰਕੇ ਬੜੀ ਰੌਣਕ ਸੀ। ਇਕ ਸੋਫੇ ਤੇ ਜਗਜੀਤ, ਦਲੀਪ ਤੇ ਉਸ ਦੇ ਪਤੀ ਦਾ ਇਕ ਹੋਰ ਮਿਤਰ ਬੈਠੇ ਸਨ। ਦਲੀਪ ਦੇ ਪਤੀ ਦੀਆਂ ਗਲਾਂ ਸ਼ੁਰੂ ਹੋ ਪਈਆਂ। ਲਾਲ ਸਿੰਘ ਦੇ ਦੂਸਰੇ ਮਿਤਰ ਨੇ ਕਿਹਾ ਕਿ ਇਕ ਵੇਰ ਸਰਦਾਰ ਸਾਹਬ ਕਿਸੇ ਨੌਕਰੀ ਵਾਸਤੇ ਇੰਟਰਵੀਊ ਕਰਨ ਗਏ। ਸਾਹਬ ਨੇ ਪੁਛਿਆ—ਤੁਸੀਂ ਸੌ ਗਜ਼ ਕਿੰਨੇ ਚਿਰ ਵਿਚ ਦੌੜ ਸਕਦੇ ਹੋ, ਜਵਾਬ ਮਿਲਿਆ ਪੰਜਾਂ ਮਿੰਟਾਂ ਵਿਚ। ਇਹ ਗਲ ਸੁਣਕੇ ਤਿੰਨੇ ਹਸ ਪਏ। 'ਗੱਲ ਤੇ ਕੁਝ ਸਚੀ ਹੀ ਕੀਤੀਓ ਨੇ ਕਿਉਂ ਜੋ ਦੌੜਨ ਵਿਚ ਸਰਦਾਰ ਜੀ ਹੈਨ ਬੜੇ ਬਹਾਦਰ । ਪਿਛਲੇ ਸਾਲ ਖ਼ਾਲਸਾ ਕਾਲਜ

ਦੀ ਓਲਤ ਬੁਆਇਜ਼ ਦੀ ਦੌੜ ਹੋਣ ਲਗੀ। ਆਪ ਵੀ ਦੌੜ ਪਏ। ਸਭ ਲੋਕ ਅਗੇ ਲੰਘ ਗਏ ਤੇ ਸਰਦਾਰ ਜੀ ਤੇ ਇਕ ਹੋਰ ਵਡੇਰਾ ਜਿਹਾ ਆਦਮੀ ਪਿਛੇ ਰਹਿ ਗਏ। ਜਦ ਉਹ ਵਡੇਰਾ ਜਿਹਾ ਆਦਮੀ ਵੀ ਅਗੇ ਲੰਘ ਚਲਿਆ ਤਾਂ ਸਰਦਾਰ ਜੀ ਨੇ ਆਪਣੀ ਜੋੜੀ ਟੁਟਦੀ ਵੇਖ ਉਸ ਬੁਢੇ ਵਿਚਾਰੇ ਨੂੰ ਠੇਡਾ ਮਾਰ ਕੇ ਥਲੇ ਸੁਟ ਦਿਤਾ ਤੇ ਆਪ ਕਲੇ ਹੀ ਸਿਦਕਵਾਨ ਸਿਖਾਂ ਵਾਂਗ ਸਾਰੇ ਲੋਕਾਂ ਤੋਂ ਦੋ ਮਿੰਟ ਪਿਛੋਂ ਸਿਰੇ ਤੇ ਆਨ ਅਪੜੇ।' ਗਲ ਖਤਮ ਹੋਣ ਤੇ ਦਲੀਪ ਹਸਦੀ ਹਸਦੀ ਰਸਾਲਿਆਂ ਵਾਲੇ ਮੇਜ਼ ਤੋਂ ਰਸਾਲਾ ਲੈਣ ਲਈ ਉਠ ਕੇ ਚਲੀ ਗਈ। ਜਗਜੀਤ ਵੀ ਕੋਈ ਹੋਰ ਰਸਾਲਾ ਫੜਨ ਦੇ ਬਹਾਨੇ ਉਥੇ ਹੀ ਆ ਗਿਆ। ਅੰਗਰੇਜ਼ੀ ਤੇ ਅਮਰੀਕਨ ਰਸਾਲਿਆਂ ਦੇ ਬਾਹਰਲਿਆਂ ਸਫ਼ਿਆਂ ਤੇ ਅਧ-ਨੰਗੀਆਂ ਜ਼ਨਾਨੀਆਂ ਦੀਆਂ ਮੂਰਤਾਂ ਸਨ।

"ਇਹ ਕਿੰਨੀ ਡਿਗੀ ਹੋਈ ਸਭਯਤਾ ਦੀਆਂ ਨਿਸ਼ਾਨੀਆਂ ਹਨ।" ਜਗਜੀਤ ਨੇ ਗਲ ਛੇੜੀ।

'ਇਹ ਆਦਰਸ਼ ਹੀਨ ਲੋਕਾਂ ਦੀ ਰੋਜ਼ ਦੀ ਖੁਰਾਕ ਹਨ।" ਦਲੀਪ ਨੇ ਉੱਤਰ ਦਿਤਾ।

ਫਿਰ ਹਥ ਵਿਚ ਫੜੇ ਰਸਾਲੇ ਨੂੰ ਮਧੋਲਦੇ ਹੋਏ ਜਗਜੀਤ ਨੇ ਪਿਆਰ ਨ ਲ ਪੁਛਿਆ—"ਤੁਸੀਂ ਇਨ੍ਹਾਂ ਗਲਾਂ ਦਾ ਗੁਸਾ ਤੇ ਨਹੀਂ ਕੀਤਾ ?"

ਦਲੀਪ ਨੇ ਮੇਜ਼ ਤੋਂ ਪਿਛਾਂਹ ਹਟ ਕੇ ਇਕ ਮਿਤਰਤਾ ਭਰਪੂਰ ਤੇ ਸ਼ਰਮੀਲੀ ਨਜ਼ਰ ਜਗਜੀਤ ਤੇ ਪਾਈ ਤੇ ਫਿਰ ਹੇਠਾਂ, ਧਿਆਨ ਕਰਕੇ ਮੁਸਕ੍ਰਾਂਉਂਦੇ ਹੋਏ ਕਿਹਾ—"ਮੈਂ ਕਿਸ ਗਲ ਦਾ ਗੁਸਾ ਕਰਨਾ ਸੀ, ਮੈਂ ਕੋਈ ਰਬ ਨੂੰ ਆਖਣ ਤੇ ਨਹੀਂ ਸਾਂ ਨ ਗਈ ਪਈ ਮੇਰਾ ਵਿਆਹ ਉਨ੍ਹਾਂ ਨਾਲ ਹੋ ਜਾਏ।"

ਅਸਲੀਅਤ ਦੀ ਇਹ ਝਲਕ ਜਗਜੀਤ ਨੂੰ ਖੰਜਰ ਵਾਂਗ

ਚੁਭੀ । ਉਹ ਜਾਣਦਾ ਸੀ ਕਿ ਆਪਣੇ ਪਤੀ ਬਾਰੇ ਇਹ ਲਫ਼ਜ਼ ਇਕ ਜ਼ਨਾਨੀ ਕਿਸ ਆਦਮੀ ਨੂੰ ਕਹਿ ਸਕਦੀ ਹੈ। ਕੀ ਉਹ ਧਰਮ ਦੀ ਉਲਘਣਾ ਕਰਦਾ ਰਿਹਾ ਸੀ ? ਕੀ ਇਹ ਖੇਡ ਜੋ ਉਹ ਐਨਾ ਚਿਰ ਖੇਡਦਾ ਰਿਹਾ ਸੀ ਸਚ ਮੁਚ ਹੀ ਏਡੀ ਮਹਿੰਗੀ ਸੀ । ਜਿਸ ਸ੍ਵੈ-ਧੋਖੇ ਦੇ ਪਰਦੇ ਪਿਛੇ ਉਹ ਅਨਭੋਲ ਹੀ ਏਨਾ ਜੀਵਨ-ਰਸ ਮਾਣਦਾ ਰਿਹਾ ਸੀ ਉਸ ਪਰਦੇ ਦੇ ਪਾੜਨ ਵਾਲੇ ਤੇ ਉਸ ਨੂੰ ਕੁਝ ਗੁਸਾ ਜਿਹਾ ਆ ਰਿਹਾ ਸੀ। ''ਤੁਸਾਂ ਇਹ ਗਲ ਨਹੀਂ ਸੀ ਆਖਣੀ, ਬੀਬੀ ਦਲੀਪ, ਵਾਹਿਗੁਰੂ ! ਵਾਹਿਗੁਰੂ !'

# ਉਜਾੜ

ਆਲਾ ਸਿੰਘ ਹੁਣ ਕੁਝ ਬੁੱਢਾ ਹੋ ਗਿਆ ਸੀ, ਪਰ ਏਨਾ ਬੁੱਢਾ ਨਹੀਂ ਕਿ ਉਹ ਡਾਂਗ ਲੈ ਕੇ ਆਪਣੇ ਖਾਲ ਦੇ ਮੂੰਹੇ ਤੇ ਨਾ ਬੈਠ ਸਕਦਾ ਹੋਵੇ, ਆਪਣੀਆਂ ਪੈਲੀਆਂ ਦਵਾਲੇ ਫੇਰਾ ਨਾ ਮਾਰ ਸਕਦਾ ਹੋਵੇ, ਜਾਂ ਕਿਸੇ ਪਰ੍ਹੇ ਵਿਚ ਖੜਕਾ ਕੇ ਗੱਲ ਨਾ ਕਰ ਸਕਦਾ ਹੋਵੇ। ਉਸ ਦੇ ਮੂੰਹ ਤੇ ਕੋਈ ਝੁਰੜੀ ਨਹੀਂ ਦਿਸਦੀ ਸੀ, ਸਗੋਂ ਚਿੱਟੀ ਪਲਮਦੀ ਦਾੜ੍ਹੀ ਦੇ ਉੱਤੇ ਉਸ ਦੀਆਂ ਗੋਰੀਆਂ ਗੱਲ੍ਹਾਂ ਅਜੇ ਬਿੰਦਿਆਈ ਦੀ ਭੈ ਮਾਰਦੀਆਂ। ਉਸ ਦੀ ਨਜ਼ਰ ਪਹਿਲੇ ਤੋਂ ਵੀ ਤੇਜ਼ ਹੋ ਗਈ ਜਾਪਦੀ ਸੀ। ਅਜੇ ਅਗਲੇ ਦਿਨ ਉਹ ਤੇ ਉਸ ਦਾ ਨਿੱਕਾ ਪੁੱਤਰ ਆਪਣੀ ਭੁਲੀ ਹੋਈ ਗਾਂ ਲੱਭਣ ਚੜ੍ਹੇ ਸਨ ਤੇ ਆਲਾ ਸਿੰਘ ਨੇ ਆਪਣੇ ਮੁੰਡੇ ਤੋਂ ਪਹਿਲਾਂ ਹੀ ਦੂਰ ਚੁਗਦੀ ਆਪਣੀ ਗਾਂ ਵੇਖ ਕੇ ਪਛਾਣ ਲਈ ਸੀ। ਦੰਦਾਂ ਵਿਚ ਪੀੜ ਹੋਣ ਕਰ ਕੇ ਉਸ ਬਹੁਤ ਸਾਰੇ ਦੰਦ ਕਢਵਾ ਦਿਤੇ ਹੋਏ ਸਨ, ਪਰ ਇਸ ਨਾਲ ਉਸ ਦੇ ਚਿਹਰੇ ਦਾ ਰੁਅਬ ਨਹੀਂ ਸੀ ਵਿਗੜਿਆ। ਹਾਂ, ਦਾਲ ਸਲੂਣੇ ਬਿਨਾਂ ਉਹ ਰੋਟੀ ਔਖੀ ਹੀ ਖਾ ਸਕਦਾ ਸੀ ਤੇ ਹਰ ਸਲੂਣੇ ਵਿਚ ਉਹ ਤਰੀ ਜ਼ਰੂਰ ਚਾਹੁੰਦਾ ਸੀ। ਇਕ ਵੇਰ ਜਦੋਂ ਉਹਦੀ ਬੁੱਢੀ ਵਹੁਟੀ ਨੇ ਗੋਭੀ ਘਿਉ ਵਿਚ ਭੁੰਨ ਕੇ ਬਣਾ ਦਿਤੀ ਤਾਂ ਉਸ ਬੜਾ ਖਿਝ ਕੇ ਆਖਿਆ, "ਗੋਭੀ ਠੀਕ ਬਨਾਨੀ ਏਂ ਤੂੰ, ਜਿਵੇਂ

ਆਂਤੜੇ ਹੁੰਦੇ ਨੇ।" ਗੰਨੇ ਤੇ ਬੇਰਾਂ ਦੇ ਸਵਾਦ ਤੋਂ ਉਹ ਰਹਿੰਦੀ ਉਮਰ ਲਈ ਵਾਂਜਾ ਹੋ ਗਿਆ ਸੀ ਤੇ ਦਾਣੇ ਚੱਬਣੇ ਵੀ ਉਸ ਲਈ ਅਸਲੋਂ ਅਸੰਭਵ ਸਨ। ਇਨ੍ਹਾਂ ਸਾਰੀਆਂ ਚੀਜ਼ਾਂ ਦੀ ਕਸਰ ਉਹ ਵਧੇਰਾ ਦੁਧ ਪੀ ਕੇ ਕੱਢ ਲੈਂਦਾ। ਸ਼ਾਇਦ ਇਸੇ ਦੁਧ ਦਾ ਸਦਕਾ ਹੀ ਸੀ ਕਿ ਜਦੋਂ ਕੋਈ ਕਾਮਾਂ ਹਲ ਖਲ੍ਹਾਰ ਕੇ ਪੈਲੀ ਦੀਆਂ ਗੁੱਠਾਂ ਗੋਡਣ ਲੱਗਦਾ ਤਾਂ ਆਲਾ ਸਿੰਘ ਖਲੋਤਾ ਹਲ ਆਪ ਹਿੱਕ ਲੈਂਦਾ। ਇਨ੍ਹਾਂ ਬੱਢਿਆਂ ਢੱਗਿਆਂ ਦੀ ਉਹ ਰਗ ਰਗ ਦਾ ਜਾਣੂੰ ਸੀ। ਇਸ ਧੌਲੇ ਢੱਗੇ ਦੀ ਮਾਂ ਦੀ ਮਾਂ ਉਸ ਦੇ ਪੁਤਰ ਦ ਦਾਜ ਵਿਚ ਆਈ ਸੀ ਤੇ ਉਸ ਦੇ ਘਰ ਆ ਕੇ ਦਸ ਸੂਏ ਸੂਈ ਸੀ। ਉਨ੍ਹਾਂ ਦਸਾਂ ਸੂਇਆਂ ਵਿਚ ਇਕ ਇਸ ਬੁੱਢੇ ਢੱਗੇ ਦੀ ਮਾਂ ਸੀ। ਨਿੱਕਾ ਹੁੰਦਾ ਇਹ ਧੌਲਾ ਢੱਗਾ ਬੜਾ ਸ਼ੈਤਾਨ ਸੀ। ਜਦੋਂ ਆਲਾ ਸਿੰਘ ਇਸ ਨੂੰ ਖੋਲ੍ਹ ਕੇ ਗਾਂ ਹੇਠ ਛੱਡਦਾ ਤਾਂ ਇਹ ਗਾਂ ਵੱਲ ਏੜੀ ਜ਼ੋਰ ਦੀ ਭਜਦਾ ਕਿ ਇਸ ਤੋਂ ਗਾਂ ਦੇ ਕੋਲ ਆਪਣੇ ਆਪ ਨੂੰ ਠੱਲਿਆ ਨ ਜਾਂਦਾ ਤੇ ਇਹ ਗਾਂ ਦੇ ਹੇਠ ਪੈਣ ਦੀ ਥਾਂ ਉਸ ਕੋਲੋਂ ਅਗਾਂਹ ਲੰਘ ਜਾਂਦਾ ਤ ਫਿਰ ਮੁੜ ਕੇ ਆਉਂਦਾ। ਗਾਂ ਚੁੰਘਦੇ ਨੂੰ ਬੰਨ੍ਹਣ ਲੱਗਿਆਂ ਪੈਰ ਮਿੱਧ ਦਿੰਦਾ ਤੇ ਕਦੀ ਕਦੀ ਗੁੱਸੇ ਵਿਚ ਬੰਨ੍ਹ ਕੇ ਪਿਛਾਹ ਹਟਣ ਲੱਗਿਆਂ ਨੂੰ ਸਿਰ ਵੀ ਮਾਰਦਾ। ਦੂਜੇ ਵਰ੍ਹੇ ਜਦੋਂ ਸਾਰੇ ਡੰਗਰ ਚੁਗਣ ਲਈ ਛਿੜਦੇ ਤਾਂ ਇਹ ਵਹਿੜਕਾ ਖੁਰਲੀ ਤੇ ਹੀ ਬੱਧਾ ਰਹਿੰਦਾ। ਖੁਲ੍ਹਿਆ ਹੋਇਆ ਤੇ ਇਹ ਕਾਬੂ ਹੀ ਨਹੀਂ ਸੀ ਆਉਂਦਾ। ਇਕ ਵਰ ਇਹ ਰੱਸਾ ਤੁੜਾ ਕੇ ਖੁਲ੍ਹ ਗਿਆ ਸੀ ਤੇ ਅੰਨ੍ਹੇ ਵਾਹ ਬੜੀ ਦੂਰ ਤੁੱਜ ਗਿਆ। ਮਸਾਂ ਮਸਾਂ ਆਲਾ ਸਿੰਘ ਦੇ ਪੁਤਰ ਨੇ ਘੋੜੀ ਤੇ ਚੜ੍ਹ ਕੇ ਇਸ ਨੂੰ ਵੇੜ੍ਹ ਕੇ ਆਂਦਾ ਤੇ ਕਈਆਂ ਜਣਿਆਂ ਰਲ ਕੇ ਫੜਿਆ। ਤੇ ਤੀਜੇ ਵਰ੍ਹੇ ਇਸ ਨੇ ਬੱਧੇ ਬੱਧੇ ਹੀ ਇਕ ਮੱਝ ਤ੍ਰੁੱਟ ਦਿੱਤੀ ਤੇ ਆਲਾ ਸਿੰਘ ਨੂੰ ਮੱਝ ਨੂੰ ਬੀਮਾਰ ਹੋਣ ਤੋਂ ਬਚਾਣ ਲਈ ਉਸ ਦੇ ਪਿੰਡ ਤੇ ਗਿੱਲੀ

ਚੀਕਣੀ ਮਿੱਟੀ ਮਲਣੀ ਪਈ ਸੀ । ਚੌਥੇ ਵਰ੍ਹੇ ਜਦੋਂ ਇਸ ਦੇ ਗਲ ਘੁੰਗਰੂਆਂ ਦਾ ਹਾਰ ਪਾ ਕੇ ਮੁਹਰਲੇ ਫਲ੍ਹੇ ਜੁੱਤਾ ਤਾਂ ਕਈ ਮੰਗਣ ਆਏ ਬਾਜ਼ੀਗਰ ਤੇ ਬਾਜ਼ੀਗਰਨੀਆਂ ਇਸ ਦੀਆਂ ਲੰਮੀਆਂ ਪਾਂਘਾਂ ਤੇ ਘੁਟਵੇਂ ਜੁੱਸੇ ਦੀਆਂ ਸਿਫ਼ਤਾਂ ਕਰ ਕੇ ਤੇ ਇਸ ਦੇ ਗਲ ਕੌਡੀਆਂ ਤੇ ਮਣਕਿਆਂ ਦੀਆਂ ਗਾਨੀਆਂ ਪਾ ਕੇ ਆਲਾ ਸਿੰਘ ਤੋਂ ਕਣਕ ਦੀਆਂ ਭਰੀਆਂ ਲੈ ਗਏ। ਹਲੀਂ ਜੁਤੇ ਦੀ ਨੱਥ ਆਲਾ ਸਿੰਘ ਪਿਛਾਂਹ ਨੂੰ ਫੜ ਰਖਦਾ, ਨਹੀਂ ਤੇ ਇਹ ਆਪਣੇ ਹੇਠਲੇ ਢੱਗੇ ਨੂੰ ਸਿੱਧਾ ਨਹੀਂ ਸੀ ਹੋਣ ਦਿੰਦਾ। ਪਰ ਹੁਣ ਤੇ ਨੱਥ ਛੱਡ ਇਸ ਦੇ ਗਲ ਰੱਸੇ ਦੀ ਵੀ ਲੋੜ ਨਹੀਂ ਸੀ। ਇਹ ਧੌਲਾ ਢੱਗਾ ਤੇ ਆਪਣੀ ਹੋਂਦ ਤੋਂ ਵੀ ਮੁਨਕਰ ਸੀ। ਜਿਥੇ ਜੋਈਏ, ਬਿਨਾਂ ਅੜੀ ਦੇ ਜੁਪ ਪੈਂਦਾ । ਗੱਡੇ ਉਤੇ ਭਾਵੇਂ ਕੋਈ ਆਦਮੀ ਵੀ ਨਾ ਹੋਵੇ ਸਿੱਧਾ ਘਰ ਲੈ ਆਉਂਦਾ। ਓੜ ਅਸਲੋਂ ਸਿੱਧੀ ਕੱਢਦਾ। ਇਸ ਦੀਆਂ ਕੋਈ ਵੱਖਰੀਆਂ ਆਦਤਾਂ ਨਹੀਂ ਸਨ, ਨਾ ਕੋਈ ਖ਼ਰਾਬੀਆਂ, ਨਾ ਇਸ ਦੀਆਂ ਕੋਈ ਖਾਹਿਸ਼ਾਂ ਸਨ ਤੇ ਨਾ ਉਨ੍ਹਾਂ ਦੇ ਪੂਰਾ ਕਰਨ ਲਈ ਕੋਈ ਯਤਨ । ਇਹ ਕੇਵਲ ਪੱਠੇ ਖਾਂਦਾ, ਸਾਹ ਲੈਂਦਾ ਤੇ ਜੂਲੇ ਹੇਠ ਜੁਪਦਾ। ਕੋਈ ਪੰਦਰਾਂ ਵਰ੍ਹੇ ਪਹਿਲਾਂ ਇਹ ਧੌਲਾ ਵਹਿੜਕਾ ਤੇ ਆਲਾ ਸਿੰਘ ਦੋਵੇਂ ਜੀਉਂਦੇ ਸਨ, ਪਰ ਹੁਣ ਕੱਲਾ ਆਲਾ ਸਿੰਘ ਹੀ।

ਹਾਂ ਆਲਾ ਸਿੰਘ ਬੁੱਢਾ ਹੋ ਕੇ ਵੀ ਅਜੇ ਜੀਉਂਦਾ ਸੀ। ਉਸ ਦੇ ਜੀਉਂਦੇ ਹੋਣ ਦਾ ਨਿਸਚਾ ਕੇਵਲ ਡਾਕਟਰਾਂ ਨੂੰ ਹੀ ਨਹੀਂ ਸੀ, ਸਗੋਂ ਸਾਰਿਆਂ ਨੂੰ, ਘਰ ਦਿਆਂ ਨੂੰ, ਪਿੰਡ ਵਾਲਿਆਂ ਨੂੰ ਤੇ ਕੋਲ ਦੇ ਪਿੰਡਾਂ ਵਾਲਿਆਂ ਨੂੰ। ਇਨ੍ਹਾਂ ਸਾਰਿਆਂ ਲਈ ਉਹ ਅਜੇ ਜੀਉਂਦਾ ਸੀ। ਸਾਰੇ ਉਸ ਦੀ ਸੁਖ ਸਾਂਦ ਪੁਛਦੇ ਤੇ ਉਸ ਦੀ ਬਾਬਤ ਗੱਲਾਂ ਧਿਆਨ ਨਾਲ ਸੁਣਦੇ। ਆਪਣੇ ਦਵਾਲੇ ਦੇ ਪਿੰਡਾਂ ਵੀ ਤੇ ਉਹ ਮਾਨੋਂ ਹਵਾ ਵਿਚ ਉੱਕਰਿਆ ਹੋਇਆ ਸੀ। ਕੋਈ ਸੋਝੀ ਵਾਲਾ ਰਾਹੀ ਜਾਂ

ਪ੍ਰਾਹੁਣਾ ਉਸ ਦੇ ਨਾਂ ਤੋਂ ਜਾਣੂੰ ਹੋਇਆਂ ਬਿਨਾਂ ਨਹੀਂ ਸੀ ਰਹਿ ਸਕਦਾ।

ਕਈਆਂ ਵਰ੍ਹਿਆਂ ਤੋਂ ਆਲਾ ਸਿੰਘ ਇਸੇ ਤਰ੍ਹਾਂ ਜੀਉਂ ਰਿਹਾ ਸੀ। ਪਹਿਲੇ ਵਰ੍ਹਿਆਂ ਵਿਚ ਤੇ ਇਹ ਜੀਵਨ ਟੋਰ ਹੋਰ ਵੀ ਤਿਖੀ ਸੀ। ਉਸ ਦਾ ਸਰੀਰ ਏਡਾ ਵੱਡਾ ਤੇ ਤਗੜਾ ਸੀ ਕਿ ਨੇੜੇ ਨੇੜੇ ਦੇ ਪਿੰਡਾਂ ਵਿਚ ਉਸ ਦੇ ਮੇਚ ਦਾ ਬੰਦਾ ਕੋਈ ਨਹੀਂ ਸੀ। ਇਕ ਵੇਰ ਜਦੋਂ ਅੰਮ੍ਰਿਤਸਰ ਦੀ ਮਸਿਆ ਤੇ ਉਸ ਦਾ ਕੜਾ ਪਾਣ ਨੂੰ ਜੀ ਕੀਤਾ ਸੀ ਤਾਂ ਸਾਰੇ ਅੰਮ੍ਰਿਤਸਰ ਵਿਚੋਂ ਉਸ ਦੀ ਵੀਨੀ ਤ ਕੋਈ ਕੜਾ ਪੂਰਾ ਨਹੀਂ ਸੀ ਆਇਆ। ਨਹਿਰਾਂ ਆਉਣ ਤੇ ਉਸ ਡੰਗਰ ਚਾਰਨੇ ਛਡ ਕੇ ਆਪਣੇ ਪੁਰਾਣੇ ਪਿੰਡ ਤੋਂ ਪੰਜ ਛੇ ਕੋਹ ਦੂਰ ਆਪਣੀ ਭੋਇੰ ਵਿਚ ਆਪਣੇ ਨਵੇਂ ਪਿੰਡ ਦੀ ਨੀਂਹ ਰਖੀ ਸੀ। ਉਸ ਨੂੰ ਮੁਨਸਫ ਮਨ ਕੇ ਸਾਰੇ ਪਿੰਡ ਨੇ ਆਪਣੇ ਘਰਾਂ ਲਈ ਹਾਤੇ ਵੰਡੇ ਸਨ। ਉਸ ਦੇ ਜ਼ੋਰ ਦੇਣ ਤੇ ਕੰਮੀਆਂ ਨੂੰ ਵੀ ਘਰ ਛਤਣ ਲਈ ਹਾਤੇ ਮਿਲੇ ਸਨ। ਕੋਲ ਦੇ ਕਿਸੇ ਪਿੰਡ ਵਿਚ ਕੰਮੀਆਂ ਦੀ ਕੋਈ ਆਪਣਾ ਥਾਂ ਨਹੀਂ ਸੀ। ਉਸੇ ਹੀ ਸਾਰੇ ਪਿੰਡ ਨੂੰ ਉਦਮ ਦੇ ਕੇ ਸਾਂਝਾ ਖੂਹ ਲਵਾਇਆ ਸੀ ਤੇ ਪਿੰਡ ਦੀ ਛਪੜਾਂ ਦੇ ਪਾਣੀਆਂ ਤੋਂ ਖਲਾਸੀ ਕਰਾਈ ਸੀ। ਇਕ ਵਡੇ ਅਫਸਰ ਨੂੰ ਮਿਲਕੇ ਉਸ ਪਿੰਡ ਵਿਚ ਡਾਕਖ਼ਾਨਾ ਖੁਲ੍ਹਵਾ ਲਿਆ ਸੀ। ਇਸ ਨੂੰ ਉਹ ਆਪਣੇ ਰਸੂਖ਼ ਦੀ ਸਿਖਰ ਸਮਝਦਾ ਸੀ। ਆਪਣੇ ਸਾਲਿਆਂ ਨੂੰ ਉਹ ਬੜਾ ਤਿੜ ਕੇ ਕਹਿੰਦਾ, "ਤੁਹਾਡਾ ਕਾਟ ਸਾਨੂੰ ਝਟ ਆ ਮਿਲਦਾ ਏ, ਸਾਡਾ ਕਾਟ ਈ ਕਿਧਰੇ ਭੋਰੇ ਪੈ ਜਾਂਦਾ ਏ।" ਨਾਲ ਦੇ ਪਿੰਡ ਇਕ ਬੜਾ ਵਡਾ ਮੁਸਲਮਾਨ ਜ਼ਿਮੀਂਦਾਰ ਸੀ। ਹਰ ਐਤਵਾਰ ਉਸ ਨੂੰ ਲਾਹੌਰੋਂ ਅਖਬਾਰ ਆਉਂਦੀ। ਉਸ ਦੇ ਆਪਣੇ ਪਿੰਡ ਡਾਕਖ਼ਾਨਾ ਨਾ ਹੋਣ ਕਰਕੇ ਡਾਕੀਏ ਦੇ ਫੇਰੇ ਤਕ ਅਖ਼ਬਾਰ ਆਲਾ ਸਿੰਘ ਦੇ ਪਿੰਡ ਹੀ ਪਈ ਰਹਿੰਦੀ। ਇਸ ਉਡੀਕ ਤੋਂ ਬਚਣ

ਲਈ ਮਲਕ ਹੁਰਾਂ ਆਪਣਾ ਨੌਕਰ ਘੋੜੀ ਤੇ ਆਲਾ ਸਿੰਘ ਦੇ ਪਿੰਡ ਘਲਣਾ ਆਰੰਭ ਦਿਤਾ। ਨੌਕਰ ਦੇ ਫੇਰਿਆਂ ਵਿਚ ਆਲਾ ਸਿੰਘ ਨੂੰ ਮਲਕ ਤੇ ਆਪਣੀ ਜਿਤ ਲੁਕੀ ਹੋਈ ਦਿਸਦੀ ਸੀ। ਏਡਾ ਵਡਾ ਮਲਕ ਹੋ ਕੇ ਵੀ ਡਾਕਖ਼ਾਨਾ ਨਹੀਂ ਲਵਾ ਸਕਦਾ ਸੀ। ਜਦੋਂ ਵੀ ਉਹ ਨੌਕਰ ਨੂੰ ਵੇਖਦਾ ਤਾਂ ਜ਼ਰੂਰ ਪੁਛਦਾ, "ਅੱਜ ਨਵਾਬ ਕਿਧਰ ਸਵਾਰ ਹੋਇਆ ਏ ?" "ਕਿਧਰੇ ਨਹੀਂ ਜੀ, ਆਹ ਮਲਕ ਹੁਰਾਂ ਦੀ ਅਖਬਾਰ ਲੈਣ ਚਲਿਆਂ।" ਨਵਾਬ ਸਦਾ ਜਵਾਬ ਦਿੰਦਾ ਤੇ ਆਲਾ ਸਿੰਘ ਪੋਲੇ ਮੂੰਹ ਆਖ ਦਿੰਦਾ, "ਹਛਾ ਅਜ ਐਤਵਾਰ ਹੋਣਾ ਏ ਨਾ।" ਪਰ ਆਪਣੇ ਆਪ ਨੂੰ ਕਹਿ ਰਿਹਾ ਹੁੰਦਾ "ਆਲਾ ਸਿਆਂ, ਤੂੰ ਬੜਾ ਬੰਦਾ ਏਂ, ਜਿਸ ਡਾਕਖ਼ਾਨਾ ਲਵਾ ਲਿਆ ਏ, ਵੇਖ ਕਿਡੇ ਕਿਡੇ ਬੰਦੇ ਛਿਕੇ ਤੇ ਟੰਗੇ ਹੋਏ ਨੀ।'

ਉਸ ਦੇ ਪਿੰਡ ਦੇ ਨੇੜੇ ਦੀ ਨਵੀਂ ਆਬਾਦੀ ਵਿਚ ਦੂਜੇ ਜ਼ਿਲਿਆਂ ਤੋਂ ਆਏ ਆਬਾਦਗਾਰ ਵਸੇ ਹੋਏ ਸਨ। ਇਨ੍ਹਾਂ ਨੂੰ ਤੇ ਆਲਾ ਸਿੰਘ ਆਦਮੀ ਹੀ ਨਹੀਂ ਸੀ ਸਮਝਦਾ, ਉਹ ਸਾਰੇ ਆ ਕੇ ਉਸ ਦੀ ਪੁਆਂਦੀ ਬਹਿੰਦੇ। ਉਨ੍ਹਾਂ ਦੀਆਂ ਗਵਾਚੀਆਂ ਹੋਈਆਂ ਮਝੀਂ ਉਹ ਕੋਲ ਦੇ ਜਾਂਗਲੀਆਂ ਦਿਆਂ ਪਿੰਡਾਂ ਵਿਚੋਂ ਮੁੜਾ ਦਿੰਦਾ, ਪਰ ਕਈ ਵਾਰੀ ਉਹ ਆਪ ਕੁਝ ਭਰਾਵਾਂ ਨੂੰ ਨਾਲ ਲੈ ਕੇ ਧਕੋ ਧਕੀ ਉਨ੍ਹਾਂ ਦੀਆਂ ਪਕੀਆਂ ਹੋਈਆਂ ਕਣਕਾਂ ਵਢ ਕੇ ਗਡਿਆਂ ਤੇ ਲਦ ਲਿਆਉਂਦਾ ਸੀ।

ਆਲਾ ਸਿੰਘ ਦੀ ਸ਼ਕਾਇਤ ਨਾ ਕਰਨ ਦਾ ਆਬਾਦਗਾਰਾਂ ਨੂੰ ਜ਼ਰੂਰ ਲਾਭ ਮਿਲਦਾ। ਉਨ੍ਹਾਂ ਦੇ ਡੰਗਰ ਘਟ ਚੋਰੀ ਹੁੰਦੇ, ਉਨ੍ਹਾਂ ਦੀਆਂ ਸਰ੍ਹਵਾਂ ਤੇ ਕਣਕਾਂ ਵਿਚ ਰਾਤੀਂ ਜਾਂਗਲੀ ਆਪਣੀਆਂ ਮਝੀਂ ਨਾ ਚਾਰਦੇ ਤੇ ਉਨ੍ਹਾਂ ਦੀਆਂ ਕੁਲੀਆਂ ਵਿਚ ਸੰਨ੍ਹਾਂ ਘਟ ਲਗਦੀਆਂ। ਆਪਣੇ ਪਿੰਡ ਦੇ ਸਾਰੇ ਰੰਡੇ ਕਵਾਰੇ ਕੰਮੀ ਆਲਾ ਸਿੰਘ ਨੇ ਇਨ੍ਹਾਂ

ਪਿੰਡਾਂ ਵਿਚ ਵਿਆਹ ਲਏ ਸਨ ।

ਆਏ ਗਏ ਦੀ ਸੇਵਾ ਵਿਚ ਆਲਾ ਸਿੰਘ ਸਭ ਤੋਂ ਅਗੇ ਸੀ। ਖੁਰਿਆਂ ਪਿਛੇ ਭਜਦੀਆਂ ਵਾਹਰਾਂ ਨੂੰ ਉਹ ਰੋਟੀਆਂ ਖਵਾਂਦਾ । ਇਕ ਵਾਰ ਅਕਾਲੀਆਂ ਦੇ ਇਕ ਜਥੇ ਨੂੰ ਰੋਟੀ ਖਵਾਣ ਬਦਲੇ ਉਸ ਨੂੰ ਕਈ ਰਾਤਾਂ ਹਵਾਲਾਤ ਵਿਚ ਕਟਣੀਆਂ ਪਈਆਂ ਸਨ । ਇਕ ਕਹਾਣੀ ਉਸ ਬਾਰੇ ਬੜੀ ਪ੍ਰਸਿਧ ਸੀ। ਇਕ ਸ਼ਾਮ ਓਹ ਘੋੜੀ ਤੇ ਚੜ੍ਹ ਕੇ ਮੰਡੀਓਂ ਘਰ ਆ ਰਿਹਾ ਸੀ। ਉਸੇ ਰਾਹ ਤੇ ਇਕ ਨਵਾਂ ਵਿਆਹਿਆ ਜੋੜਾ ਵੀਸੜਕ-ਸੁਆਰ ਸੀ। "ਛੋਹਰਾ ਕਿਥੇ ਜਾਊ ਏਂ ?" ਆਲਾ ਸਿੰਘ ਨੇ ਮੁੰਡੇ ਤੋਂ ਪੁਛਿਆ।

"ਬਹਾਲੀ ਕੀ ਜਾਊ ਆਂ, ਆਪਣੇ ਸਹੁਰੇ।" ਬਹਾਲੀ ਕੀ ਆਲਾ ਸਿੰਘ ਦਾ ਆਪਣਾ ਪਿੰਡ ਸੀ।

"ਕਿਦ੍ਹੇ ਘਰ ?"

'ਵੀਰੂ ਸਾਈ ਦੇ।"

ਆਲਾ ਸਿੰਘ ਆਪ ਘੋੜੀ ਤੋਂ ਉੱਤ੍ਰ ਬੈਠਾ ਤੇ ਉਨ੍ਹਾਂ ਨੂੰ ਉਤੇ ਬਿਠਾ ਦਿਤਾ। ਰਾਤ ਨੂੰ ਜਦੋਂ ਉਹ ਈਸਾਈ ਘੋੜੀ ਆਲਾ ਸਿੰਘ ਦੇ ਘਰ ਬੰਨ੍ਹਣ ਆਇਆ ਤਾਂ ਉਸ ਲੈਣੋਂ ਨਾਂਹ ਕਰ ਦਿਤੀ, "ਨਹੀਂ ਭਈ ਵੀਰੂ, ਜਦੋਂ ਮੇਰੀ ਧੀ ਸਹੁਰੇ ਜਾਏ ਏਹਦੇ ਤੇ ਚੜ੍ਹ ਕੇ ਜਾਏ ਤੇ ਜਦੋਂ ਆਵੇ ਏਹਦੇ ਤੇ ਈ ਚੜ੍ਹ ਆਵੇ ਕਰੇਗੀ।"

ਪਰ ਹੁਣ ਤੇ ਪਿੰਡ ਵਿਚ ਹਵਾ ਈ ਕੁਝ ਪੁਠੀ ਜਹੀ ਵਗ ਗਈ ਸੀ। ਉਸ ਦੇ ਆਪਣੇ ਉੱਦਮ ਨਾਲ ਛਤਾਏ ਹੋਏ ਸਾਂਝੇ ਟੱਪ ਹੇਠ ਕਾਂਵਾਂ ਰੌਲੀ ਜਹੀ ਪਈ ਰਹਿੰਦੀ। ਕੁਝ ਮੁੰਡੇ ਉਸ ਦੇ ਬੈਠਿਆਂ ਹੀ ਤਾਸ਼ ਖੇਡਦੇ ਰਹਿੰਦੇ ਤੇ ਆਪਸ ਵਿਚ ਝਗੜਦੇ ਰਹਿੰਦੇ । ਜਾਂ ਕੋਈ ਪਾੜ੍ਹਾ ਅਖਬਾਰ ਲੈ ਕੇ ਬਹਿ ਜਾਂਦਾ ਤੇ ਪਹਿਰ ਪਹਿਰ ਅਖ਼ਬਾਰ ਹੀ ਸੁਣਾਦਾ ਰਹਿੰਦਾ । ਉੱਨਾਂ ਚਿਰ ਹੋਰ ਕੋਈ ਗੱਲ

ਬਾਤ ਨਾ ਹੋ ਸਕਦੀ। ਕਿਉਂ ਜੋ ਸਾਰੇ ਲੋਕਾਂ ਦਾ ਧਿਆਨ ਅਖ਼ਬਾਰ ਸੁਣਨ ਵਿਚ ਹੁੰਦਾ। ਪਤਾ ਨਹੀਂ ਕਿਉਂ ਆਲਾ ਸਿੰਘ ਨੂੰ ਅਖ਼ਬਾਰ ਦੀ ਦੂਜਿਆਂ ਨਾਲੋਂ ਕੁਝ ਘੱਟ ਸਮਝ ਆਉਂਦੀ ਤੇ ਉਹ ਇਸ ਬਾਰੇ ਕਦੀ ਕੋਈ ਸਵਾਦਲੀ ਗੱਲ ਨਾ ਕਰ ਸਕਦਾ। ਕਈ ਵੇਰ ਖਿਝ ਕੇ ਉਹ ਆਖਦਾ, "ਇਹ ਸਭ ਝੂਠ ਏ। ਉਹ ਕੂੜ ਥੱਪ ਕੇ ਏਥੇ ਘੱਲ ਦੇਂਦੇ ਨੇ, ਉਨ੍ਹਾਂ ਨੂੰ ਸਾਰੀਆਂ ਗੱਲਾਂ ਦਾ ਕਿਵੇਂ ਪਤਾ ਲੱਗ ਜਾਂਦਾ ਏ!" ਪਰ ਕਿਸੇ ਤੇ ਇਸ ਗੱਲ ਦਾ ਰਤੀ ਅਸਰ ਨਾ ਹੁੰਦਾ। ਸਭ ਕੁਝ ਝੂਠ ਕਿਸ ਤਰ੍ਹਾਂ ਹੋ ਸਕਦਾ ਸੀ। ਜਦੋਂ ਲੜਾਈ ਲੱਗਣ ਦੀ ਖ਼ਬਰ ਆਈ ਤਾਂ ਸਭ ਕੁਝ ਮਹਿੰਗਾ ਹੋਣ ਲੱਗ ਪਿਆ। ਲੀਡਰ ਕੈਦ ਹੋ ਗਏ ਤੇ ਉਨ੍ਹਾਂ ਦੇ ਕਿਧਰੇ ਜਾਣ ਆਉਣ ਦੀ ਕੋਈ ਖ਼ਬਰ ਨਹੀਂ ਸੀ ਆਉਂਦੀ। ਅੰਗਰੇਜ਼ਾਂ ਦੀਆਂ ਜਿੱਤਾਂ ਦੀਆਂ ਖ਼ਬਰਾਂ ਆਉਣ ਲੱਗੀਆਂ ਤਾਂ ਲੀਡਰ ਛੱਡ ਦਿਤੇ ਗਏ। ਜਦੋਂ ਲੜਾਈ ਹਟਣ ਦੀ ਖ਼ਬਰ ਆਈ ਤਾਂ ਕੋਈ ਨਹੀਂ ਸੀ ਕਹਿੰਦਾ ਕਿ ਲੜਾਈ ਅਜ ਨਹੀ ਹਟੀ। ਪਰ ਆਲਾ ਸਿੰਘ ਲਈ ਇਹ ਸਭ ਕੁਝ ਝੂਠ ਸੀ। ਜੇ ਟੱਪ ਥੱਲੇ ਝੂਠ ਦਾ ਹੀ ਪ੍ਰਚਾਰ ਹੋਣਾ ਸੀ ਤਾਂ ਕਿਉਂ ਨਾ ਗੁਰਦੁਆਰੇ ਦੇ ਭਾਈ ਹੁਰੀਂ ਆ ਕੇ ਟੱਪ ਥੱਲੇ 'ਪੰਥ ਪ੍ਰਕਾਸ਼' ਜਾਂ 'ਰਾਜ ਖ਼ਾਲਸਾ' ਪੜ੍ਹਿਆ ਕਰਨ। ਜਦੋਂ ਭਾਈ ਹੁਰੀਂ ਰਾਗ ਨਾਲ 'ਰਾਜ ਖ਼ਾਲਸਾ' ਪੜ੍ਹਦੇ ਤੇ ਕਿਤੇਂ ਕਿਤੇਂ ਮਤਲਬ ਸਮਝਾਂਦੇ ਤਾਂ ਟੱਪ ਥੱਲੇ ਅਮਨ ਹੋ ਜਾਂਦਾ। ਸਾਰੇ ਲੋਕਾਂ ਦੀਆਂ ਚਤ੍ਰਾਈਆਂ ਤੇ ਡੂੰਘੀਆਂ ਵਿਚਾਰਾਂ ਨੂੰ ਲਗਾਮ ਮਿਲ ਜਾਂਦੀ ਤੇ ਹਰ ਪਾਸੇ ਚੁਪ ਹੋ ਜਾਂਦੀ। ਆਲਾ ਸਿੰਘ ਦੇ ਭਾਰੇ ਤੇ ਸਤਕਾਰੇ ਹੋਏ ਸਰੀਰ ਦਾ ਰੁਅਬ ਇਸ ਤਰ੍ਹਾਂ ਪੈਂਦਾ ਹੋਇਆ ਖ਼ਲਾ ਵਿਚ ਛਾ ਜਾਂਦਾ ਤੇ ਉਸ ਦੇ ਮਨ ਨੂੰ ਸ਼ਾਂਤੀ ਮਿਲਦੀ। ਇਸ ਮਿੱਠੇ ਜਹੇ ਵਾਯੂ-ਮੰਡਲ ਦਾ ਇਮਤਿਹਾਨ ਕਰਨ ਲਈ ਉਹ ਕਦੀ ਕਦੀ ਕੁਝ ਬੋਲਦਾ: "ਭਾਈ ਜੀ, ਏਥੋਂ ਜ਼ਰਾ ਸਹਿਜ ਨਾਲ ਪੜ੍ਹੋ" "ਭਾਈ ਜੀ

ਇਹਦਾ ਮਤਲਬ ਜ਼ਰਾ ਸਮਝਾਇਆ ਜੇ" "ਪੰਨ ਸਿੱਖ ਸਨ ਜੀ ਉਹ" ਆਦਿ। ਪਰ ਮਾਰਸ਼ਲ ਲਾ ਵਾਂਗੂ ਇਹ ਭਾਈ ਹੁਰਾਂ ਵਾਲਾ ਹਥਿਆਰ ਵੀ ਕਦੀ ਕਦੀ ਹੀ ਵਰਤਿਆ ਜਾ ਸਕਦਾ ਸੀ, ਹਰ ਰੋਜ਼ ਤਾਂ ਨਹੀਂ।

ਕਦੀ ਕਦੀ ਟੱਪ ਥੱਲੇ ਬਹਿਸਾਂ ਹੁੰਦਿਆਂ, ਗਰਮਾ ਗਰਮ ਬਹਿਸਾਂ, ਅਕਾਲੀਆਂ ਦੀਆਂ, ਕਾਂਗਰਸੀਆਂ ਦੀਆਂ, ਕਮਯੂਨਿਸਟਾਂ ਦੀਆਂ। ਬਹਿਸਾਂ ਕਰਨ ਵਾਲੇ ਜੋਸ਼ ਵਿਚ ਆ ਜਾਂਦੇ, ਜਿਵੇਂ ਕੋਈ ਉਨ੍ਹਾਂ ਦੇ ਘਰ ਤੇ ਵਾਰ ਕਰ ਰਿਹਾ ਹੁੰਦਾ ਹੈ। ਆਲਾ ਸਿੰਘ ਜਾਣਦਾ ਸੀ ਅਕਾਲੀ ਸਿਖ ਪੰਥ ਦੀ ਉੱਨਤੀ ਚਾਹੁੰਦੇ ਹਨ, ਕਾਂਗਰਸੀ ਦੇਸ ਦੀ ਆਜ਼ਾਦੀ ਤੇ ਕਮਯੂਨਿਸਟ ਸਭ ਇਕ ਕਰਨੀ ਚਾਹੁੰਦੇ ਸਨ, ਪਰ ਇਸ ਤੋਂ ਵਧੇਰੇ ਉਹ ਇਨ੍ਹਾ ਬਾਰੇ ਕੁਝ ਨਹੀਂ ਸੀ ਕਹਿ ਸਕਦਾ। ਉਹ ਮੱਸਿਆ ਤੇ ਸਜੇ ਰਾਜਸੀ ਦੀਵਾਨਾਂ ਵਿਚ ਬੈਠਾ ਸੀ। ਉਸ ਗੱਲਾਂ ਸੁਣੀਆਂ ਤੇ ਸਮਝੀਆਂ ਸਨ, ਪਰ ਚੰਗੀ ਤਰ੍ਹਾਂ ਨਹੀਂ। ਇਹ ਬਹਿਸਾਂ ਕਰਨ ਵਾਲੇ ਅਖ਼ਬਾਰਾਂ ਤੇ ਰਸਾਲੇ ਵੀ ਪੜ੍ਹਦੇ ਸਨ। ਬਾਹਰੋਂ ਆਏ ਵਰਕਰਾਂ ਨੂੰ ਮਿਲਦੇ ਸਨ। ਗੱਡੀਆਂ ਵਿਚ, ਹੱਟੀਆਂ ਤੇ, ਸਟੇਸ਼ਨਾਂ ਤੇ, ਸੜਕਾਂ ਤੇ ਇਹੋ ਹੀ ਗਲਾਂ ਕਰਦੇ ਤੇ ਸੁਣਦੇ ਸਨ। ਕਈ ਬਹਿਸਾਂ ਵਿਚ ਹਾਰ ਜਾਂਦੇ ਤੇ ਕਈਆਂ ਹੋਰਨਾਂ ਵਿਚ ਜਿੱਤ ਜਾਂਦੇ। ਇਸੇ ਕਰ ਕੇ ਹੀ ਤੇ ਇਹ ਲੋਕ ਏਨਾਂ ਕੁਝ ਜਾਣਦੇ ਸਨ ਤੇ ਇਸ ਵਿਚ ਏਨਾਂ ਸਵਾਦ ਲੈਂਦੇ ਸਨ। ਖੱਤਰੀ ਤੇ ਕਮੀਨ ਵੀ ਇਨ੍ਹਾਂ ਬਹਿਸਾਂ ਵਿਚ ਨਾਲ ਰਲ ਜਾਂਦੇ ਤੇ ਫਿਰ ਇਹ ਲੋਕ ਟੱਪ ਥੱਲੇ ਭੋਇੰ ਜਾਂ ਆਪਣੀ ਵੱਖਰੀ ਮੰਜੀ ਤੇ ਬਹਿਣ ਦੀ ਥਾਂ ਬਹਿਸ ਕਰਦੇ ਜਟਾਂ ਦੇ ਨਾਲ ਹੀ ਤਖ਼ਤ-ਪੋਸ਼ ਜਾਂ ਮੰਜੀ ਤੇ ਬੈਠ ਜਾਂਦੇ। ਕਈ ਵੇਰੀ ਤੇ ਇਹ ਕਮੀਨ ਬਹਿਸ ਵਿਚ ਕਿਸੇ ਜੱਟ ਨੂੰ ਹੌਲਿਆਂ ਕਰ ਦਿੰਦੇ। ਆਲਾ ਸਿੰਘ ਲਈ ਇਹ ਕਲਯੁਗ ਦੀ ਇਕ ਝਾਕੀ ਹੁੰਦੀ। ਉਹ ਹੈਰਾਨ ਸੀ ਕਿ ਉਹ ਜੱਟ ਇਸ ਕੰਮ ਤੋਂ ਹਟ ਕਿਉਂ ਨਹੀਂ ਸੀ ਜਾਂਦਾ। ਆਲਾ ਸਿੰਘ ਦਾ ਕਦੀ ਕਿਸੇ ਨਿਰਾਦਰ ਨਹੀਂ ਸੀ ਕੀਤਾ ਤੇ

ਨਾ ਹੀ ਕਦੀ ਕਿਸੇ ਉਸ ਦੀ ਗੱਲ ਟੋਕੀ ਸੀ, ਪਰ ਉਸ ਦਾ ਮਨ ਤੇ ਇਨ੍ਹਾਂ ਗੁੰਝਲਾਂ ਵੱਲ ਆਉਂਦਾ ਹੀ ਨਹੀਂ ਸੀ ਤੇ ਨ ਹੀ ਉਹ ਕੁਝ ਕਹਿ ਸਕਦਾ ਸੀ। ਆਪਣੀ ਹੱਥੀਂ ਛਤਾਏ ਟੱਪ ਹੇਠ ਉਹ ਇਸ ਤਰ੍ਹਾਂ ਬੈਠਾ ਰਹਿੰਦਾ, ਜਿਵੇਂ ਕਿਸੇ ਮੌਜੀ ਰਾਜੇ ਨੇ ਆਪਣੀ ਰਿਆਸਤ ਦੇ ਹਾਈਕੋਰਟ ਦੇ ਜੱਜ ਨੂੰ ਸਿਵਲ ਸਰਜਨ ਬਣਾ ਕੇ ਕਿਸੇ ਹਸਪਤਾਲ ਵਿਚ ਬਿਠਾ ਦਿੱਤਾ ਹੋਵੇ ਤੇ ਉਸ ਨੂੰ ਪਤਾ ਨਾ ਹੋਵੇ ਕਿ ਉਸ ਨੇ ਕੀ ਕਰਨਾ ਹੈ।

ਪਿੰਡਾਂ ਵਿਚ ਕਮਯੂਨਿਸਟਾਂ ਦੇ ਜਲਸੇ ਹੁੰਦੇ। ਕਮਯੂਨਿਸਟ ਲੀਡਰ ਥਾਣੇਦਾਰਾਂ ਤੇ ਪੁਲਸ ਕਪਤਾਨਾਂ ਨੂੰ ਉਨ੍ਹਾਂ ਦੇ ਮੂੰਹ ਤੇ ਸਿੱਧੀਆਂ ਸਿੱਧੀਆਂ ਸੁਣਾਂਦੇ, "ਤੁਸੀਂ ਨਿੱਕੇ ੨ ਹਿਟਲਰ ਤੇ ਟੋਜੋ ਹੋ, ਅਸਾਂ ਉਹਨਾਂ ਦਾ ਰਾਜ ਖ਼ਤਮ ਕਰ ਦਿਤਾ ਹੈ, ਤੁਹਾਡਾ ਰਾਜ ਵਧੇਰਾ ਚਿਰ ਨਹੀਂ ਰਹਿ ਸਕਦਾ।" ਜਾਂ "ਪੁਲਸ ਵਾਲਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਰੋਟੀਆਂ ਨਾਲ ਬੰਨ੍ਹ ਕੇ ਲਿਆਇਆ ਕਰਨ, ਜੱਟਾਂ ਦੇ ਘਰੋਂ ਰੋਟੀਆਂ ਖਾਣ ਦਾ ਉਹਨਾਂ ਨੂੰ ਕੋਈ ਹੱਕ ਨਹੀਂ।" ਆਲਾ ਸਿੰਘ ਟੋਡੀ ਨਹੀਂ ਸੀ। ਮੁਰੱਬੇ ਮਿਲਣ ਵੇਲੇ ਉਸ ਮੁਰੱਬਾ ਲੈਣੋ ਨਾਹ ਕਰ ਦਿਤੀ ਸੀ, ਉਹ ਸਾਹਿਬ ਦੇ ਤਰਲੇ ਨਹੀਂ ਸੀ ਪਾਉਣਾ ਚਾਹੁੰਦਾ। ਪਰ ਇਹੋ ਜੇਹੀਆਂ ਗੱਲਾ ਉਸ ਦੇ ਮੂੰਹੋਂ ਨਹੀਂ ਸਨ ਨਿਕਲ ਸਕਦੀਆਂ। ਉਸ ਉਹ ਵੇਲੇ ਦੇਖੇ ਸਨ ਜਦੋਂ ਨੰਬਰਦਾਰ ਜਾਂ ਜ਼ੈਲਦਾਰ ਦੇ ਵਿਰੁਧ ਗੱਲ ਆਖਣੀ ਜੁਰਮ ਸੀ। ਉਹ ਇਹਨਾਂ ਗੱਲਾਂ ਤੇ ਤਾਲੀਆਂ ਨਹੀਂ ਸੀ ਵਜਾ ਸਕਦਾ, ਡਰ ਤੋਂ ਨਹੀਂ, ਇਸ ਲਈ ਕਿ ਇਹ ਉਸ ਦੇ ਦਿਲ ਦੀਆਂ ਆਵਾਜ਼ਾਂ ਨਹੀਂ ਸਨ। ਪਰ ਉਹ ਇਹ ਵੀ ਅਨੁਭਵ ਕਰ ਲੈਂਦਾ ਕਿ ਉਹ ਹੁਣ ਮੁਹਰਲੀ ਪਾਲ ਵਿਚ ਨਹੀਂ ਖਲੋਤਾ ਸੀ। ਉਸ ਦੇ ਅਗੇ ਕਈ ਹੋਰ ਲੋਕ ਸਨ ਤੇ ਉਹ ਭਜ ਕੇ ਉਹਨਾਂ ਨੂੰ ਨਹੀ ਮਿਲ ਸਕਦਾ ਸੀ। ਉਸ ਲਈ ਤਾਂ ਇਹ ਬੜੀਆਂ ਔਖੀਆਂ ਘਾਟੀਆਂ ਸਨ। ਕਮਯੂਨਿਸਟ

ਮੁੰਡੇ ਡਿਪਟੀ ਕਮਿਸ਼ਨਰਾਂ ਤੇ ਪੁਲਸ ਕਪਤਾਨਾਂ ਨੂੰ ਮਿਲਦੇ ਤੇ ਧੰਨਵਾਦੀ ਹੋਣ ਦੀ ਥਾਂ ਉਹਨਾਂ ਨਾਲ ਹੋਈ ਹੋਈ ਗੱਲ ਬਾਤ ਉਤੇ ਖੁਲ੍ਹੇ ਜਲਸਿਆਂ ਵਿਚ ਨੁਕਤਾ ਚੀਨੀ ਕਰਦੇ। ਸਰਕਾਰ ਦੇ ਬਾਰੇ ਇਹ ਲੋਕ ਇਸ ਤਰ੍ਹਾਂ ਗੱਲਾਂ ਕਰਦੇ ਜਿਵੇਂ ਕਿਸੇ ਨਾਲ ਦੇ ਪਿੰਡ ਦੀ ਪਰ੍ਹੇ ਹੁੰਦੀ ਹੈ।

ਕਈ ਫ਼ੌਜੀ ਮੁੜ ਕੇ ਪਿੰਡ ਆ ਰਹੇ ਸਨ, ਆਜ਼ਾਦ ਹਿੰਦ ਫ਼ੌਜ ਦੇ ਤੇ ਕਈ ਦੂਜੇ। ਰਾਜ ਉਲਟਾਉਣ ਦੇ ਸੁਪਨੇ ਵੇਖਣ ਵਾਲੇ, ਆਜ਼ਾਦ ਦੇਸ਼ ਵਿਚ ਆਜ਼ਾਦ ਬੰਦਿਆਂ ਵਾਂਗ ਫਿਰਨ ਵਾਲੇ। ਇਹਨਾਂ ਫ਼ੌਜੀਆਂ ਨੇ ਜਰਨੈਲ ਵੇਖੇ, ਵਜ਼ੀਰ ਵੇਖੇ, ਬਾਦਸ਼ਾਹ ਵੇਖੇ, ਬੰਦੂਕਾਂ, ਤੋਪਾਂ, ਮਸ਼ੀਨ ਗੰਨਾਂ ਚਲਾਣੀਆਂ ਸਿੱਖੀਆਂ, ਮੋਟਰਾਂ, ਤੇ ਟੈਂਕ ਚਲਾਣੇ ਸਿਖੇ, ਅੰਗ੍ਰੇਜ਼ ਵੇਖੇ, ਅਮਰੀਕਨ ਵੇਖੇ, ਹਬਸ਼ੀ ਵੇਖੇ, ਇਟੇਲੀਅਨਾਂ ਨੂੰ ਕੈਦ ਰਖਿਆ, ਈਰਾਨ, ਮਿਸਰ, ਇਟਲੀ, ਫ਼ਰਾਂਸ ਤੇ ਇੰਗਲਿਸਤਾਨ ਵਿਚ ਉਹ ਗਏ। ਕਿੰਨੀਆਂ ਕੌਮਾਂ ਦੀਆਂ ਉਮੈਦਾਂ ਬਣੇ ਰਹੇ। ਆਲਾ ਸਿਘ ਨੂੰ ਆਖ਼ਿਰ ਉਹ ਕਿੱਡਾ ਕੁ ਵੱਡਾ ਬੰਦਾ ਸਮਝ ਸਕਦੇ ਸਨ।

ਇਕ ਕਵੀ ਮੁੰਡੇ ਨੂੰ ਦੂਰੋਂ ਦੂਰੋਂ ਜਲਸਿਆਂ ਤੇ ਸੱਦੇ ਆਉਂਦੇ। ਵੱਡੇ ਵੱਡੇ ਅਖ਼ਬਾਰੀ ਲੋਕਾਂ ਨਾਲ ਉਸ ਦਾ ਮੇਲ ਮਿਲਾਪ ਸੀ। ਇਹਨਾਂ ਮੁਲਾਕਾਤਾਂ ਦੀਆਂ ਗੱਲਾਂ ਉਹ ਜਲਸਿਆਂ ਤੋਂ ਆ ਕੇ ਸੁਣਾਦਾਂ ਤੇ ਲੋਕੀਂ ਬੜੇ ਗਹੁ ਨਾਲ ਸੁਣਦੇ। ਇਸ ਸਭ ਕੁਝ ਦੇ ਸਾਹਮਣੇ ਆਲਾ ਸਿੰਘ ਲੜਖੜਾ ਜਾਂਦਾ। ਪਿੰਡ ਵਿਚ ਸਭ ਤੋਂ ਉੱਚੀ ਥਾਂ ਤੋਂ ਬਿਨਾਂ ਉਸ ਹੋਰ ਕੋਈ ਥਾਂ ਨਹੀਂ ਸੀ ਵੇਖੀ ਤੇ ਇਸ ਥਾਂ ਤੋਂ ਬਿਨਾਂ ਹੋਰ ਕੋਈ ਥਾਂ ਉਹ ਕਬੂਲਣ ਲਈ ਤਿਆਰ ਵੀ ਨਹੀਂ ਸੀ। ਜਦੋਂ ਉਹ ਟੱਪ ਥੱਲੇ ਆ ਕੇ ਬਹਿੰਦਾ ਤਾਂ ਲੋਕਾਂ ਦਾ ਧਿਆਨ ਖਿੱਚਣ ਲਈ ਕਈ ਗੀਟੇ ਆਪਣੀ ਥੈਲੀ ਵਿਚੋਂ ਕੱਢਦਾ। ਨੇੜੇ ਤੇੜੇ ਦੇ ਵੱਡੇ ਪੀਰਾਂ ਫ਼ਕੀਰਾਂ ਦੀਆਂ ਗੱਲਾਂ ਸੁਣਾਂਦਾ, "ਪੀਰ ਬਹਾਰ ਸ਼ਾਹ ਤੇ ਅਸਲੋਂ ਮਸਤਾਨਾ ਸੀ। ਮੇਰੀ ਇਕ ਮੱਝ ਨੂੰ ਘੋਟੂ

ਪਿਆ—ਬੜੀ ਮੱਝ ਸੀ ਉਹ, ਇਹਨਾਂ ਵਟੂਆਂ ਤੋਂ ਲਈ ਸੀ ਮੈਂ ਲੜ ਝਗੜ ਕੇ, ਡੰਗਰ ਨਹੀਂ ਸਨ ਇਹ ਸੌਹਰੇ ਹੱਥੋਂ ਛੱਡਦੇ, ਲੇਖਾ ਭਾਵੇਂ ਕਿੱਨਾਂ ਦੇਈਏ—ਉਸ ਮੱਝ ਨੂੰ ਘੋਟੂ ਪਿਆ ਤੇ ਮੈਂ ਖੀਰ ਸੁਖੀ। ਮੱਝ ਬਚ ਰਹੀ। ਰੱਬੋਂ ਈ ਬਚ ਰਹੀ, ਬਹਾਰਸ਼ਾਹ ਵਿਚਾਰੇ ਉਥੇ ਕੀ ਕਰਨਾ ਸੀ। ਲਉ ਜੀ ਉਹ ਮੈਂ ਖੀਰ ਲੈ ਕੇ ਗਿਆ ਤੇ ਇਕ ਥੜ੍ਹੇ ਜਹੇ ਤੇ ਬੈਠਾ ਹੋਇਆ ਪਰ ਨੰਗਾ ਈ ਤੇ ਬਸ ਅਸਲੋਂ ਪਲਾਂਘ ਕੁ ਤੇ ਕੋਲ ਥੜ੍ਹੇ ਦੇ ਉਤੇ ਈ ਝਾੜੇ ਫਿਰਿਆ ਹੋਇਓ ਸੂ।"

ਤੇ ਕਦੀ ਕੋਈ ਹੋਰ ਅਨੋਖੀ ਜਹੀ ਗੱਲ ਲੈ ਟੁਰਦਾ। "ਇਹ ਜਿਹੜੇ ਅੰਗ੍ਰੇਜ਼ ਨੇ ਇਹ ਖੜੀ ਤਾੜ ਵਾਲੇ ਬੰਦੇ ਹੁੰਦੇ ਨੇ। ਨੁਹਾਰ ਦੀ ਬੜੀ ਸਞਾਣ ਰੱਖਦੇ ਨੇ। ਇਕ ਬੰਦੋਬਸਤ ਵਾਲਾ ਸਾਹਿਬ ਸੀ ਪੁਰਾਣਾ ਤੇ ਕਿਧਰੇ ਬਾਪੂ ਉਰਾਂ ਦੇ ਵੇਲੇ ਇਧਰ ਰਹਿ ਗਿਆ ਹੋਇਆ ਸੀ। ਅਮਰ ਸਿੰਘ ਦੀ ਰੱਖ ਵਿਚ ਸ਼ਿਕਾਰ ਖੇਡਦਾ ਮੈਨੂੰ ਟੱਕਰ ਗਿਆ। ਅਜ਼ ਕਾਲੀ ਦਾੜ੍ਹੀ ਸਾਂ, ਮੈਂ ਓਦੋਂ। ਝਟ ਆਂਹਦਾ ਏ "ਓਇ ਤੁਮ ਲਥਾ ਸਿੰਘ ਦਾ ਲੜਕਾ ਏਂ, ਮੈਂ ਆਖਿਆ ਜੀ ਆਹੋ ਉਹ ਮੇਰਾ ਬਾਪ ਸੀ।"

ਕਦੀ ਉਹ ਪਿੰਡ ਦੇ ਮੁੰਡਿਆਂ ਦੇ ਦਾਦਿਆਂ ਪੜਦਾਦਿਆਂ ਦੇ ਘੁਲਣ ਤੇ ਦੌੜਾਂ ਦੇ ਮੁਕਾਬਲੇ, ਜਾਂ ਭੱਟੀਆਂ ਤੇ ਖਰਲਾਂ ਦੀ ਵੱਡੀ ਲੜਾਈ ਦੀਆਂ ਗੱਲਾਂ ਛੇੜ ਦਿੰਦਾ। ਗੱਲ ਬਾਤ ਵਿਚ ਉਹ ਸਾਰੇ ਪਿੰਡ ਵਿਚੋਂ ਸੁਚੱਜਾ ਸੀ ਪਰ ਗੱਲਾਂ ਅੰਤ ਮੁਕ ਜਾਂਦੀਆਂ। ਥੋੜ੍ਹੀ ਦੇਰ ਰਸ ਰਹਿੰਦਾ ਤੇ ਫਿਰ ਕਾਵਾਂ ਰੌਲੀ ਪੈ ਜਾਂਦੀ ਤੇ ਇਸ ਕਾਵਾਂ ਰੌਲੀ ਵਿਚ ਆਲਾ ਸਿੰਘ ਦੀ ਸ਼ਖ਼ਸੀਅਤ ਗਵਾਚ ਜਾਂਦੀ।

ਇਕ ਦਿਨ ਇਕ ਵੱਡਾ ਸਾਰਾ ਇਨਾਮੀ ਘੋੜਾ ਆਲਾ ਸਿੰਘ ਮੁਲ ਲੈ ਆਇਆ। ਨੇੜੇ ਨੇੜੇ ਦੇ ਸਾਰੇ ਚੰਗੀ ਘੋੜੀਆਂ ਘੋੜੇ ਉਸ ਮੁਕਾਬਲੇ ਲਈ ਸਦੇ ਤੇ ਹਰਾ ਦਿਤੇ, ਭੱਜਣ ਵਿਚ ਨੇਜ਼ ਵਿਚ ਤੇ ਭੁੰਬਰਾਂ ਵਿਚ ਆਲਾ ਸਿੰਘ ਦੀ ਹਵੇਲੀ ਤੇ ਮੁਕਾਬਲਾ

ਵੇਖਣ ਵਾਲਿਆਂ ਦਾ ਮੇਲਾ ਲੱਗਾ ਰਹਿੰਦਾ। ਉਹ ਵੀ ਘੋੜੇ ਨੂੰ ਲੋੜ ਤੋਂ ਵਧ ਸੰਗਲ ਪਿਛਾੜੀਆਂ ਪਾਈ ਰੱਖਦਾ, ਆਏ ਗਏ ਨੂੰ ਰੋਟੀ ਪਾਣੀ ਦੇਂਦਾ ਤੇ ਘੋੜੇ ਦੀਆਂ ਗੱਲਾਂ ਸੁਣਾਂਦਾ। ਇਕ ਅੜੀ-ਖੋਰਾ ਜੱਟ ਵੀ ਆਪਣੀ ਘੋੜੀ ਭਜਾਣ ਲਈ ਲੈ ਆਇਆ। ਆਖੇ ਜਾਂ ਘੋੜੀ ਦੇ ਦੇਣੀ ਜਾਂ ਘੋੜਾ ਲੈ ਲੈਣਾ। ਦੌੜ ਹੋਈ, ਘੋੜੀ ਹਾਰ ਗਈ। ਘੜੀ ਵਾਲੇ ਜੱਟ ਨੇ ਘੜੀ ਆਲਾ ਸਿੰਘ ਦੀ ਖੁਰਲੀ ਤੇ ਦੇਨ੍ਹ ਦਿਤੀ। ਸਾਰੀ ਭੀੜ ਦੇ ਸਾਹਮਣੇ ਆਲਾ ਸਿੰਘ ਨੇ ਉਸ ਦੇ ਮੋਢੇ ਤੇ ਹੱਥ ਧਰ ਕੇ ਆਖਿਆ "ਗੱਲ ਸੁਣ ਭਰਾਵਾ ਇਹ ਖੁਰਲੀ ਵੀ ਤੇਰੀ ਤੇ ਕਿੱਲੇ ਵੀ ਤੇਰੇ। ਜੇ ਤੇ ਘੋੜੀ ਬੱਧੀ ਆ ਆਪਣੀ ਕਰਕੇ ਤਾਂ ਜਮ ਜਮ, ਪਰ ਜੇ ਕੋਈ ਮੇਰੀ ਕਰਕੇ ਬੱਧੀ ਆ ਤੇ ਹੁਣੇ ਖੋਲ੍ਹ ਲੈ। ਮੈਂ ਕੋਈ ਤੇਰੀ ਘੋੜੀ ਦਾ ਬਪਾਰ ਤੇ ਨਹੀਂ ਨਾ ਕਟਨਾਂ ਪਈ ਕੋਈ ਬਪਾਰੀ ਆਂ ਮੈਂ। ਮੈਨੂੰ ਤੇ ਇਹ ਮੇਰਾ ਆਪਣਾ ਈ ਬੜਾ ਏ ਕਰਮਾਂ ਵਾਲਾ, ਬਸ ਜੀਊ ਦਾ ਰਹੇ।" ਹਰ ਪਾਸਿਓਂ ਵਾਹਵਾ ਹੋਈ।

ਅਗਲੇ ਦਿਨ ਹੀ ਇਕ ਸੀਟ ਲਈ ਮੈਂਬਰ ਖਲ੍ਹਾਰਣ ਦੀ ਗੱਲ ਹੋ ਪਈ। ਆਲਾ ਸਿੰਘ ਦੇ ਖ਼ਿਆਲ ਵਿਚ ਇਹ ਕੋਈ ਵਧੇਰੇ ਸੋਚਣ ਵਾਲੀ ਗੱਲ ਨਹੀਂ ਸੀ "ਪਿਛਲੀ ਵੇਰੀ ਮੈਂਬਰ ਸੀ ਸ਼ੇਰੇਕੀ ਬ੍ਰਾਦਰੀ ਦਾ। ਐਤਕੀ ਸਾਡੀ ਟੱਲੇ ਕਿਆਂ ਦੀ ਵਾਰੀ ਏ। ਪਿੰਡ ਤੇ ਉਹਨਾਂ ਨਾਲੋਂ ਸਾਡੇ ਵੋਟ ਬਹੁਤੇ ਨੇ ਪਰ ਅੱਧ ਤੇ ਦੇਣ ਨਾ ਸਾਨੂੰ।" ਪਰ ਆਲਾ ਸਿੰਘ ਦੀ ਇਹ ਦਲੀਲ ਕਿਸੇ ਨੂੰ ਜਚੀ ਨਾ। ਉਹ ਪਾਰਟੀਆਂ ਦੀਆਂ ਟਿਕਟਾਂ, ਪਾਲਿਸੀਆਂ ਤੇ ਪ੍ਰੋਗ੍ਰਾਮਾਂ, ਚੋੜੇ ਤੇ ਸੌੜ ਦ੍ਰਿਸ਼ਟੀ ਕੋਨਾਂ ਦੀਆਂ ਗੱਲਾਂ ਕਰਨ ਲਗ ਪਏ। ਆਖ਼ਿਰ ਇਹ ਕੌਣ ਲੋਕ ਸਨ ਜੋ ਆਪਣੀ ਕੱਲ ਨਾਲੋਂ ਵੀ ਟਿਕਟ ਨੂੰ ਚੰਗਾ ਸਮਝਦੇ ਸਨ। ਪਿਛਲੇ ਦਿਨ ਦੀ ਵਾਹਵਾ ਪਿਛੋਂ ਇਹ ਹਾਰ ਚੋਖੀ ਚੁਭਵੀਂ ਸੀ। ਆਲਾ ਸਿੰਘ ਉਠ ਕੇ ਆਪਣੀ ਹਵੇਲੀ ਨੂੰ ਟੁਰ ਪਿਆ। ਓਥੇ

ਮੁਠੱਥਿਆਂ ਵਾਲਾ ਮੰਗਲ ਸਿੰਘ ਆਇਆ ਹੋਇਆ ਸੀ। ਮੰਗਲ ਸਿੰਘ ਆਲਾ ਸਿੰਘ ਦਾ ਲੰਗੋਟੀਆ ਯਾਰ ਸੀ ਪਰ ਦੂਰ ਹੋਣ ਕਰਕੇ ਦੋਵੇਂ ਘਟ ਵਧ ਹੀ ਮਿਲਦੇ ਸਨ।

"ਮੰਗਲ ਸਿੰਹਾਂ ਤੈਨੂੰ ਆਖਿਆ ਸੀ ਨਾ ਆਲ੍ਹਣਿਓਂ ਡਿੱਗਾ ਬੋਟ ਮੁੜ ਨਹੀਂ ਵਿਚ ਪਿਆ ਕਦੀ। ਪਿੰਡੋਂ ਨਿਕਲ ਕੇ ਤੂੰ ਅਸਲੋਂ ਬੇਗਾਨਾ ਹੋ ਗਿਆ ਏਂ।" ਤੇ ਫਿਰ ਹੋਰ ਹੋਰ ਗੱਲਾਂ ਹੁੰਦੀਆਂ ਰਹੀਆਂ ਮਾਲ ਡੰਗਰ ਦੀਆਂ, ਫ਼ਸਲਾਂ ਦੀਆਂ, ਗਵਾਂਢੀ ਪਿੰਡਾਂ ਦੀਆਂ, ਗੱਡੀਆਂ ਦੀਆਂ, ਭੀੜਾਂ ਦੀਆਂ। "ਆ ਪਿੰਡ ਚੱਲੀਏ ਆਲਾ ਸਿੰਹਾਂ ਟੱਪ ਹੇਠ ਬਹਾਂਗੇ ਝਟ, ਕੋਈ ਗੱਲ ਕਰਾਂ ਸੁਣਾਂਗੇ।"

"ਪਿੰਡ ਤੇ ਅਸਲੋਂ ਖੱਚ ਹੋ ਗਿਆ ਏ। ਬੰਦਾ ਤੇ ਅਸਲੋਂ ਰਿਹਾ ਈ ਕਾਈ ਨਹੀਂ ਨਾ। ਮੁੰਡੀਰ ਏ ਭੂਤੀ ਹੋਈ ਤੇ ਹਰ ਵੇਲੇ ਕਾਵਾਂ ਰੌਲੀ ਪਾਈ ਰਖਦੀ ਏ। ਨਾ ਕੋਈ ਸੁਰ ਸੁਆਦ ਦੀ ਕਰਨੀ ਤੇ ਨਾ ਕੋਈ ਸੁਣਨੀ। ਮੈਨੂੰ ਤੇ ਟੱਪ ਅਸਲੋਂ ਉਜਾੜ ਲਗਦਾ ਏ ਉਜਾੜ। ਮੈਂ ਨਹੀਂ ਜਾਣਾ ਓਥੇ ਕਦੀ।"

ਕੋਲ ਹੀ ਬੇਰੀ ਹੇਠ ਬੱਧਾ ਧੌਲਾ ਢੱਗਾ ਉਗਾਲੀ ਕਰ ਰਿਹਾ ਸੀ। ਉਸ ਦੇ ਪੱਕੇ ਹੋਏ ਕੰਨ੍ਹ ਤੇ ਇਕ ਕਾਂ ਚੁੰਝਾਂ ਮਾਰ ਕੇ ਲਹੂ ਕੱਢ ਰਿਹਾ ਸੀ ਪਰ ਢੱਗਾ ਆਪਣੇ ਲੰਮੇ ਸਿੰਙਾਂ ਨਾਲ ਉਸ ਨੂੰ ਹਟਾਂਦਾ ਨਹੀਂ ਸੀ।

"ਧੌਲਾ ਤੇ ਅਸਲੋਂ ਹੀ ਹੁੱਸੜ ਗਿਆ ਜਾਪਦਾ ਏ। ਕੰਨ੍ਹ ਤੋਂ ਕਾਂ ਵੀ ਨਹੀਂ ਮੋੜਦਾ," ਆਲਾ ਸਿੰਘ ਨੇ ਸੋਚਿਆ।

ਸੜਕ ਤੇ ਮਲਕ ਦਾ ਨੌਕਰ ਪਿੰਡੋਂ ਅਖ਼ਬਾਰ ਲਿਆਉਣ ਲਈ ਘੋੜੀ ਤੇ ਚੜ੍ਹਿਆ ਜਾ ਰਿਹਾ ਸੀ। ਆਲਾ ਸਿੰਘ ਨੇ ਉਸ ਨੂੰ ਵੇਖਿਆ ਪਰ ਅੱਜ ਕਵਾਇਆ ਨਾ।

# ਕਿਸੇ ਹੋਰ ਨੂੰ ਵੀ

ਉਹ ਫ਼ੌਜ ਵਿਚ ਇਕ ਅਫ਼ਸਰ ਸੀ।

ਮਨੁੱਖ ਦੇ ਇਤਿਹਾਸ ਦੀ ਸਭ ਤੋਂ ਵੱਡੀ ਜੰਗ ਲੜਨ ਲਈ ਤਿਆਰ ਕੀਤੀ ਜਾ ਰਹੀ ਫ਼ੌਜ ਦੀ ਅਫ਼ਸਰੀ ਇਕ ਵਰਦੀਆਂ, ਸੈਲੂਟਾਂ, ਬੈਂਡਾਂ, ਪੋਲੋ ਤੇ ਗਾਫ਼ ਦੀਆਂ ਬਾਜ਼ੀਆਂ, ਡਿੱਨਰਾਂ ਤੇ ਸ਼ਰਾਬਾਂ ਦੀ ਅਮੁੱਕ ਲੜੀ ਨਹੀਂ ਸੀ ਸਗੋਂ ਇਕ ਭਿਆਨਕ ਅਸਲੀਅਤ ਨੂੰ ਸਾਹਮਣੇ ਵੇਖ ਕੇ ਤਗੜਾਈ ਦੇ ਉੱਚੇ ਤੋਂ ਉੱਚੇ ਮਿਆਰ ਤੇ ਅਪੜਨ ਲਈ ਯਤਨ ਸੀ। ਫ਼ੌਜਾਂ ਦੇ ਵਧੇਰੇ ਹਿਸੇ ਨੇ ਛਾਉਣੀਆਂ ਤਿਆਗ ਕੇ ਖੁਲ੍ਹੇ ਮੈਦਾਨਾਂ ਵਿਚ ਡੇਰੇ ਲਾਏ ਹੋਏ ਸਨ। ਜਿਥੇ ਜਿਥੇ ਕਿਸੇ ਯੂਨਿਟ ਦੀ ਸਖਲਾਈ ਚੰਗੀ ਹੋ ਸਕਦੀ ਓਥੇ ਹੀ ਉਸ ਲਈ ਤੰਬੂ ਲਾ ਦਿਤੇ ਜਾਂਦੇ। ਇਸ ਅਸੂਲ ਹੇਠ ਕੈਪਟਨ ਮੁਨੀਰ ਦੀ ਮੋਟਰਾਂ ਦੀ ਯੂਨਿਟ ਦੇ ਹਿੱਸੇ ਅਲਮੋਰਾ ਤੇ ਰਾਣੀਖੇਤ ਦੇ ਪਹਾੜਾਂ ਦੇ ਪੈਰਾਂ ਹੇਠ ਲੇਟਿਆ ਹੋਇਆ ਮੈਦਾਨ ਆਇਆ ਸੀ। ਨੇੜੇ ਨੇੜੇ ਕੋਈ ਵੱਸੋਂ ਨਹੀਂ ਸੀ। ਸਾਦੇ ਕਪੜਿਆਂ ਵਾਲਾ ਇਸਤ੍ਰੀ ਮਰਦ ਘਟ ਹੀ ਵੇਖਣ ਵਿਚ ਆਉਂਦਾ ਸੀ। ਚਾਰ ਚੁਫੇਰੇ ਵੱਸਦੇ ਸੰਸਾਰ ਦੀ ਅਨਭਵਤਾ ਕੇਵਲ ਰੇਡੀਓ ਰਾਹੀਂ ਹੀ ਹੁੰਦੀ! ਇਸ ਸੁੰਞੇ ਜਹ ਡੇਰੇ ਦੇ ਸਾਰੇ ਵਸਨੀਕ ਇਕੋ ਹੀ ਵੱਡੇ ਨਿਸ਼ਾਨੇ ਨੂੰ ਮੁਖ ਰਖ ਕੇ ਕੰਮ ਕਰਦੇ ਰਹਿੰਦੇ ਤੇ ਉਹ ਨਿਸ਼ਾਨਾ ਸੀ ਜੰਗ। ਕੁਝ ਕੁ

ਠੇਕੇਦਾਰ, ਹਟਵਾਣੀਏ ਤੇ ਦਰਜ਼ੀ ਆਦਿ ਵੀ ਸਨ ਪਰ ਇਹ ਲੋਕ ਇਸ ਖ਼ਾਕੀ ਵਾਯੂ-ਮੰਡਲ ਵਿਚ ਬੜੇ ਅਨੋਖੇ ਲਗਦੇ ਸਨ।

ਰਾਤ ਨੂੰ ਆਫ਼ੀਸਰ ਮੈਸ ਵਿਚ ਬੈਟਰੀ ਵਾਲਾ ਰੇਡੀਓ ਕੈਂਪ ਦੀ ਚੁਪ ਚਾਂ ਤਰੋੜਦਾ। ਤੇਜ਼ ਰੌਸ਼ਨੀ ਵਾਲੇ ਗੈਸ ਬਲਦੇ। ਕੁਝ ਜਿੰਨ ਵਿਸਕੀ ਚਲਦੀ; ਅਫ਼ਸਰ ਆਪਣੀਆਂ ਚਿਠੀਆਂ ਤੇ ਆਪਣੇ ਇਲਾਕੇ ਤੋਂ ਆਈਆਂ ਅਖ਼ਬਾਰਾਂ ਪੜ੍ਹਦੇ। ਦਿਨ ਦੇ ਕੰਮ ਵਿਚ ਹੋਈਆਂ ਹਾਸੇ ਵਾਲੀਆਂ ਗੱਲਾਂ ਇਕ ਦੂਜੇ ਨੂੰ ਸੁਣਾਂਦੇ ਤੇ ਘਟ ਹਸ ਮੁਖ ਆਪਣੇ ਜਮਾਂਦਾਰਾਂ ਤੇ ਸੂਬੇਦਾਰਾਂ ਦੇ ਨਿਕਾਰੇ ਹੋਣ ਦੇ ਰੋਣੇ ਰੋਂਦੇ। ਕਝ ਅਨਜਾਣ ਸਿਆਣਿਆਂ ਕੋਲੋਂ ਫ਼ੌਜੀ ਗੱਲਾਂ ਪੁਛਦੇ। ਕੋਈ ਅਫ਼ਸਰ ਆਉਣ ਵਾਲੇ ਸਨਿੱਚਰਵਾਰ ਦੀ ਗੱਲ ਛੇੜ ਦਿੰਦਾ। ਇਸ ਰਾਤ ਉਹ ਸਾਰੇ ਇਕੱਠੇ ਹੋ ਕੇ ਨਾਚ ਕਰਨ ਲਈ ਬ੍ਰੈਲੀ ਕਲੱਬ ਵਿਚ ਜਾਂਦੇ ਹੁੰਦੇ ਸਨ। ਕੁਝ ਚਿਰ ਪਿਛੋਂ ਚਿੱਟੇ ਦੁਧ ਮੇਜ਼ਪੋਸ਼ਾਂ ਤੇ ਪਈਆਂ ਪਲੇਟਾਂ ਤੇ ਛੁਰੀਆਂ ਕਾਂਟਿਆਂ ਦੀ ਟਿਕ ਟਿਕ ਸੁਣਾਈ ਦਿੰਦੀ। ਸਾਹਬਾਂ ਦੇ ਘ੍ਰੋੜ ਕੇ ਮੁੰਨੇ ਹੋਏ ਮੂੰਹ ਖਾਣਾਂ ਚਬਾਦੇ ਅਜੀਬ ਅਜੀਬ ਲੱਗਦੇ ਤੇ ਫਿਰ ਸਾਰੇ ਅਫ਼ਸਰ ਨ੍ਹੇਰੇ ਸੌੜੇ ਰਾਹਾਂ ਤੇ ਸੱਪਾਂ ਤੋਂ ਡਰਦੇ ਬੈਟਰੀਆਂ ਲਿਸ਼ਕ ਦੇ ਆਪਣੇ ਆਪਣੇ ਤੰਬੂਆਂ ਵਿਚ ਜਾ ਕੇ ਸੌਂ ਰਹਿੰਦੇ।

ਸਨਿਚਰ ਵਾਰ ਦੀ ਕਲੱਬ ਵਾਲੀ ਰਾਤ ਵਿਚ ਮੁਨੀਰ ਨੂੰ ਵਧੇਰੀ ਦਿਲਚਸਪੀ ਨਹੀਂ ਸੀ। ਇਕ ਦੋ ਵੇਰ ਉਹ ਆਪਣੇ ਅੰਗ-ਰੇਜ਼ ਦੋਸਤਾਂ ਨਾਲ ਕਲੱਬ ਵਿਚ ਗਿਆ ਤੇ ਸੀ ਤੇ ਉਹਨਾਂ ਦੋਸਤਾਂ ਨੇ ਇਕ ਦੋ ਅੰਗਰੇਜ਼ ਕੁੜੀਆਂ ਨਾਲ ਉਸ ਦੀ ਜਾਣ ਪਛਾਣ ਵੀ ਕਰਾਈ ਸੀ। ਸ਼ਰਾਬ ਨਾਲ ਮਸਤ ਕੁੜੀਆਂ ਨੇ ਉਸ ਵੱਲ ਕਵੱਲੇ ਜਹੇ ਤਰੀਕੇ ਨਾਲ ਤੱਕਿਆ ਸੀ ਪਰ ਇਸ ਤੋਂ ਵਧ ਕੁਝ ਨਹੀਂ ਸੀ ਹੋਇਆ। ਆਖ਼ਰ ਉਹ ਏਨੇ ਲੋਕਾਂ ਸਾਹਮਣੇ ਓਪਰੀਆਂ

ਕੁੜੀਆਂ ਨਾਲ ਕਿਸ ਤਰ੍ਹਾਂ ਸ਼ਪਰ ਸ਼ਪਰ ਗੱਲਾਂ ਕਰ ਸਕਦਾ ਸੀ ਤੇ ਨੱਚਣਾ ਉਸ ਨੂੰ ਆਉਂਦਾ ਨਹੀਂ ਸੀ। ਪਹਿਲਾਂ ਪਹਿਲ ਤਾਂ ਜਦ ਉਸ ਏਨੇ ਸਾਰੇ ਨਸ਼ੱਈ ਜੋੜੇ ਇਕ ਦੂਜੇ ਨੂੰ ਆਪਣੇ ਸਰੀਰ ਨਾਲ ਘੁੱਟੀ ਲੋਕਾਂ ਦੇ ਸਾਹਮਣੇ ਟੱਪਦੇ ਵੇਖੇ ਤਾਂ ਉਸ ਨੂੰ ਆਪਣੀਆਂ ਅੱਖਾਂ ਤੇ ਇਤਬਾਰ ਨਹੀਂ ਆਇਆ ਸੀ। ਫਿਰ ਉਸ ਨੂੰ ਇਉਂ ਪ੍ਰਤੀਤ ਹੋਇਆ ਜਿਵੇਂ ਉਹ ਕਿਸੇ ਦੇ ਨ੍ਹਾਉਣ ਕਮਰੇ ਵਿਚ ਝਾਤੀ ਮਾਰ ਰਿਹਾ ਹੁੰਦਾ ਹੈ। ਉਸ ਆਪਣੇ ਅੰਗਰੇਜ਼ ਮਿੱਤਰ ਤੋਂ ਪੁਛਿਆ ਕਿ ਨੱਚਦਿਆਂ ਨੂੰ ਵੇਖਣਾ ਕੋਈ ਮਾੜਾ ਕੰਮ ਤੇ ਨਹੀਂ ਤੇ ਉਸ ਕਿਹਾ ਨਹੀਂ, ਇਹ ਇਸ ਤਰ੍ਹਾਂ ਹੀ ਹੈ ਜਿਸ ਤਰ੍ਹਾਂ ਤੁਸੀਂ ਹਾਕੀ ਦਾ ਮੈਚ ਵੇਖ ਰਹੇ ਹੁੰਦੇ ਹੋ। ਕਲੱਬ ਵਿਚ ਨਾਚ ਕਰਦਾ ਬ੍ਰਿਗੇਡੀਅਰ ਵੀ ਉਸ ਨੂੰ ਮਿਲਿਆ ਸੀ ਤੇ ਉਸ ਕਿਹਾ ਸੀ ਕਿ ਹਿੰਦੁਸਤਾਨੀ ਅਫ਼ਸਰਾਂ ਨੂੰ ਕਲੱਬ ਵਿਚ ਵੇਖ ਕੇ ਉਹ ਬੜਾ ਪ੍ਰਸੰਨ ਹੁੰਦਾ ਹੈ ਪਰ ਕਲੱਬ ਵਾਸਤੇ ਉਸ ਦਾ ਉਤਸ਼ਾਹ ਉੱਕਾ ਹੀ ਘਟ ਗਿਆ ਸੀ।

ਕੱਲੀਆਂ ਕੱਲੀਆਂ ਅੰਗਰੇਜ਼ ਕੁੜੀਆਂ ਨਾਲ ਉਸ ਕਈ ਵੇਰ ਗੱਲ ਬਾਤ ਕੀਤੀ ਸੀ ਤੇ ਉਹਨਾਂ ਦਾ ਮਨ ਪ੍ਰਚਾਣ ਵਿਚ ਸਫ਼ਲ ਹੋਇਆ ਸੀ ਪਰ ਲੋਕਾਂ ਦੇ ਸਾਹਮਣੇ ਗੱਲਾਂ ਕਰਨੀਆਂ ਉਸ ਦੇ ਹਿੰਦੁਸਤਾਨੀ ਸੁਭਾ ਦੇ ਉਲਟ ਸੀ। "ਆਖ਼ਰ ਇਸ ਵਿਚ ਮੁਸ਼ਕਲ ਕੀ ਹੈ। ਕੁੜੀ ਨੂੰ ਸਮਝੇ ਕਿ ਉਹ ਮੁੰਡਾ ਹੀ ਹੈ ਤੇ ਗੱਲਾਂ ਕਰੀ ਜਾਓ। ਪਿਛਲੀ ਵੇਰ ਤੇ ਮੈਂ ਐਵੇਂ ਹੀ ਸੰਙ ਗਿਆ।"

ਉਸ ਕਈ ਵੇਰ ਆਪਣੇ ਮਨ ਨੂੰ ਸਮਝਾਇਆ ਸੀ ਕਈ ਵਰ ਚਿੱਤ ਤੇ ਟਰਨਾ ਲੋੜਦਾ ਹੈ, ਪਰ ਸਰੀਰ ਕਮਜ਼ੋਰ ਹੁੰਦਾ ਹੈ ਤੇ ਸਾਥ ਨਹੀਂ ਦਿਦਾ। ਉਸ ਦਾ ਇਹ ਇਰਾਦਾ ਨਿਸਫਲ ਹੀ ਰਿਹਾ ਸੀ, ਭਾਵੇਂ ਉਸ ਨੂੰ ਆਪਣੇ ਮਨਮੋਹਣੇ ਹੋਣ ਵਿਚ ਰਤਾ ਸ਼ੱਕ ਨਹੀਂ ਸੀ। ਉਹ ਜਾਣਦਾ ਸੀ ਕਿ ਬੰਗਲੌਰ ਵਿਚ ਇਕ ਮਿਲਕ ਬਾਰ ਤੇ

ਕੰਮ ਕਰਨ ਵਾਲੀ ਐਂਗਲੋ-ਇੰਡੀਅਨ ਕੁੜੀ ਉਸ ਨੂੰ ਸਾਰੇ ਗੋਰਿਆਂ ਤੋਂ ਪਹਿਲਾਂ ਦੁਧ ਦੇਂਦੀ ਸੀ। ਐਫ. ਸੀ. ਕਾਲਜ ਵਿਚ ਪੜ੍ਹਦਿਆਂ ਜਮਾਤ ਦੀਆਂ ਕੁੜੀਆਂ ਬੜੇ ਚਾ ਨਾਲ ਉਸ ਦੇ ਇਮਤਿਹਾਨਾਂ ਦੇ ਪਰਚੇ ਮੰਗ ਕੇ ਲੈ ਜਾਂਦੀਆਂ ਸਨ। ਇਕ ਵੇਰ ਆਫ਼ੀਸਰ ਸ਼ਾਪ ਤੇ ਉਸ ਜਰਾਬਾਂ ਦਾ ਜੋੜਾ ਵੇਖਣ ਪਿਛੋਂ ਸ਼ਾਪ ਦੇ ਕੰਮ ਕਰਨ ਵਾਲੀ ਕੁੜੀ ਦੇ ਹੱਥ ਵਿਚ ਫੜਾਨ ਦੀ ਥਾਂ ਉਸ ਦੇ ਮੋਢੇ ਤੇ ਟਿਕਾ ਦਿਤਾ ਸੀ ਤੇ ਕੁੜੀ ਮੁਸਕਰਾ ਪਈ ਸੀ। ਇਕ ਹੋਰ ਵੇਰ ਰਾਤ ਦੀ ਗਡੀ ਫ਼ਸਟ ਕਲਾਸ ਦੇ ਡੱਬੇ ਵਿਚ ਅਲਾਹਬਾਦ ਤੋਂ ਜੱਬਲਪੁਰ ਜਾਂਦਿਆਂ ਉਸ ਦੇ ਨਾਲ ਦੀ ਬਰਥ ਤੇ ਕੱਲੀ ਸੁਤੀ ਮੇਮ ਉਸ ਦੀ ਵਾਹਵਾ ਦੋਸਤ ਬਣ ਗਈ ਸੀ।

ਇਹੋ ਜਹੀਆਂ ਕੁਝ ਕੁ ਮਨ ਪ੍ਰਚਾਊ ਮਿੱਠੀਆਂ ਯਾਦਾਂ ਤੋਂ ਬਿਨਾਂ ਸਾਰਾ ਦਿਨ ਕੋਈ ਕੋਮਲ ਖਿਆਲ ਮਨ ਵਿਚ ਲਿਆਉਣ ਦਾ ਉਸ ਨੂੰ ਅਵਸਰ ਨਹੀਂ ਸੀ ਮਿਲਦਾ। ਸੂਰਜ ਦੀ ਟਿੱਕੀ ਨਾਲ ਜਦ ਉਹ ਵਰਦੀ ਪਾ ਕੇ ਆਪਣੇ ਤੰਬੂ ਵਿਚੋਂ ਨਿਕਲਦਾ ਤਾਂ ਸਿਪਾ-ਹੀਆਂ ਦੇ ਤੰਬੂਆਂ ਤੋਂ ਪਰ੍ਹਾਂ ਮੈਦਾਨ ਵਿਚ ਉਸ ਦੀ ਕੰਪਨੀ ਪਰੇਡ ਲਈ ਤਿਆਰ ਖੜੀ ਹੁੰਦੀ। ਸੁੱਕੇ ਹੋਏ ਘਾਹ ਦੇ ਮੈਦਾਨ ਵਿਚ ਸਿਧੀਆਂ ਪਾਲਾਂ ਵਿਚ ਅਹਿਲ ਖਲੋਤੇ ਸਿਪਾਹੀਆਂ ਦੇ ਖ਼ਾਕੀ ਸਰੀਰ ਤੜਕੇ ਦੇ ਨਿੰਮ੍ਹੇ ਚਾਨਣ ਵਿਚ ਬੜੇ ਡਰਾਉਣ ਜਹੇ ਲੱਗਦੇ। ਉਸ ਦੇ ਨੇੜੇ ਅਪੜਨ ਤੇ ਸੂਬੇਦਾਰ ਉਹਨਾਂ ਨੂੰ ਅਟੈਨਸ਼ਨ ਕਰਦਾ ਤੇ ਫਿਰ ਸੈਲੂਟ ਕਰ ਕੇ ਰਪੋਰਟ ਦਿੰਦਾ "੩ ਬੀਮਾਰ ੨ ਤੰਬੂਆਂ ਵਿਚ ਬੰਦ, ੭ ਲਾਈਨਾਂ ਦੀ ਸਫਾਈ ਲਈ, ੫ ਛੁੱਟੀ ਉਤੇ, ੮੦ ਪ੍ਰੇਡ ਤੇ ਹਾਜ਼ਰ।" ਹਰ ਰੋਜ਼ ਮੁਨੀਰ ਉਹਨਾਂ ਦੀ ਇਨਸਪੈਕਸ਼ਨ ਕਰਦਾ। ਬੂਟਾਂ ਤੋਂ ਲੈ ਕੇ ਪਗੜੀ ਤਕ ਉਹ ਸਿਪਾਹੀ ਨੂੰ ਬਾਹਰੋ ਬਾਹਰੋਂ ਵੇਖਦਾ ਤੇ ਨੁਕਸ ਕੱਢਦਾ। ਅਖੀਂ ਵਲ ਵੀ ਉਸ ਦਾ ਧਿਆਨ ਜਾਂਦਾ; ਧੋਤੀਆਂ

ਹੋਈਆਂ ਹਨ ਕਿ ਨਹੀਂ, ਪਰ ਅੱਖਾਂ ਦੇ ਵਿਚੋਂ ਦੀ ਦਿੱਸ ਰਹੇ ਅੰਦਰਲੇ ਬੰਦੇ ਵੱਲ ਉਹ ਕਦੀ ਨਾ ਵੇਖਦਾ। ਇਹ ਤੇ ਉਸ ਨੂੰ ਸਖਾਇਆ ਹੀ ਨਹੀਂ ਸੀ ਗਿਆ। ਇਹ ਬੂਟ ਪਾਲਸ਼ ਨਹੀਂ ਹਨ, ਇਹ ਪੱਟੀਆਂ ਪੁੱਠੀਆਂ ਲਪੇਟੀਆਂ ਹਨ, ਇਸ ਨਿੱਕਰ ਦੇ ਬੱਟਨ ਟੁਟੇ ਹੋਏ ਹਨ, ਇਸ ਕਮੀਜ਼ ਦੇ ਹੇਠੋਂ ਬਨੈਣ ਦਿਸਦੀ ਹੈ। ਇਸ ਪਗੜੀ ਦੇ ਪੇਚ ਨਖੇੜਵੇਂ ਨਹੀਂ ਹਨ। ਇਹ ਰਾਈਫ਼ਲ ਪੰਜੇ ਦੇ ਨਾਲ ਨਹੀਂ ਹੈ, ਇਹ ਸਿਪਾਹੀ ਮੋਢੇ ਪਿਛਾਂ ਨਹੀਂ ਰਖਦਾ, ਇਹ ਮੁਠੀਆਂ ਠੀਕ ਬੰਦ ਕਰਨੀਆਂ ਨਹੀਂ ਜਾਣਦਾ। ਡਰਿੱਲ ਤੋਂ ਪਿਛੋਂ ਉਹਨਾਂ ਦਾ ਕੰਮ ਨਿੱਕੇ ਨਿੱਕੇ ਜੁਟਾਂ ਵਿਚ ਸ਼ੁਰੂ ਹੋ ਜਾਂਦਾ। ਮੁਨੀਰ ਵੀ ਹੱਥ ਵਿਚ ਸੋਟੀ ਸੰਭਾਲੀ ਉਹਨਾਂ ਦੇ ਦਵਾਲੇ ਚੱਕਰ ਲਾਂਦਾ ਰਹਿੰਦਾ ਤੇ ਟੋਕਾ ਟਾਕੀ ਕਰਦਾ ਰਹਿੰਦਾ: ਰਾਈਫਲ ਨੂੰ ਸੱਜੇ ਮੋਢੇ ਵਿਚ ਖਿਚ ਕੇ ਰਖੋ, ਖੱਬਾ ਹਥ ਮਜ਼ਬੂਤ ਪਾਓ, ਇਸ ਮਸ਼ੀਨ ਗਨ ਦੀਆਂ ਲਤਾਂ ਬਹੁਤ ਉਚੀਆਂ ਹਨ, ਆਦਿ ਆਦਿ। ਜਾਂ ਉਹ ਕਾਰ ਵਿਚ ਬੈਠਕੇ ਮੋਟਰ ਦੀ ਸਿਖਲਾਈ ਵਾਸਤੇ ਗਏ ਹੋਏ ਜੁਟਾਂ ਪਿਛੇ ਚਲਾ ਜਾਂਦਾ ਤੇ ਉਹਨਾਂ ਨੂੰ ਪਹਾੜਾਂ ਤੇ ਰੋਕਣਾ ਤੇ ਚਲਾਣਾ, ਮੋੜ ਕਟਣੇ ਸੜਕਾਂ ਤੇ ਲਾਰੀਆਂ ਪਿਛਾਂ ਨੂੰ ਪਰਤਾਣੀਆਂ ਸਿਖਲਾਂਦਾ ਰਹਿੰਦਾ। ਕਦੀ ਕਦੀ ਮੁਨੀਰ ਸਵੇਰੇ ਉਠ ਕਿਸੇ ਸਿਪਾਹੀ ਦੇ ਰਾਤੋ ਰਾਤ ਭਗੌੜੇ ਹੋ ਜਾਣ ਦੀ ਖਬਰ ਸੁਣਦਾ ਤੇ ਸਾਰਾ ਦਿਨ ਉਸ ਦੇ ਮਨ ਤੇ ਬੱਦਲ ਜਿਹਾ ਆਇਆ ਰਹਿੰਦਾ।

ਇਸ ਨੂੰ ਉਹ ਆਪਣੀ ਨਿਜੀ ਹਾਨਤ ਸਮਝਦਾ ਸੀ ਕਿ ਕੋਈ ਸਿਪਾਹੀ ਉਸ ਤੋਂ ਤੰਗ ਆ ਕੇ ਫੌਜ ਛਡ ਕੇ ਨਠ ਹੀ ਜਾਵੇ! ਪਰ ਨਠ ਜਾਣਾ ਏਡਾ ਕੋਝਾ ਨਹੀਂ ਸੀ ਲਗਦਾ ਜਿਡਾ ਬੀ. ਕੰਪਨੀ ਦੇ ਇਕ ਸਿਪਾਹੀ ਦਾ ਗੋਲੀ ਕਰਦਿਆਂ ਰੰਬੇ ਨਾਲ ਸਜੇ ਹਥ ਦੀ ਗੋਲੀ ਚਲਾਣ ਵਾਲੀ ਤੇ ਦੋ ਹੋਰ ਉਂਗਲੀਆਂ ਵਢ ਲੈਣੀਆਂ ਜਾਂ ਡੀ. ਕੰਪਨੀ ਦੇ ਸਿਪਾਹੀ ਦਾ ਖੂਹ ਵਿਚ ਛਾਲ ਮਾਰ ਦੇਣਾ। ਹਰ ਰੋਜ਼ ਉਹੋ ਹੀ ਕੰਮ

ਉਹੋ ਹੀ ਵਾਯੂ ਮੰਡਲ, ਉਹੋ ਹੀ ਦ੍ਰਿਸ਼, ਉਹੋ ਹੀ ਸਾਥੀ ਤੇ ਉਹੋ ਹੀ ਸਲਾਮਾਂ ਹੁੰਦੀਆਂ ਤੇ ਕਈ ਵੇਰ ਜਦੋਂ ਉਹ ਰਾਤ ਦੇ ਸੌਣ ਪਿਛੋਂ ਸਵੇਰੇ ਫਿਰ ਕੰਮ ਸ਼ੁਰੂ ਕਰਦਾ ਤਾ ਉਸ ਨੂੰ ਇਸ ਤਰ੍ਹਾਂ ਭਾਸਦਾ ਜਿਵੇਂ ਉਹ ਕੰਮ ਕਰਦਾ ਕਰਦਾ ਉੱਘਲਾ ਗਿਆ ਹੋਵੇ ਤੇ ਉਠਕੇ ਫਿਰ ਉਸ ਕੰਮ ਤੇ ਲਗ ਪਿਆ ਹੋਵੇ।

ਇਕ ਦਿਨ ਮੁਨੀਰ ਦਾ ਪਟਰੌਲ ਦਾ ਹਿਸਾਬ ਕਰਨ ਵਾਲਾ ਕਲਰਕ ਬੀਮਾਰ ਹੋ ਗਿਆ। ਪਟਰੌਲ ਦਾ ਹਿਸਾਬ ਔਖਾ ਤੇ ਜ਼ਰੂਰੀ ਹੋਣ ਕਰ ਕੇ ਬ੍ਰਿਗੇਡ ਹੈਡ ਕੁਆਟਰ ਨੂੰ ਕਮੀ ਪੂਰੀ ਕਰਨ ਵਾਸਤੇ ਬੇਨਤੀ ਕੀਤੀ ਗਈ ਤੇ ਇਕ ਯਹੂਦਨ ਕੁੜੀ ਇਸ ਕੰਮ ਲਈ ਮੁਨੀਰ ਦੇ ਦਫਤਰ ਵਿਚ ਭੇਜ ਦਿਤੀ ਗਈ। ਮੁਨੀਰ ਭੀ ਉਸ ਦਿਨ ਦਫ਼ਤਰ ਵਿਚ ਹੀ ਬੈਠਾ ਕਾਗਜ਼ ਪਤਰ ਫੋਲਦਾ ਰਿਹਾ। ਕਈ ਕੰਮ ਉਸ ਨੂੰ ਯਾਦ ਆ ਗਏ ਸਨ। ਸਿਪਾਹੀਆਂ ਦੀਆਂ ਸ਼ੀਟਰੋਲਾਂ ਵੇਖਣ ਵਾਲੀਆਂ ਸਨ। ਕਿਸ ਕਿਸ ਨੇ ਕਿਹੜਾ ਕਿਹੜਾ ਇਮਤਿਹਾਨ ਪਾਸ ਕਰ ਲਿਆ ਹੈ, ਕਿਸ ਨੇ ਸਪੈਸ਼ਲ ਕੋਰਸ ਕੀਤੇ ਸਨ, ਕਿਸ ਦੇ ਖ਼ਿਲਾਫ਼ ਲਾਲ ਸਿਆਹੀ ਨਾਲ ਕੁਝ ਵੀ ਲਿਖਿਆ ਹੋਇਆ ਨਹੀਂ ਸੀ, ਕਿਹੜਾ ਕਿਹੜਾ ਦੇਰ ਲਾ ਕੇ ਛੁਟੀ ਤੋਂ ਮੁੜਿਆ ਸੀ। ਉਸ ਫੈਸਲਾ ਕਰਨਾ ਸੀ ਕਿ ਕਿਸ ਕਿਸ ਦੀ ਤਰੱਕੀ ਲਈ ਸਫ਼ਾਰਸ਼ ਕੀਤੀ ਜਾਵੇ। ਉਸ ਦੇ ਚਾਰਜ ਵਿਚ ਕਿੰਨੀਆਂ ਮੰਜੀਆਂ, ਸੰਦੂਕ, ਤੰਬੂ ਆਦਿ ਸਨ। ਉਸ ਦੀ ਕੰਪਨੀ ਦੇ ਕਿੰਨ ਸਿਪਾਹੀ ਕੈਂਪ ਵਿਚ ਹਾਜ਼ਰ ਸਨ, ਉਹਨਾਂ ਲਈ ਪੂਰਾ ਰਾਸ਼ਨ ਆਉਂਦਾ ਸੀ ਜਾ ਨਹੀਂ। ਇਹ ਸਭ ਕੁਝ ਪੜਤਾਲ ਕਰਨ ਦੀ ਲੋੜ ਸੀ। ਕੁੜੀ ਨਾਗਪੁਰ ਦੇ ਰਹਿਣ ਵਾਲੀ ਸੀ। ਉਸਦਾ ਨਾਂ ਮਿਸ ਅਬਰਾਹਮ ਸੀ। ਉਸ ਨੇ ਦਸਿਆ ਕਿ ਉਸ ਦਾ ਪਿਤਾ ਜੀ. ਆਈ. ਪੀ. ਰੇਲਵੇ ਵਿਚ ਇਕ ਅਫਸਰ ਸੀ। ਉਸ ਦੇ ਕਿਸੇ ਰਿਸ਼ਤੇਦਾਰ ਨੂੰ ਉਸ ਦੇ ਫੌਜ ਵਿਚ ਭਰਤੀ ਹੋਣ ਤੇ

ਕੋਈ ਹੈਰਾਨੀ ਨਹੀਂ ਹੋਈ ਸੀ। ਉਸ ਦੀ ਮਾਤ੍ਰੀ ਜ਼ਬਾਨ ਅੰਗਰੇਜ਼ੀ ਹੀ ਸੀ। ਪਹਿਲਾਂ ਕਦੇ ਹੀਬਰੀਉ ਹੁੰਦੀ ਹੋਵੇਗੀ ਪਰ ਹੁਣ ਕਈ ਨਸਲਾਂ ਤੋਂ ਉਹਨਾਂ ਨੂੰ ਹੀਬਰੀਊ ਉੱਕਾ ਨਹੀ ਸੀ ਆਉਂਦੀ। ਤੇ ਮੁਨੀਰ ਨੇ ਦੱਸਿਆ ਕਿ ਉਹ ਪੰਜਾਬੀ ਮੁਸਲਮਾਨ ਸੀ। ਹਿੰਦੂਆਂ ਦੇ ਨਾਮ ਮਨੀਰ ਨਹੀਂ ਹੁੰਦ। ਉਸ ਨੂੰ ਕਮੀਸ਼ਨ ਮਿਲਿਆਂ ਤਿੰਨ ਸਾਲ ਹੋ ਗਏ ਸਨ। ਇਸ ਤੋਂ ਪਹਿਲਾ ਉਹ ਕਾਲਜ ਵਿਚ ਪੜ੍ਹਿਆ ਕਰਦਾ ਸੀ। ਓਹ ਹਾਲੀ ਫ਼ਰੰਟ ਤੇ ਨਹੀਂ ਸੀ ਗਿਆ ਸ਼ਾਇਦ ਇਸ ਕਰਕੇ ਕਿ ਕਰਨੈਲ ਉਸ ਦੀ ਸਿਖਲਾਈ ਤੇ ਬੜਾ ਪ੍ਰਸੰਨ ਸੀ ਤੇ ਉਸ ਨੂੰ ਇਥੇ ਹੀ ਰਖਣਾ ਚਾਹੁੰਦਾ ਸੀ। ਉਹ ਕੁੜੀ ਹਰ ਗਲ ਨਾਲ ਮੁਨੀਰ ਨੂੰ 'ਸਰ' ਕਹਿੰਦੀ ਸੀ ਤੇ ਮੁਨੀਰ ਇਸ ਤੇ ਬੜਾ ਪ੍ਰਸੰਨ ਸੀ। "ਤੁਹਾਨੂੰ ਬਿਰਗੇਡੀਅਰ ਦੇ ਸਾਹਮਣੇ ਕੰਮ ਕਰਦਿਆਂ ਝਿਜਕ ਨਹੀ ਆਉਂਦੀ, ਉਹ ਬੜਾ ਵਡਾ ਅਫ਼ਸਰ ਹੈ" "ਨਹੀਂ ਦਫਤ੍ਰ ਵਿਚ ਮੈਂ ਉਸਨੂੰ ਸੈਲੂਟ ਕਰਦੀ ਹਾਂ ਤੇ ਅਟੈਨਸ਼ਨ ਖਲੋ ਦੀ ਹਾਂ ਪਰ ਕਲੱਬ ਵਿਚ ਉਹ ਮੈਨੂੰ ਵੇਖਕੇ ਕੁਰਸੀ ਤੋਂ ਉਠ ਬਹਿੰਦਾ ਹੈ ਤੇ ਜਿੰਨਾ ਚਿਰ ਮੈਂ ਬਠ ਨਾ ਜਾਵਾਂ ਉਹ ਆਪ ਨਹੀਂ ਬਠਦਾ। ਉਹ ਪਹਿਲਾਂ ਮੈਨੂੰ ਸ਼ਰਾਬ ਪੀਣ ਲਈ ਦੇਂਦਾ ਹੈ ਤੇ ਫਿਰ ਆਪ ਪੀ ਦਾ ਹੈ।"

ਉਸ ਰਾਤ ਮੁਨੀਰ ਨੂੰ ਨੀਂਦ ਨਾ ਆਈ। ਸਿਰ ਤੇ ਅਖਾਂ ਵਿਚ ਨੀਂਦਰ ਲਿਆਉਣ ਵਾਲੇ ਭਾਰ ਜਹੇ ਦੀ ਥਾਂ ਇਕ ਮਿਠਾ ਮਿਠਾ ਸਵਾਦ ਸੀ ਜਿਹੜਾ ਖ਼ਿਆਲ ਲਿਆਉਂਦਿਆਂ ਹੀ ਨਿੱਤਰ ਕੇ ਨੁਚੜਨ ਲਗ ਪੈਂਦਾ, ਜਿਸ ਤਰ੍ਹਾਂ ਗਿਲੀ ਰੇਤ ਤੇ ਪੈਰ ਮਾਰਿਆਂ ਪਾਣੀ ਨਿਤਰ ਆਉਂਦਾ ਹੈ। ਹਿਕ ਵਿਚ ਇਕ ਲੰਮੀ ਚੋੜੀ ਵਿਥ ਜਹੀ ਪੈ ਗਈ ਜਾਪਦੀ ਸੀ ਜਿਥੇ ਨ ਮਾਸ ਨ ਆਦ੍ਰਾਂ ਨ ਲਹੂ ਕੁਝ ਵੀ ਨਹੀ ਸੀ। ਇਸ ਤਰ੍ਹਾਂ ਪ੍ਰਤੀਤ ਹੁੰਦਾ ਸੀ ਕਿ ਇਹ ਵਿਥ ਦਿਲ ਨੂੰ ਆਪਣੇ ਵਲ ਖਿਚ ਕੇ ਆਪਣੀ ਅਸਲੀ ਥਾਂ ਤੋਂ ਹਿਲਾ ਦੇਵੇਗੀ। ਇਸ ਖਿੱਚੋਤਾਨੀ

ਵਿਚ ਸਾਹ ਵੀ ਲੰਮੇ ਲੰਮੇ ਹੋ ਕੇ ਨਿਕਲਦੇ ਸਨ। ਸਾਰੀ ਰਾਤ ਦਿਲ ਤੇ ਇਸ ਤਰ੍ਹਾਂ ਦਾ ਦਬਾ ਜਿਹਾ ਰਿਹਾ। ਅਗਲੇ ਦਿਨ ਇਸ ਵਿਥ ਨੂੰ ਬਾਹਰਲੀਆਂ ਛੋਹਾਂ ਰਾਹੀਂ ਭਰਨ ਦੀ ਹਵਸ ਟੁੰਬਣ ਲਗੀ। ਉਹ ਚਾਹੁੰਦਾ ਸੀ ਕਿ ਕੋਈ ਆਪਣੀਆਂ ਅਖਾਂ ਨਾਲ ਉਸ ਦੀਆਂ ਨਾੜਾਂ ਨੂੰ ਢਿੱਲਿਆਂ ਕਰ ਕੇ ਉਸ ਦੇ ਅਦਰ ਨੂੰ ਪਧਰਾ ਕਰ ਦਏ।

ਪਿਛਲੇ ਦਿਨੀਂ ਏਰੀਆ ਹੈਡਕੁਆਟਰਜ਼ ਦਾ ਇਕ ਆਰਡਰ ਆਇਆ ਸੀ ਕਿ ਫੌਜੀਆ ਨੂੰ ਬਰੇਲੀ ਦੇ ਪੰਜਾਬ ਹੋਟਲ ਵਿਚ ਜਾਣ ਦੀ ਮਨਾਹੀ ਹੈ। ਮੁਨੀਰ ਇਹੋ ਜਹੇ ਆਰਡਰਾਂ ਦੀ ਘਟ ਪ੍ਰਵਾਹ ਕਰਿਆ ਕਰਦਾ ਸੀ! ਉਸ ਦੀ ਦਲੇਰੀ ਇਕ ਅਖਾਣ ਬਣੀ ਹੋਈ ਸੀ। ਵਿਸਕੀ ਦੇ ਲੋਰ ਵਿਚ ਇਕ ਦਿਨ ਕਰਨੈਲ ਸਾਹਿਬ ਨੇ ਮੈਸ ਵਿਚ ਕਿਹਾ ਸੀ ਕਿ ਕੈਪਟਨ ਮੁਨੀਰ ਉਹ ਆਦਮੀ ਹੈ ਜਿਹੜਾ ਜੇ ਮਕਾਨ ਦੀ ਤੀਸਰੀ ਛਤ ਤੋਂ ਡਿਗ ਪਏ ਤਾਂ ਦੂਸਰੀ ਛਤ ਦੀ ਬਾਰੀ ਕੋਲੋਂ ਲੰਘਦਾ ਹੋਇਆ ਕਹਿੰਦਾ ਸੁਣਿਆ ਜਾਇਗਾ "ਅਜੇ ਤਕ ਤੇ ਮੇਰਾ ਕੁਝ ਨਹੀਂ ਵਿਗੜਿਆ।" ਇਨ੍ਹਾਂ ਆਰਡਰਾਂ ਦੇ ਅਰਥ ਇਹੋ ਹੀ ਹੁੰਦੇ ਸਨ ਕਿ ਉਥੇ ਵੇਸਵਾਵਾਂ ਰਹਿੰਦੀਆਂ ਹਨ। ਇਸਤਰੀ ਦੁਨੀਆਂ ਦੇ ਇਸ ਭਾਗ ਤੋਂ ਉਹ ਅਸਲੋਂ ਅਨਜਾਣੂ ਨਹੀਂ ਸੀ। ਸਪਾਹੀਆਂ ਵਿਚ ਵਧ ਰਹੀਆਂ ਪੇਸ਼ਾਬ ਦੀਆਂ ਬੀਮਾਰੀਆਂ ਰੋਕਣ ਲਈ ਇਕ ਵੇਰ ਅਫਸਰਾਂ ਦੀ ਡੀਊਟੀ ਬਾਜ਼ਾਰ ਵਿਚ ਫੇਰਾ ਮਾਰਣ ਦੀ ਲਗੀ ਸੀ। ਓਦੋਂ ਮੁਨੀਰ ਇਸ ਬਾਜ਼ਾਰ ਦਾ ਦ੍ਰਿਸ਼ ਅਖੀ ਵੇਖ ਕੇ ਲੜਖੜਾ ਗਿਆ ਸੀ। ਵੇਸਵਾਵਾਂ ਉਸ ਨੂੰ ਫਿਟਕਾਰੀਆਂ ਹੋਈਆਂ ਦੁਖਿਆਰਨਾਂ ਤੇ ਉਥੇ ਫਿਰਦੇ ਬੰਦੇ ਸਖਤ ਦਿਲ ਹਤਿਆਰੇ ਪ੍ਰਤੀਤ ਹੋਏ ਸਨ। ਕਿਸ ਤਰ੍ਹਾਂ ਉਹ ਸਾਰੇ ਹਰ ਇਕ ਨੂੰ ਮਖੌਲ ਕਰਦੇ ਫਿਰਦੇ ਜਿਵੇਂ ਕੋਈ ਵਡਾ ਮੁਗਲ ਆਪਨੇ ਹਰਮ ਵਿਚ ਵੜਿਆ ਹੁੰਦਾ ਹੈ। ਉਸਨੂੰ ਇਹ ਮਖੌਲ ਉਨ੍ਹਾਂ ਦੇ ਲਿੰਗ ਤੇ ਨਹੀਂ ਸਗੋਂ ਉਨ੍ਹਾਂ ਦੀ ਗਰੀਬੀ ਤੇ

ਜਾਪਦੇ ਸਨ। ਉਤਲੇ ਚੰਗੇ ਕਪੜਿਆਂ ਹੇਠ ਉਨ੍ਹਾਂ ਅਤ ਮੈਲੇ ਚੀਥੜੇ ਪਾਏ ਹੋਏ ਸਨ। ਉਨ੍ਹਾਂ ਦੇ ਕਮਰੇ ਵਿਚ ਇਕ ਮੰਜੀ, ਇਕ ਕੁਰਸੀ, ਇਕ ਅਧ ਪਤੀਲਾ ਤੇ ਕੁਝ ਲੀਰਾਂ ਦੇ ਸਵਾ ਹੋਰ ਕੁਝ ਵੀ ਨਹੀਂ ਸੀ। ਉਹ ਚਾਹੁੰਦਾ ਸੀ ਕਿ ਇਨ੍ਹਾਂ ਸਾਰੇ ਆਦਮੀਆਂ ਨੂੰ, ਜਿਨ੍ਹਾਂ ਵਿਚ ਨੌਜਵਾਨ ਤੇ ਬੁਢੇ, ਸਾਧੂ ਤੇ ਦੁਨੀਆਂਦਾਰ, ਵਿਆਹੇ ਹੋਏ ਤੇ ਰੰਡੇ ਸਾਰੇ ਹੀ ਸ਼ਾਮਲ ਸਨ ਬੈਂਤ ਮਾਰ ਮਾਰ ਕੇ ਏਥੋਂ ਭਜਾ ਦੇਵੇ। ਉਸ ਕਈ ਵੇਸ਼ਵਾਵਾਂ ਆਪੋ ਵਿਚ ਹਸਦੀਆਂ ਤੇ ਮਖੌਲ ਕਰਦੀਆਂ ਵੀ ਵੇਖੀਆਂ ਸਨ ਤੇ ਉਸ ਨੂੰ ਅੰਗਰੇਜ਼ ਕਵੀ ਪੋਪ ਦੀ ਇਹ ਗਲ ਯਾਦ ਆ ਗਈ ਸੀ ਕਿ ਪ੍ਰਮਾਤਮਾ ਹਰ ਇਕ ਨੂੰ ਖੁਸ਼ੀ ਦੀ ਚਿਣਗ ਬਖਸ਼ਦਾ ਹੈ ਤੇ ਕਦੀ ਕਦੀ ਮੰਗਤੇ ਵੀ ਗਾਉਂਦੇ ਹਨ। ਉਨ੍ਹਾਂ ਵਿਚੋਂ ਕੋਈ ਵੀ ਘਰੋਂ ਸਿਧੀ ਇਸ ਬਾਜ਼ਾਰ ਵਿਚ ਬੈਠਣ ਲਈ ਨਹੀਂ ਸੀ ਟੁਰ ਆਈ। ਜਵਾਨੀ ਵਿਚ ਇਕ ਅਧ ਠੇਡੇ ਨੇ ਜਾਂ ਕਿਸੇ ਬੁਢੜੀ ਦੇ ਝਾਂਸਿਆਂ ਨੇ ਉਨ੍ਹਾਂ ਦਾ ਬੂਟਾ ਸਮਾਜ ਵਿਚੋਂ ਪੁਟ ਦਿਤਾ ਸੀ ਤੇ ਉਹ ਇਥੋਂ ਜੋਗੀਆਂ ਹੀ ਹੋ ਕੇ ਰਹਿ ਗਈਆਂ ਸਨ। ਕਾਂਗ ਵਿਚ ਆਏ ਦਰਿਆ ਦੇ ਕੰਢਿਆਂ ਤੋਂ ਪੁਟੇ ਰੁਖ ਉਸ ਵਿਚ ਹੀ ਏਵੇਂ ਹੀ ਰੁੜ੍ਹੇ ਫਿਰਦੇ ਹਨ ਤੇ ਦਰਿਆ ਦੇ ਸੁਕ ਜਾਣ ਤੇ ਚਿਟੀ ਰੇਤ ਵਿਚ ਲੇਟੇ ਉਨ੍ਹਾਂ ਦੇ ਤਨੇ ਦਰਿਆ ਵਿਚ ਆਈ ਕਾਂਗ ਦੀ ਚੇਤਵਾਨੀ ਕਰਾਂਦੇ ਰਹਿੰਦੇ ਹਨ।

ਛਾਪਾਂ ਵਾਲੀਆਂ ਗੋਰੀਆਂ ਉਂਗਲਾਂ ਨਾਲ ਹੋਟਲ ਦੇ ਕਮਰੇ ਦੀ ਚਿਕ ਚੁਕ ਉਹ ਸ਼ਪ ਕਰਕੇ ਅੰਦਰ ਆ ਵੜੀ। ਸਲਵਾਰ ਕਮੀਜ਼ ਤੋਂ ਪੰਜਾਬੀ ਜਾਪਦੀ ਸੀ ਪਰ ਪੰਜਾਬ ਤੋਂ ਬਹੁਤ ਦੂਰ ਸੀ। ਹਸਦੀ ਹਸਦੀ ਆਦਾਬ ਅਰਜ਼ ਕਹਿ ਕੇ ਉਹ ਮੁਨੀਰ ਦੇ ਸਾਹਮਣੇ ਦੀ ਕੁਰਸੀ ਤੇ ਇਸ ਤਰ੍ਹਾਂ ਬੈਠ ਗਈ ਜਿਸ ਤਰ੍ਹਾਂ ਦੋ ਪੁਰਾਣੇ ਦੋਸਤ ਮਿਲੇ ਹੋਣ। ਸੰਗਣਾ ਸ਼ਰਮਾਣਾ ਫ਼ੌਜੀ ਵਾਸਤੇ ਇਕ ਭਾਰੀ ਕਮਜ਼ੋਰੀ ਹੁੰਦੀ ਹੈ। ਮੁਨੀਰ ਨੇ ਗਲ ਬਾਤ ਛੇੜ ਦਿਤੀ। ਨਹੀਂ ਉਹ ਯੂ. ਪੀ.

ਦੀ ਨਹੀਂ ਸੀ, ਜ਼ਿਲੇ ਗੁਜਰਾਤ ਦੀ ਸੀ। ਝਨਾਂ ਦੇ ਕੰਢੇ ਤੇ ਉਸ ਦਾ ਪਿੰਡ ਸੀ। ਦੋ ਹਫਤਿਆਂ ਤੋਂ ਉਹ ਬਰੇਲੀ ਆਈ ਹੋਈ ਸੀ। ਉਹ ਸੈਰ ਕਰਨ ਨੈਨੀਤਾਲ ਵੀ ਗਈ, ਨੈਨੀਤਾਲ ਦੀ ਝੀਲ ਵਿੱਚ ਬੋਟਿੰਗ ਕਰਨਾ ਉਸਨੂੰ ਸ਼ੋਧੀ ਜਹੀ ਸ਼ੇਖੀ ਲਗਦੀ ਸੀ। ਇਸ ਨਾਲੋਂ ਉਹ ਰਾਮ ਗੰਗਾ ਦਰਿਆ ਨੂੰ ਵਧੇਰੇ ਪਸੰਦ ਕਰਦੀ ਸੀ। ਹਾਂ ਉਹ ਨੈਨੀਤਾਲ ਕਿਸੇ ਦਿਨ ਵੀ ਜਾਣ ਨੂੰ ਤਿਆਰ ਸੀ। ਪਹਾੜੀ ਸੜਕ ਤੇ ਮੋਟਰ ਵਿਚ ਬੈਠਣ ਦਾ ਉਸ ਨੂੰ ਬੜਾ ਅਨੰਦ ਆਉਂਦਾ ਸੀ। ਉਹ ਅੰਗਰੇਜ਼ੀ ਫਿਲਮਾਂ ਸਮਝ ਸਕਦੀ ਸੀ ਕਿਉਂਕਿ ਉਹ ਦਸ ਜਮਾਤਾਂ ਪਾਸ ਸੀ ਤੇ ਉਸ ਬਹੁਤ ਸਾਰੀਆਂ ਅੰਗਰੇਜ਼ੀ ਫਿਲਮਾਂ ਵੇਖੀਆਂ ਸਨ। ਸ਼ਿਕਾਰ ਦੀ ਉਹ ਬਹੁਤ ਸ਼ੌਕੀਨ ਨਹੀਂ ਸੀ ਪਰ ਜੇ ਮੁਨੀਰ ਚਾਹੇ ਤਾਂ ਉਸ ਨਾਲ ਉਹ ਮੋਟਰ ਵਿਚ ਬੈਠ ਕੇ ਜਾ ਵੀ ਸਕਦੀ ਸੀ। ਪੰਜਾਬੀਆਂ ਨੂੰ ਮਿਲ ਕੇ ਉਹ ਬੜੀ ਖੁਸ਼ ਹੁੰਦੀ ਸੀ। ਨੈਨੀਤਾਲ ਦੇ ਸੇਬ ਉਸ ਨੂੰ ਚੰਗੇ ਨਹੀਂ ਲਗਦੇ ਸਨ। ਇਹਨਾਂ ਨੂੰ ਉਹ ਆਪਣੇ ਐਬਟਾਬਾਦ ਦੇ ਸੇਬਾਂ ਤੋਂ ਚੰਗਾ ਨਹੀਂ ਸਮਝਦੀ ਸੀ। ਸਵਾਇ ਮਸੂਰੀ ਪਹਾੜ ਦੇ ਯੂ. ਪੀ. ਦੀ ਕਿਸੇ ਸ਼ੈ ਨਾਲ ਉਸ ਨੂੰ ਪਿਆਰ ਨਹੀ ਸੀ। ਉਹ ਪਾਰਟੀਆਂ ਵਿਚ ਜਾ ਸਕਦੀ ਸੀ। ਅਤਿ ਸਭਜ ਲੋਕਾਂ ਨਾਲ ਅੰਗਰੇਜ਼ੀ ਤੇ ਦੇਸੀ ਖਾਣਾ ਖਾ ਸਕਦੀ ਸੀ। ਉਸ ਦੇ ਮੂੰਹ ਉਤੇ ਤੇ ਕੁਝ ਨਹੀਂ ਲਿਖਿਆ ਹੋਇਆ ਸੀ। ਉਹ ਫੋਟੋ ਖਿਚਣੀਆਂ ਜਾਣਦੀ ਸੀ ਤੇ ਇਸ ਕੰਮ ਵਿਚ ਬੜੀ ਖੁਸ਼ ਰਹਿੰਦੀ ਸੀ।

ਮੇਜ਼ ਦੇ ਦੋਹੀਂ ਪਾਸੀ ਬੈਠੇ ਗਲਾਂ ਕਰਦਿਆਂ ਉਨ੍ਹਾਂ ਦੇ ਮੂੰਹ ਇਕ ਦੂਜੇ ਦੇ ਬੜੇ ਨੇੜੇ ਆ ਗਏ ਸਨ। ਮੁਨੀਰ ਨੇ ਉਸ ਦੇ ਚੇਹਰੇ ਵਲ ਇਸ ਤਰ੍ਹਾਂ ਗੌਹ ਨਾਲ ਵੇਖਿਆ ਜਿਵੇਂ ਉਹ ਆਪਣੀ ਕਿਸਮਤ ਦੀ ਵਹੀ ਫੋਲ ਰਿਹਾ ਹੁੰਦਾ ਹੈ। ਕਮਰੇ ਦੀ ਕੰਧ ਕੋਲ ਪਏ ਸ਼ਿੰਗਾਰ

ਮੇਜ਼ ਵਿਚੋਂ ਵੀ ਉਸਦਾ ਮੂੰਹ ਦਿਸ ਰਿਹਾ ਸੀ। ਉਹ ਸਚ ਮੁਚ ਪਿੰਡ ਦੀ ਪਲੀ ਹੋਈ ਬੜੀ ਸੁੰਦਰ ਕੁੜੀ ਸੀ। ਆਪਣੇ ਸਾਹਮਣੇ ਸਫਲਤਾ ਤੇ ਆਨੰਦ ਦਾ ਦਰਿਆ ਵਗਦਾ ਵੇਖ ਮੁਨੀਰ ਦੇ ਦਿਲ ਵਿਚ ਕੁਤਕੁਤਾੜੀਆਂ ਨਿਕਲ ਰਹੀਆਂ ਸਨ। ਇਸ ਨਵੇਂ ਰਿਸ਼ਤੇ ਨਾਲ ਉਸ ਦੇ ਹਰ ਕੰਮ ਵਿਚ ਪਿਆਰ ਤੇ ਉਤਸ਼ਾਹ ਦਾ ਕਿੰਨਾ ਵਾਧਾ ਹੋ ਜਾਏਗਾ। ਮੰਨਿਆਂ ਕਿ ਉਸ ਦਾ ਲਿੰਗਕ ਜੀਵਨ ਠੀਕ ਨਹੀਂ ਸੀ ਪਰ ਮੁਨੀਰ ਨੂੰ ਉਸ ਦੀ ਪ੍ਰਾਈਵੇਟ ਜ਼ਿੰਦਗੀ ਨਾਲ ਕੀ ਵਾਸਤਾ। ਉਸ ਦੇ ਕਈ ਦੋਸਤ ਬੜੇ ਬਦਮਾਸ਼ ਸਨ ਤੇ ਫਿਰ ਵੀ ਉਸ ਦੇ ਬੜੇ ਪੱਕੇ ਦੋਸਤ ਸਨ। ਉਹ ਵੀ ਮੁਨੀਰ ਦੀ ਦੋਸਤ ਬਣ ਸਕਦੀ ਸੀ। ਜਦੋਂ ਉਹ ਏਥੋਂ ਚਲੀ ਜਾਏਗੀ ਤਾਂ ਉਹ ਆਪੋ ਵਿਚ ਚਿਠੀ ਪੱਤਰ ਕੀਤਾ ਕਰਨਗੇ। ਅਗੇ ਹੀ ਭਾਂਤ ਭਾਂਤ ਦੇ ਆਦਮੀਆਂ ਨਾਲ ਉਸਦਾ ਚਿਠੀ ਪੱਤਰ ਸੀ। ਇਕ ਅਫ਼ਰੀਕਾ ਦਾ ਹਬਸ਼ੀ ਜਿਹੜਾ ਹਬਸ਼ੀ ਸਿਪਾਹੀਆਂ ਦੀ ਸਟੇਸ਼ਨ ਤੇ ਖਲੋਤੀ ਗਡੀ ਵਿਚ ਉਸਦਾ ਦੋਸਤ ਬਣ ਗਿਆ ਸੀ। ਇਕ ਲੰਕਾ ਦੀ ਐ ਗਲੋ ਸੀਲੋਨੀਜ਼ ਕਮਯੂਨਿਸਟ ਕੁੜੀ ਜਿਹੜੀ ਸਮੁੰਦਰੀ ਫੌਜ ਵਿਚ ਉਸ ਦੇ ਇਕ ਦੋਸਤ ਦੀ ਭੈਣ ਸੀ। ਇਕ ਆਸਟਰੇਲੀਆ ਦੀ ਕੁੜੀ ਜਿਹੜੀ ਇਲਸਟ੍ਰੇਟਿਡ ਵੀਕਲੀ ਰਾਹੀਂ ਉਸ ਦੀ ਜਾਣੂੰ ਬਣੀ ਸੀ ਤੇ ਇਕ ਮਲਾਇਆ ਦਾ ਡਚ ਜਿਹੜਾ ਉਸ ਨਾਲ ਸਦਾ ਪਾਨਾਮਾ ਵਿਚ ਇਕ ਵਡਾ ਹੋਟਲ ਖੋਲ੍ਹਣ ਦੀਆਂ ਸਲਾਹਾਂ ਕਰਦਾ ਰਹਿੰਦਾ ਸੀ।

ਦਸਾਂ ਦਸਾਂ ਦੇ ਤਿੰਨ ਨੋਟ ਉਸ ਮੇਜ਼ ਦੇ ਉਤੋਂ ਦੀ ਉਸ ਵਲ ਸਰਕਾ ਦਿਤੇ 'ਇਹ ਤੁਹਾਡਾ ਵਕਤ ਹਰਜ ਕਰਣ ਬਦਲੇ', 'ਸ਼ੁਕਰੀਆ' ਤੇ ਦੋਵੇਂ ਕੁਰਸੀ ਤੋਂ ਉਠ ਬੈਠੇ। ਹਥ ਵਿਚ ਹਥ ਪਾਈ ਉਹ ਹੋਟਲ ਦੇ ਬਰਾਂਡੇ ਵਿਚ ਆ ਗਏ 'ਫਿਰ ਕਦੋਂ ਮਿਲੋਗੇ?" "ਦੋ ਤਿੰਨ ਦਿਨ ਤਕ, ਮੈਸ ਵਿਚੋਂ ਵਧੇਰਾ ਗੈਰ ਹਾਜ਼ਰ ਰਹਿਣਾ ਠੀਕ ਨਹੀਂ, ਅਛਾ

ਗੁਡ ਨਾਈਟ" ਮੁਨੀਰ ਨੇ ਹਥ ਦਬਾਂਦੇ ਹੋਏ ਕਿਹਾ।

"ਗੁਡ ਨਾਈਟ। ਕ੍ਰਿਪਾ ਕਰ ਕੇ ਆਪਣੇ ਕਿਸੇ ਹੋਰ ਦੋਸਤ ਨੂੰ ਵੀ ਮੇਰਾ ਪਤਾ ਦੇਣਾ।"

ਛਾਪਾਂ ਵਾਲਾ ਕੂਲਾ ਹਥ ਮੁਨੀਰ ਦੇ ਹਥੋਂ ਇਸ ਤਰ੍ਹਾਂ ਛੁਟ ਗਿਆ ਜਿਵੇਂ ਉਸ ਨੂੰ ਜ਼ਹਿਰ ਲਗਾ ਹੋਇਆ ਹੁੰਦਾ ਹੈ। ਬਿਨਾਂ ਕੁਝ ਜਵਾਬ ਦਿਤੇ ਉਹ ਹੋਟਲੋਂ ਕੁਝ ਦੂਰ ਲੁਕਾਈ ਹੋਈ ਆਪਣੀ ਮੋਟਰ ਵਲ ਟੁਰ ਪਿਆ। ਚਾ ਨਾਲ ਉਛਲਦੇ ਭਾਂਡੇ ਤੇ ਮੀਟਵਾਂ ਢਕਣ ਆ ਗਿਆ ਸੀ। ਰੁੜ੍ਹਦੇ ਜਾਂਦੇ ਦਾ ਹਥ ਕੰਢੇ ਨਾਲ ਲਗਾ ਤੇ ਫਿਰ ਛੁਟ ਗਿਆ। ਵੇਖਣ ਨੂੰ ਤੇ ਉਹ ਇਕ ਹਡੀਆਂ ਮਾਸ ਦਾ ਬੰਦਾ ਜ਼ਮੀਨ ਤੇ ਚਲ ਰਿਹਾ ਸੀ ਪਰ ਆਪਣੇ ਆਪ ਨੂੰ ਉਹ ਇਕ ਰੂੰ ਦੇ ਤੂੰਬੇ ਵਾਂਗ ਬੇ ਆਸਰਾ ਹਵਾ ਵਿਚ ਉਡਦਾ ਵੇਖ ਰਿਹਾ ਸੀ। ਡਰਾਈਵਰ ਨੇ ਸਾਹਬ ਨੂੰ ਆਉਂਦਾ ਵੇਖ ਕੇ ਆਪਣੀ ਸਿਗ੍ਰਟ ਬੁਝਾਈ ਤੇ ਡਰਾਈਵਰ ਵਾਲੀ ਸੀਟ ਦਾ ਦਰਵਾਜ਼ਾ ਖੋਲ੍ਹ ਕੇ ਖਲੋ ਗਿਆ। "ਆਜ ਤੁਮ ਹੀ ਚਲਾਓ ਯੂਸਫ਼" ਤੇ ਮੁਨੀਰ ਪਿਛਲ ਸੀਟ ਦਾ ਦਰਵਾਜ਼ਾ ਖੋਲ੍ਹ ਕੇ ਵਿਚ ਢੈ ਪਿਆ।

# ਭੁਖ

ਠੱਕ, ਠੱਕ, ਠੱਕ, । ਕਾਲਜ ਹੋਸਟਲ ਦੇ ਇਕ ਕਮਰੇ ਦਾ ਬੂਹਾ ਖੜਕਿਆ। "ਆਈਏ, ਆਈਏ" ਵਿਦਿਆਰਥੀ ਨੇ ਬੂਹਾ ਲਾਹ ਕੇ ਕਿਹਾ। ਬਾਹਰ ਉਸ ਦਾ ਦੋਸਤ ਕਹਾਣੀ ਕਾਰ ਖਲੋਤਾ ਸੀ। ਮੁੰਡਾ ਉਸ ਦੇ ਆਉਣ ਤੇ ਦਿਲੋਂ ਪ੍ਰਸੰਨ ਸੀ। ਕਹਾਣੀ ਲਿਖਣ ਦਾ ਗੁਣ ਕਿਸੇ ਵਿਰਲੇ ਨੂੰ ਹੀ ਮਿਲਦਾ ਹੈ। ਹਰ ਇਕ ਆਦਮੀ ਤਸੀਲ-ਦਾਰੀ ਤੇ ਕਰ ਸਕਦਾ ਹੈ ਪਰ ਕਹਾਣੀਆਂ ਤੇ ਨਹੀਂ ਨਾ ਲਿਖ ਸਕਦਾ । ਕਹਾਣੀਕਾਰ ਵੀ ਮੁੰਡੇ ਨੂੰ ਮਿਲ ਕੇ ਖ਼ੁਸ਼ ਸੀ । ਉਸ ਨੂੰ ਭਾਹੜੀ ਭੁਖ ਲੱਗੀ ਹੋਈ ਸੀ ਤੇ ਜੇਬ ਖ਼ਾਲੀ ਸੀ । ਪੈਸੇ ਹੁੰਦਿਆਂ ਨਾਗ਼ਾ ਕਰਨਾ ਇਕ ਅਮੀਰੀ ਹੈ ਪਰ ਥੁੜ ਵਿਚ ਨਾਗ਼ਾ ਬੜਾ ਔਖਾ ਲੱਗਦਾ ਹੈ, ਪਤਾ ਨਹੀਂ ਹੌਮੈ ਨੂੰ ਸੱਟ ਲੱਗਣ ਕਰਕੇ, ਜਾਂ ਰੋਟੀ ਮਿਲਣੀ ਅਸੰਭਵ ਵੇਖ ਕੇ ਉਸ ਦੀ ਲਾਲਸਾ ਵਧਣ ਕਰਕੇ।

ਹੋਸਟਲ ਆਉਣ ਤੋਂ ਪਹਿਲਾਂ ਉਹ ਹੱਥ ਤੇ ਹੱਥ ਧਰ ਕੇ ਨਹੀਂ ਸੀ ਬੈਠਾ ਰਿਹਾ । ਪੈਸੇ ਮੰਗਣ ਦੇ ਖ਼ਿਆਲ ਨਾਲ ਉਹ ਆਪਣੇ ਪਬਲਿਸ਼ਰ ਦੀ ਦੁਕਾਨ ਤੇ ਗਿਆ ਸੀ ਪਰ ਉਸ ਦੀਆਂ ਗੱਲਾਂ ਦੇ ਝੱਖੜ ਵਿਚ ਕਹਾਣੀਕਾਰ ਦੀ ਇਹ ਬੇਬੱਵੀ ਜਹੀ ਮੰਗ ਸਿਰ ਨਹੀਂ ਚੁਕ ਸਕੀ ਸੀ । ਪਬਲਿਸ਼ਰ ਆਪਣੀਆਂ ਨਵੀਆਂ ਛਪੀਆਂ ਕਿਤਾਬਾਂ ਤੇ ਹਾਲ ਛਪਣ ਵਾਲੀਆਂ ਕਿਤਾਬਾਂ ਦੇ ਖਰੜੇ

ਉਸ ਨੂੰ ਵਿਖਾਂਦਾ ਰਿਹਾ, ਇਸ ਤਰ੍ਹਾਂ ਚਾ ਨਾਲ ਜਿਵੇਂ ਮਾਂ ਆਪਣਾ ਨਵਾਂ ਜੰਮਿਆ ਪੁਤਰ ਕਿਸੇ ਨੂੰ ਵਿਖਾ ਰਹੀ ਹੋਵੇ। ਫਿਰ ਉਹ ਆਪਣੇ ਲੇਖਕਾਂ ਦੀਆਂ ਸਿਫਤਾਂ ਕਰਦਾ ਰਿਹਾ। ਹੁਣ ਉਸ ਨੂੰ ਮੈਦਾਨ ਸਾਫ ਜਾਪਦਾ ਸੀ। ਸਾਰੇ ਚੰਗੇ ਲੇਖਕ ਆਪਣੀਆਂ ਕਿਤਾਬਾਂ ਉਸੇ ਕੋਲੋਂ ਹੀ ਛਪਵਾਂਦੇ ਸਨ। ਛੇਤੀ ਹੀ ਉਹ ਇਕ ਮਾਸਕ ਪੱਤਰ ਕੱਢਣ ਵਾਲਾ ਸੀ। ਬੱਸ ਇਸੇ ਦਾ ਹੀ ਘਾਟਾ ਸੀ। ਮਾਸਕ ਪੱਤਰ ਤੋਂ ਬਿਨਾ ਪ੍ਰਾਪੇਗੰਡਾ ਨਹੀਂ ਹੋ ਸਕਦਾ। ਲਿਖਾਰੀਆਂ ਦਾ ਭਵਿਖਤ ਡਾਹਢਾ ਚੰਗਾ ਜਾਪਦਾ ਸੀ। ਪੜ੍ਹਣ ਲਿਖਣ ਵੱਲ ਲੋਕਾਂ ਦੀਆਂ ਰੁਚੀਆਂ ਵਧ ਰਹੀਆਂ ਸਨ ਤੇ ਸਮੇਂ ਦੀ ਉੱਨਤੀ ਨਾਲ ਵੇਹਲ ਵੀ ਵਧੇਰਾ ਹੋਵੇਗਾ।

ਅਜੇ ਤਕ ਕਹਾਣੀਕਾਰ ਤੋਂ ਪੈਸੇ ਨਹੀਂ ਮੰਗੇ ਗਏ ਸਨ। ਕੀ ਬਹਾਨਾ ਕਰੇ। ਜੇ ਟਾਂਗੇ ਤੇ ਆਉਂਦਾ ਤਾਂ ਕਹਿ ਦਿੰਦਾ ਕਿ ਟਾਂਗੇ ਵਾਲੇ ਦੇ ਪੈਸੇ ਵਧੇਰੇ ਹੋ ਗਏ ਹਨ। ਫਿਰ ਕੁਝ ਉਸ ਨੂੰ ਦੇ ਦਿੰਦਾ ਤੇ ਕੁਝ ਆਪ ਰੋਟੀ ਵਾਸਤੇ ਰੱਖ ਲੈਂਦਾ। ਜੇ ਉਸ ਦੇ ਨਾਲ ਕੋਈ ਹੋਰ ਅਦਮੀ ਹੁੰਦਾ ਤਾਂ ਮੰਗਾ ਕੇ ਝਟ ਪਟ ਉਸ ਨੂੰ ਫੜਾ ਦਿੰਦਾ ਜਿਵੇਂ ਉਸ ਦੀ ਸਹਾਇਤਾ ਕਰ ਰਿਹਾ ਹੁੰਦਾ ਹੈ, ਪਰ ਆਪਣੇ ਲਈ ਉਹ ਕਿਸ ਤਰ੍ਹਾਂ ਮੰਗ ਸਕਦਾ ਸੀ। ਇਸ ਘਬਰਾਹਟ ਵਿਚ ਉਸ ਨੂੰ ਹੋਸਟਲ ਦੀ ਯਾਦ ਆ ਗਈ। ਹੋਸਟਲ ਵਿਚੋਂ ਰੋਟੀ ਤੇ ਗੱਲਾਂ ਬਾਤਾਂ ਕਰਦਿਆਂ ਹੀ ਖਾਧੀ ਜਾ ਸਕਦੀ ਸੀ। ਕਿਸੇ ਵੱਖਰੇ ਯਤਨ ਦੀ ਲੋੜ ਨਹੀਂ ਸੀ।

ਵਿਦਿਆਰਥੀ ਕਹਾਣੀਕਾਰਾਂ ਨੂੰ ਖ਼ਾਸਾ ਜਵਾਹਰ ਲਾਲ ਨਹਿਰੂ ਸਮਝਦਾ ਸੀ। ਕਿਸ ਤਰ੍ਹਾਂ ਉਹ ਬੈਠੇ ਬੈਠੇ ਆਪਣੇ ਦਿਮਾਗ਼ ਵਿਚੋਂ ਹੀ ਇਕ ਦੋ ਘੰਟਿਆਂ ਵਿਚ ਹੀ ਕੋਈ ਸੁੰਦਰ ਘਟਨਾ ਕੱਢ ਲੈਂਦੇ ਜੋ ਹਜ਼ਾਰਾਂ ਵਿਚ ਛਪ ਕੇ ਲੱਖਾਂ ਦੀਆਂ ਅੱਖਾਂ ਅਗੋਂ ਲੰਘਦੀ।

ਇਹ ਘਟਨਾਂ ਲੋਕਾਂ ਨੂੰ ਜਾਗਦਿਆਂ ਰੱਖਦੀ, ਉਹਨਾਂ ਦੇ ਮਨ ਵਿਚ ਪਲਟੇ ਲਿਆਉਂਦੀ, ਉਹਨਾਂ ਨੂੰ ਇਕ ਵਖਰਾ ਜਿਹਾ ਸਵਾਦ ਦੇਂਦੀ ਜੇਹੜਾ ਨਾ ਜੀਭ ਦਾ ਸਵਾਦ ਸੀ ਨਾ ਕੰਨਾਂ ਦਾ ਸਵਾਦ ਨਾ ਅਖਾਂ ਦਾ ਸਵਾਦ ਨਾ ਸੁੰਘਣ ਦਾ ਤੇ ਨਾ ਛੋਹ ਦਾ। ਕਿਸ ਤਰ੍ਹਾਂ ਉਹ ਬੰਦੇ ਦੇ ਮਨ ਨੂੰ ਕਿਤਾਬ ਵਾਂਗ ਪੜ੍ਹਦੇ ਤੇ ਸ਼ੀਸ਼ੇ ਵਾਂਗ ਪ੍ਰਗਟ ਕਰ ਦਿੰਦੇ। ਉਸ ਆਪ ਕਈ ਵੇਰ ਕਹਾਣੀ ਲਿਖਣ ਦੀ ਅਸਫਲ ਕੋਸ਼ਿਸ਼ ਕੀਤੀ ਸੀ। ਅਜ ਇਕ ਕਹਾਣੀ ਕਾਰ ਉਸ ਦੇ ਸਾਹਮਣੇ ਬੈਠਾ ਸ਼ੀ। ਕਾਸ਼ ਕਿ ਉਸ ਦੀ ਕੋਈ ਖ਼ਾਸ ਵਰਦੀ ਹੁੰਦੀ ਤੇ ਬਰਾਂਡ ਵਿਚ ਫਿਰਦੇ ਮੁੰਡੇ ਪਹਿਚਾਣ ਲੈਂਦੇ ਕਿ ਉਸ ਦੇ ਕਮਰੇ ਵਿਚ ਇਕ ਕਹਾਣੀਕਾਰ ਬੈਠਾ ਹੈ। ਇਸ ਤਰ੍ਹਾਂ ਹੋਸਟਲ ਦੇ ਮੁੰਡਿਆਂ ਵਿਚ ਉਸਦਾ ਮਾਨ ਵਧ ਜਾਂਦਾ। ਮੁੰਡੇ ਵੀ ਉਸ ਦੇ ਕਮਰੇ ਦਵਾਲੇ ਝੁਰਮਟ ਪਾ ਦਿੰਦੇ। ਜੇ ਉਹ ਉਸ ਦੇ ਸਿਰਜੇ ਹੋਏ ਪਾਤਰਾਂ ਨਾਲ ਪਿਆਰ ਕਰ ਸਕਦੇ ਸਨ ਤਾਂ ਉਸ ਲਈ ਜ਼ਰੂਰ ਉਹਨਾਂ ਦੇ ਦਿਲ ਵਿਚ ਖਿਚ ਹੋਵੇਗੀ। ਕਈ ਮੁੰਡੇ ਗੁਸਾ ਕਰਦੇ ਹੁੰਦੇ ਸਨ ਕਿ ਅਖਬਾਰਾਂ ਵਾਲੇ ਕਿਸੇ ਸਮਾਗਮ ਤੇ ਇਕਤਰ ਹੋਏ ਆਦਮੀਆਂ ਦੇ ਨਾਂ ਛਾਪਣ ਲਗੇ ਕਵੀਆਂ ਤੇ ਕਹਾਣੀਕਾਰਾਂ ਦੇ ਨਾਂ ਸਭ ਤੋਂ ਅਖੀਰ ਤੇ ਛਾਪਦੇ ਸਨ।

"ਅਜ ਖ਼ਿਆਲਾਂ ਦੀ ਦੁਨੀਆਂ ਵਿਚੋਂ ਦਵਾਲੇ ਦੀ ਦੁਨੀਆਂ ਵਲ ਵੀ ਧਿਆਨ ਕੀਤਾ ਜੇ?" ਵਿਦਿਆਰਥੀ ਨੇ ਚਾਅ ਨਾਲ ਗਲ ਛੇੜੀ।

"ਜੇ ਦਵਾਲੇ ਦੀ ਦੁਨੀਆਂ ਵਲ ਧਿਆਨ ਨਾ ਦੇਈਏ ਤਾਂ ਖਿਆਲਾਂ ਦੀ ਦੁਨੀਆਂ ਬੇਸਵਾਦ ਜਹੀ ਰਹਿੰਦੀ ਏ।"

"ਬਹੁਤਾ ਕੁਝ ਦਵਾਲਿਉਂ ਵੇਖ ਕੇ ਹੀ ਲਿਖਦੇ ਓ।"

"ਆਹੋ ਜੀ ਦਵਾਲਿਉਂ ਈ ਕੋਈ ਚੀਜ਼ ਵੇਖੀ ਦੀ ਏ।

ਤੇ ਫਿਰ ਉਸਨੂੰ ਆਪਣੇ ਸੱਚੇ ਵਿਚ ਢਾਲ ਕੇ ਆਪਣੀ ਰੰਗਤ ਦੇਈ ਦੀ ਏ। ਜਿਵੇਂ ਮਿਟੀ ਦੀਆਂ ਇਟਾਂ ਬਣ ਜਾਂਦੀਆਂ ਨੇ।"

"ਪਰ ਇਹ ਮਿਟੀ ਤੋਂ ਇਟਾਂ ਤੁਸੀਂ ਹਰ ਵੇਲੇ ਬਣਾ ਸਕਦੇ ਹੋ ਜਾਂ ਕੇਵਲ ਜਦੋਂ ਭਖੇ ਹੋਏ ਹੋਵੇ।"

'ਨਹੀਂ ਭਖਾ ਤੋਂ ਬਿਨਾਂ ਨਹੀਂ ਬਣਦੀਆਂ।"

"ਤੇ ਇਹ ਭਖਾ ਕਿਸ ਤਰ੍ਹਾਂ ਆਉਂਦਾ ਏ ?"

"ਕਈ ਵਰ ਤੇ ਕੋਈ ਪੁਰਾਣਾ ਖਿਆਲ ਈ ਏਡਾ ਤਤਾ ਹੁੰਦਾ ਏ ਕਿ ਭਖਾ ਲੈ ਆਉਂਦਾ ਏ ਪਰ ਕਈ ਵੇਰ ਭਖਾ ਆਪ ਲਿਆਉਣਾ ਪੈਂਦਾ ਏ।' ਕਹਾਣੀਕਾਰ ਨੇ ਸ਼ੋਖ ਜਹੀਆਂ ਅਖਾਂ ਬਣਾਂਦੇ ਹੋਏ ਕਿਹਾ

"ਅਛਾ ਮੈਂ ਤੁਹਾਡੀ ਰੋਟੀ ਲਿਆਵਾਂ" ਵਿਦਿਆਰਥੀ ਨੇ ਝਕਦੇ ਝਕਦੇ ਪੁਛਿਆ। ਹੋ ਸਕਦਾ ਸੀ ਕਿ ਕਹਾਣੀਕਾਰ ਕਦੀ ਰੋਟੀ ਖਾਂਦਾ ਹੀ ਨਾ ਹੋਵ।

"ਨਹੀਂ ਨਹੀਂ ਰੋਟੀ ਨਹੀਂ ਖਾਣੀ।" ਕਹਾਂਣੀਕਾਰ ਨੇ ਛੇਤੀ ਨਾਲ ਜਵਾਬ ਦਿਤਾ ਜਿਵੇਂ ਉਸ ਨੂੰ ਡਰ ਹੋਵੇ ਕਿ ਕਿਸੇ ਉਸਦੀ ਲੁਕਵੀਂ ਮਨਸ਼ਾ ਬੁਝ ਲਈ ਹੈ।

"ਕਿਉਂ ਰੋਟੀ ਕਿਉਂ ਨਹੀਂ ਖਾਣੀ?"

"ਮੇਰੇ ਘਰ ਵਾਲੇ ਗੁਸੇ ਹੁੰਦੇ ਨੇ। ਉਹਨਾਂ ਦੇ ਖਿਆਲ ਵਿਚ ਮੈਂ ਬਹੁਤ ਅਵਾਰਾ ਹੋ ਗਿਆ ਵਾਂ। ਸਾਡੀ ਆਦਤ ਏ ਫਿਟਦੇ ਫਿਰਾਂਦੇ ਰਹਿਣਾ। ਰਾਤ ਨੂੰ ਵੀ ਸੁਤੇ ਸੁਤੇ, ਨਾ ਸੁਤੇ ਨਾ ਹੀ ਸੁਤੇ।" ਆਖਰ ਤੁਹਾਡਾ 'ਭਖਾ' ਵੀ ਤੇ ਲਿਆਉਣਾ ਹੋਇਆ ਨਾ ਤੇ ਘਰ ਦਿਆਂ ਨੂੰ ਇਹ ਗੱਲਾਂ ਸੋਚਾਂ ਵਿਚ ਪਾ ਦਿੰਦੀਆਂ ਨੇ ਪਈ ਮੁੰਡਾ ਖ਼ਰਾਬ ਹੋ ਗਿਆ ਏ। ਅਗਲੇ ਦਿਨ ਮੇਰੇ ਕਮਰੇ ਵਿਚ ਕਵੀ ਬਿਅੰਤ ਕੌਰ ਆ ਗਈ। ਮੇਰੀ ਮਾਂ ਨੇ ਵੇਖ ਲਿਆ ਤੇ ਲੁੱਕ ਕੇ ਗੱਲਾਂ ਸੁਣਨ ਲੱਗ ਪਈ। ਗੱਲਾਂ ਵੀ ਅਸੀਂ

ਨੰਗੀਆਂ ਜਹੀਆਂ ਹੀ ਕਰਦੇ ਪਏ ਸਾਂ। ਪਿਛੋਂ ਮਾਂ ਪੁਛੇ ਤੇਰੇ ਕੋਲ ਇਹ ਕੁੜੀ ਕੌਣ ਸੀ। ਮੈਂ ਬਤੇਰਾ ਆਖਾਂ ਕਿ ਇਹ ਬਿਅੰਤ ਕੌਰ ਸੀ। ਬੜੀ ਪ੍ਰਸਿਧ ਕਵੀ ਏ ਪਰ ਉਹ ਮੰਨੇ ਨਾ। ਅਖ਼ੀਰ ਇਕ ਦਿਨ ਅਖਬਾਰ ਵਿਚ ਉਸ ਦੀ ਫ਼ੋਟੋ ਆਈ। ਮੈਂ ਕਿਹਾ 'ਮਾਂ ਵੇਖ ਇਹੋ ਹੀ ਸੀ ਨਾ ਉਹ ਕੁੜੀ।' ਘਰ ਵਿਚ ਜੀ ਬੜੀਆਂ ਬੰਦਸ਼ਾਂ ਹੁੰਦੀਆਂ ਨੇ, ਹੋਸਟਲ ਵਿਚ ਤੇ ਬਸ ਮੌਜਾਂ ਹੀ ਮੌਜਾਂ। ਇਸੇ ਹੋਸਟਲ ਵਿਚ ਉਰਦੂ ਦਾ ਕਹਾਣੀਕਾਰ ਕ੍ਰਿਸ਼ਨ ਚੰਦਰ ਰਹਿੰਦਾ ਹੁੰਦਾ ਸੀ। ਬੜੀ ਖਪ-ਖਾਂਦੇ ਹੁੰਦੇ ਸਾਂ ਓਦੋਂ ਇਥੇ। ਪਹਿਲੀ ਕਹਾਣੀ ਲਿਖ ਕੇ ਉਸ ਸੁਣਾਈ ਸਾਨੂੰ ਆਪਣੇ ਕਮਰੇ ਵਿਚ। ਅਸਾਂ ਕਿਹਾ 'ਕ੍ਰਿਸ਼ਨ ਕਹਾਣੀ ਤੇ ਚੰਗੀ ਏ ਪਰ ਤੇਰੀ ਨਹੀਂ।' ਕਹਿਣ ਲਗਾ ਮੈਂ ਤੁਹਾਨੂੰ ਇਕ ਹੋਰ ਲਿਖ ਦੇਨਾਂ ਵਾਂ। ਅਸਾਂ ਬਾਹਰੋਂ ਕੁੰਡਾ ਲਾ ਦਿਤਾ। ਚਾਰ ਘੰਟਿਆਂ ਵਿਚ ਉਸ ਹੋਰ ਕਹਾਣੀ ਲਿਖਕੇ ਸਾਨੂੰ ਵਿਖਾਈ। ਅਸਾਂ ਕਿਹਾ ਬਈ ਠੀਕ। ਇਕ ਨਵਾਂ ਕਹਾਣੀਕਾਰ ਜੰਮਿਆਂ ਏ ਅੱਜ। ਪਰ ਹੁਣ ਤੇ ਉਹ ਕੁਝ ਮੱਧਮ ਪੈ ਗਿਆ ਏ। ਅਗਲੇ ਦਿਨ ਇਕ ਆਦਮੀ ਆਇਆ, ਕਹਿਣ ਲਗਾ ਇਕ ਕਿਤਾਬ ਛਪਵਾਣੀ ਏਂ "ਸੂਬਿਆਂ ਵਿਚੋਂ"। ਹਰ ਇਕ ਸੂਬੇ ਦੀ ਇਕ ਇਕ ਵਧੀਆ ਕਹਾਣੀ ਅੰਗਰੇਜ਼ੀ ਵਿਚ ਉਲਥਾ ਕਰ ਕੇ ਯਾਰਾਂ ਕਹਾਣੀਅ ਦਾ ਸੰਗ੍ਰਹਿ ਛਾਪਣਾ ਏ। ਪੰਜਾਬ ਵਲੋਂ ਕਹਾਣੀ ਤੁਸੀਂ ਦਿਓ। ਮੈਂ ਉਹਨੂੰ ਸਮਝਾਇਆ ਪਈ ਪੰਜਾਬ ਵਿਚ ਤੇ ਸਭ ਤੋਂ ਵਧੀਆ ਕਹਾਣੀ ਕ੍ਰਿਸ਼ਨ ਚੰਦਰ ਲਿਖਦਾ ਏ, ਉਸਦੀ ਕੋਈ ਕਹਾਣੀ ਰੱਖੋ। ਆਖੇ ਨਹੀਂ ਉਸ ਦਾ ਸਮਾਂ ਲੰਘ ਗਿਆ ਏ। ਮੁੰਡਿਆਂ ਨਾਲੋਂ ਕੁੜੀਆਂ ਕਹਾਣੀ ਬਾਰੇ ਚਗੀ ਰਾਏ ਦੇ ਸਕਦੀਆਂ ਹਨ ਤੇ ਬਹੁਤ ਸਾਰੀਆਂ ਕੁੜੀਆਂ ਮੈਨੂੰ ਕਿਹਾ ਹੈ ਕਿ ਤੁਸੀਂ ਹੀ ਸਭ ਤੋਂ ਚੰਗੀ ਕਹਾਣੀ ਲਿਖਦੇ ਹੋ ਤੇ ਮੇਰਾ ਆਪਣਾ ਵੀ ਇਹੋ ਹੀ ਖ਼ਿਆਲ ਏ। ਬਸ ਤੁਸੀਂ ਮੈਨੂੰ ਆਪਣੀ ਇਕ ਕਹਾਣੀ ਲਈ ਆਗਿਆ ਲਿਖ

ਦਿਓ। ਅਗੋਂ ਵੀ ਮੇਰੀਆਂ ਕਈ ਕਹਾਣੀਆਂ ਦੇ ਉਲਥੇ ਹੋਏ ਹਨ। ਅੱਧੀਓਂ ਬਹੁਤੀਆਂ ਤਾਂ ਬੰਗਾਲੀ ਵਿਚ ਹੀ ਛਪੀਆਂ ਹੋਣ ਆਂ ਨੇ। ਇਕ ਗੱਲ ਏ, ਬੰਗਾਲੀ ਪਬਲਿਸ਼ਰ ਬੜੇ ਖਰੇ ਹੁੰਦੇ ਨੇ। ਇਕ ਬੰਗਾਲੀ ਪਬਲਿਸ਼ਰ ਨੇ ਇਕ ਵੇਰੀ ਮੇਰੀਆਂ ਦਸ ਬਾਰਾਂ ਕਹਾਣੀਆਂ ਉਲਥਾ ਕਰਵਾ ਕੇ ਛਪਵਾਈਆਂ ਸਨ। ਹੁਣ ਆਪਣੇ ਆਪ ਛੀ ਮਹੀਨਿਆਂ ਪਿਛੋਂ ਰਾਇਲਟੀ ਮਨੀ ਆਰਡਰ ਕਰ ਦਿੰਦਾ ਏ। ਨਾ ਮੈਂ ਕਦੀ ਉਥੇ ਗਿਆ ਨਾ ਕਦੀ ਓਹਨੂੰ ਪੁਛਿਆ ਏ। ਇਕ ਵੇਰ ਉਸ ਮੈਨੂੰ ਲਿਖਿਆ ਕਿ ਕੋਈ ਫ਼ਿਲਮ ਕੰਪਨੀ ਵਾਲੇ ਤੁਹਾਡੇ ਬਾਰੇ ਪੁਛਦੇ ਨੇ ਤੁਸੀਂ ਆ ਕੇ ਓਹਨਾਂ ਨੂੰ ਮਿਲੋ। ਮੈਂ ਉਸ ਨੂੰ ਲਿਖਿਆ ਭਈ ਫਿਲਮ ਕੰਪਨੀਆਂ ਵਿਚ ਸਿੱਖਾਂ ਦੀ ਕੋਈ ਪੁੱਛ ਗਿੱਛ ਨਹੀਂ ਤੇ ਨਾਲੇ ਘਰ ਦੇ ਏਡੀ ਦੂਰ ਜਾਣ ਕਿਥੇ ਦਿੰਦੇ ਨੇ। ਉਹਨਾਂ ਨੂੰ ਆਖ ਕੋਈ ਹੋਰ ਕਹਾਣੀ ਵਾਲਾ ਲੱਭ ਲੈਣ। ਕਈ ਵਾਰ ਰੇਡੀਓ ਵਾਲੇ ਚਿੱਠੀ ਘੱਲ ਦਿੰਦੇ ਨੇ ਆਓ ਜੀ ਆ ਕੇ ਰੇਡੀਓ ਤੇ ਕਹਾਣੀ ਸੁਣਾਓ। ਕਹਾਣੀ ਜਿਸ ਤਰ੍ਹਾਂ ਕੋਈ ਗਾਣਾ ਏ। ਯਾਰਾਂ ਦੋਸਤਾਂ ਵਿਚ ਤੇ ਹੋਇਆ ਨਾ ਕਦੀ ਬਹਿ ਕੇ ਸੁਣਾ ਦਿੱਤੀ। ਹੁਣ ਕੋਈ ਨਵੀਂ ਕਹਾਣੀ ਲਿਖੀ ਤਾਂ ਤੁਹਾਨੂੰ ਇਥੇ ਆ ਕੇ ਸੁਣਾਵਾਂਗਾ। ਹੁਣ ਮੈਨੂੰ ਆਗਿਆ ਦਿਓ।"

ਹੋਸਟਲੋਂ ਬਾਹਰ ਨਿਕਲਦਿਆਂ ਸਰੀਰ ਦਾ ਅੰਗ ਅੰਗ ਰੰਜਿਆ ਹੋਇਆ ਸੀ। ਸੜਕ ਤੇ ਕੁਝ ਬੜੇ ਸਜੇ ਤੇ ਰੱਜੇ ਹੋਏ ਸ਼ੁਹਦੇ ਜਹੇ ਬੰਦੇ ਇਧਰ ਉਧਰ ਜਾ ਰਹੇ ਸਨ। ਕੀ ਇਹਨਾਂ ਵੀ ਕਦੀ ਕੋਈ ਰੰਗਲੀ ਘੜੀ ਵੇਖੀ ਸੀ? ਕੀ ਇਨ੍ਹਾਂ ਨੂੰ ਪਤਾ ਵੀ ਸੀ ਕਿ ਜੀਵਨ ਕੀ ਹੈ?

# ਚਾਰ ਚਿੱਠੀਆਂ

ਪਿਆਰੀ ਸਤਿੰਦ੍ਰ,

ਮੈਂ ਤੁਹਾਡੇ ਤੋਂ ਕੁਝ ਵਰ੍ਹੇ ਪਹਿਲਾਂ ਜੰਮਿਆਂ ਪਰ ਸਹਿਜੇ ਸਹਿਜੇ ਤੁਸੀਂ ਵੀ ਮੈਨੂੰ ਆ ਹੀ ਮਿਲੇ ਹੋ। ਹਿਸਾਬੀ ਨੁਕਤਾਚੀਨੀ ਸਾਹਮਣੇ ਮੇਰੀ ਇਹ ਗਲ ਠਹਿਰ ਨਹੀਂ ਸਕਦੀ। ਵਕਤ ਮੇਰੇ ਵਾਸਤੇ ਖੜਾ ਨਹੀਂ ਰਿਹਾ ਤੇ ਨਾ ਹੀ ਤੁਹਾਡੇ ਕੱਲਿਆਂ ਵਾਸਤੇ ਚਲਦਾ ਰਿਹਾ ਹੈ, ਪਰ ਕਝ ਇਸ ਤਰ੍ਹਾਂ ਜਾਪਦਾ ਹੈ ਕਿ ਮੈਂ ਤੇ ਤੁਸੀਂ ਹਾਣੀ ਹੀ ਹਾਂ। ਕੁਦਰਤ ਦਾ ਇਹ ਕਾਨੂੰਨ ਹੈ ਕਿ ਕੁੜੀਆਂ ਛੇਤੀ ਹੀ ਜਵਾਨ ਹੋ ਜਾਂਦੀਆਂ ਹਨ। ਜ਼ਿੰਦਗੀ ਦੇ ਵਖੋ ਵਖ ਹਿਸਿਆਂ ਨੂੰ ਉਨ੍ਹਾਂ ਦੀ ਅਸਲੀ ਥਾਂ ਤੇ ਵੇਖ਼ਣ ਵਿਚ ਇਨ੍ਹਾਂ ਦੀਆਂ ਅਖਾਂ ਛੇਤੀ ਹੀ ਕਾਮਯਾਬ ਹੋ ਜਾਂਦੀਆਂ ਹਨ। ਆਪਾ ਵਾਰਨ ਦੇ ਜਜ਼ਬੇ ਛੇਤੀ ਹੀ ਇਨ੍ਹਾਂ ਦਾ ਹਿਰਦਾ ਆ ਖੜਕਾਉਂਦੇ ਹਨ, ਕੁਦਰਤ ਦੇ ਇਸ ਕਾਨੂੰਨ ਦੇ ਮਾਤਹਿਤ ਮੈਥੋਂ ਛੋਟੇ ਹੁੰਦੇ ਹੋਏ ਵੀ ਤੁਸੀਂ ਮੇਰੇ ਹਾਣੀ ਬਣ ਗਏ ਹੋ। ਮੈਨੂੰ ਵਿਸ਼ਵਾਸ ਜਿਹਾ ਹੈ ਕਿ ਮੇਰੀਆਂ ਡੂੰਘੀਆਂ ਤੇ ਅਧ-ਕਹੀਆਂ ਗਲਾਂ ਵੀ ਤੁਸੀਂ ਸਹਿਜ ਸੁਭਾ ਹੀ ਸਮਝ ਸਕਦੇ ਹੋ। ਮੇਰੇ ਕਿਸੇ ਖ਼ਿਆਲ ਜਾਂ ਕੰਮ ਬਾਰੇ ਤੁਹਾਡੀ ਘਟ ਵਧ ਉਹੀ ਰਾਏ ਹੋਵੇਗੀ ਜੋ ਮੇਰੀ ਆਪਣੀ। ਤੇ ਇਹੀ ਹਾਣੀਆਂ ਦੀ ਵਡੀ ਪਹਿਚਾਨ ਹੈ।

ਇਸ ਚਿਠੀ ਦੀ ਮਸਾਲ ਹੀ ਲੈ ਲਓ। ਮੈਂ ਸਾਰੀ ਉਮਰ

ਤੁਹਾਨੂੰ ਕਦੀ ਚਿਠੀ ਨਹੀਂ ਲਿਖੀ ਪਰ ਇਹ ਪੜ੍ਹ ਕੇ ਕੋਈ ਸਮਝੇਗਾ ਕਿ ਸਾਡਾ ਚਿਠੀ ਪਤ੍ਰ ਬੜੇ ਚਿਰ ਤੋਂ ਹੈ। ਹਾਣੀ ਹੋਣ ਦਾ ਵਿਸ਼ਵਾਸ ਹੀ ਮੈਥੋਂ ਇਸ ਤਰ੍ਹਾਂ ਲਿਖਵਾਂਦਾ ਹੈ ਤੇ ਮੈਨੂੰ ਇਸ ਵਿਚ ਕੋਈ ਓਪਰੀ ਗਲ ਨਹੀਂ ਲਗਦੀ।

ਹੱਛਾ ਮੈਂ ਹੁਣ ਤੁਹਾਨੂੰ ਅਸਲੀ ਗਲ ਦਸਦਾ ਹਾਂ। ਮੈਂ ਵਿਆਹ ਕਰਾਉਣ ਨੂੰ ਫ਼ਿਰਦਾ ਹਾਂ। ਤੁਸੀ ਕਾਲਜ ਵਿਚ ਪੜ੍ਹਦੇ ਹੋ। ਹਰ ਵੇਲੇ ਕੁੜੀਆਂ ਵਿਚ ਘਿਰੇ ਰਹਿੰਦੇ ਹੋ। ਨਹਾਉਂਦਿਆਂ, ਰੋਟੀ ਖਾਂਦਿਆਂ ਕਾਲਜ ਜਾਂਦਿਆਂ, ਕਲਾਸ ਵਿਚ ਬੈਠਿਆਂ ਹਰ ਵੇਲੇ ਤੁਹਾਡੇ ਦਵਾਲੇ ਕੁੜੀਆਂ ਹੀ ਕੁੜੀਆਂ ਹੁੰਦੀਆਂ ਹਨ। ਉਨ੍ਹਾਂ ਵਿਚੋਂ ਮੇਰੇ ਲਈ ਕੋਈ ਚੰਗੀ ਜਹੀ ਕੁੜੀ ਚੁਣ ਦਿਓ।

ਚੂੰਕਿ ਮੇਰੀ ਤੁਹਾਡੀ ਵਾਕਫ਼ੀਅਤ ਕੁਝ ਵਧੇਰੀ ਨਹੀਂ ਇਸ ਲਈ ਤੁਸੀਂ ਕਹੋਗੇ ਕਿ ਕੁੜੀ ਚੁਣਨ ਤੋਂ ਪਹਿਲਾਂ ਤੁਹਾਨੂੰ ਕੁਝ ਪਤਾ ਹੋਣਾ ਚਾਹੀਦਾ ਹੈ ਕਿ ਮੈਂ ਕਿਸ ਤਰ੍ਹਾਂ ਦਾ ਆਦਮੀ ਹਾਂ। ਮੈਂ ਕਿਵੇਂ ਦਸਾਂ? ਜੇ ਤੁਸੀਂ ਏਥੇ ਹੋਵੇ ਤਾਂ ਮੈਂ ਆਪਣੇ ਬਾਰੇ ਢੇਰ ਸਾਰੀਆਂ ਗਲਾਂ ਕਰਕੇ ਤੁਹਾਨੂੰ ਕੁਝ ਥੋੜਾ ਬਹੁਤ ਚਾਨਣ ਕਰ ਦੇਵਾਂ ਪਰ ਕਾਗਤ ਤੇ ਲਿਖਦਿਆਂ ਕਿੰਨੀ ਦੇਰ ਲਗਦੀ ਹੈ। ਆਦਮੀ ਅਕ ਜਾਂਦਾ ਹੈ ਤੇ ਗਲਾਂ ਔਹੜ ਕੇ ਮੁੜ ਭੁਲ ਜਾਂਦੀਆਂ ਹਨ। ਕੱਲਿਆਂ ਬੈਠਿਆਂ ਨੂੰ ਨਾਲੇ ਓਨੀਆਂ ਗਲਾਂ ਔਹੜਦੀਆਂ ਵੀ ਨਹੀਂ।

ਮੈਨੂੰ ਆਪ ਨੂੰ ਪਤਾ ਨਹੀਂ ਕਿ ਮੈਂ ਚੰਗਾ ਹਾਂ ਜਾਂ ਭੈੜਾ, ਬਹਾਦਰ ਹਾਂ ਜਾਂ ਬੁਜ਼ਦਿਲ, ਜਜ਼ਬਾਤੀ ਹਾਂ ਜਾਂ ਸੋਚਣ ਵਾਲਾ, ਕੌੜਾ ਹਾਂ ਜਾਂ ਮਿਠ-ਬੋਲੜਾ, ਵਫ਼ਾਦਾਰ ਹਾਂ ਜਾਂ ਬੇਵਫ਼ਾ, ਸਮਝਦਾਰ ਹਾਂ ਜਾਂ ਬੇ ਸਮਝ, ਲਾਲਚੀ ਹਾਂ ਜਾਂ ਖੁਲ੍ਹ ਦਿਲਾ, ਆਸਤਕ ਹਾਂ ਜਾਂ ਨਾਸਤਕ। ਸਚੀ ਗਲ ਤਾਂ ਇਹ ਹੈ ਕਿ ਮੈਨੂੰ ਇਨ੍ਹਾਂ ਵਿਚੋਂ ਬਹੁਤਿਆਂ ਹਰਫ਼ਾਂ ਦੇ ਅਰਥ ਹੀ ਨਹੀਂ ਆਉਂਦੇ। ਕਦੀ ਕਦੀ ਇਸ ਤਰ੍ਹਾਂ ਜਾਪਦਾ ਹੈ ਕਿ

ਇਨ੍ਹਾਂ ਦੇ ਅਰਥ ਕਿਸੇ ਨੂੰ ਵੀ ਨਹੀ ਆਉਂਦੇ। ਅੰਨ੍ਹਿਆਂ ਦੇ ਹਾਥੀ ਵੇਖਣ ਵਾਲੀ ਹੀ ਗਲ ਹੈ। ਇਕ ਦਾ ਗਿਆਨ ਦੂਜੇ ਤੇ ਲਾਗੂ ਨਹੀਂ ਹੁੰਦਾ। ਹਿੰਦੁਸਤਾਨ ਤੇ ਵਲਾਇਤ ਵਿਚ ਇਨ੍ਹਾਂ ਦੇ ਅਰਥਾਂ ਤੇ ਕਈ ਕਿਤਾਬਾਂ ਲਿਖੀਆਂ ਗਈਆਂ ਹਨ। ਕਈ ਲੈਕਚਰ ਬਹਿਸਾਂ ਹਰ ਰੋਜ਼ ਹੁੰਦੇ ਹਨ ਪਰ ਮੈਨੂੰ ਉੱਕਾ ਕੋਈ ਦਿਲਚਸਪੀ ਨਹੀਂ।

ਕਦੀ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਮੇਰਾ ਇਨ੍ਹਾਂ ਹਰਫ਼ਾਂ ਦੇ ਅਰਥ ਜਾਣਨ ਦਾ ਵਕਤ ਹੀ ਲੰਘ ਗਿਆ ਹੈ ਤੇ ਹੁਣ ਐਵੇ ਵਾਧੂ ਹੀ ਸਿਰ ਖਪਾਈ ਹੋਵੇਗੀ। ਜਿਸ ਤਰ੍ਹਾਂ ਮੇਲੇ ਵਿਚ ਕੋਈ ਆਪਣੇ ਸਾਰੇ ਪੈਸੇ ਖਰਚ ਕਰਕੇ ਫ਼ਿਰ ਚੀਜ਼ਾਂ ਦਾ ਭਾ ਪੁਛਦਾ ਫਿਰੇ। ਇਹ ਵੇਲਾ ਲੰਘ ਜਾਣ ਵਾਲਾ ਖ਼ਿਆਲ ਵਧੇਰਾ ਉਸ ਵੇਲੇ ਭਾਰੂ ਹੁੰਦਾ ਹੈ ਜਦੋਂ ਰਾਤ ਨੂੰ ਤਾਰਿਆਂ ਦੀ ਛਾਵੇਂ ਮੰਜੀ ਤੇ ਪਿਆਂ ਮੈਨੂੰ ਚੌਗਿਰਦਾ ਅਸਲੋਂ ਸਖਣਾ ਲਗਦਾ ਹੈ। ਚਾਰ ਚੁਫੇਰੇ ਕੋਠਿਆਂ ਵਿਚ ਬੁਢੇ, ਬਚੇ, ਤੇ ਜਵਾਨ ਤੂੜੇ ਹੋਏ ਹਨ ਜੋ ਦਿਨ ਚੜ੍ਹਦਿਆਂ ਸਾਰ ਹੀ ਸਾਰੇ ਬਾਜ਼ਾਰਾਂ ਗਲੀਆਂ, ਟਾਂਗੇ, ਮੋਟਰਾਂ, ਨੂੰ ਭਰ ਦਿੰਦੇ ਹਨ। ਪਰ ਮੇਰਾ ਇਕੱਲ ਕੋਹਾਂ ਤੀਕ ਮੇਰੇ ਦਵਾਲੇ ਖਿਲਰਿਆ ਹੋਇਆ ਹੁੰਦਾ ਹੈ। ਮੈ ਇਕੱਲਾ ਇਸ ਕਰਕੇ ਹਾਂ ਕਿ ਮੈਂ ਹੁਣ ਕਿਸੇ ਹੋਰ ਜੀਵ ਵਿਚ ਦਿਲਚਸਪੀ ਨਹੀਂ ਲੈ ਸਕਦਾ।

ਮੇਰਾ ਭੂਤਕਾਲ ਕਿੰਨਾ ਚੌੜਾ ਹੈ। ਮੈਂ ਕਿੰਨਾ ਸਫ਼ਰ ਕੀਤਾ ਹੈ। ਮੈ ਕਿੰਨਿਆਂ ਥਲਾਂ ਤੇ ਮੈਦਾਨਾਂ ਵਿਚੋਂ ਗੱਡੀ ਵਿਚ ਤੇ ਕਿੰਨਿਆਂ ਸ਼ਹਿਰਾਂ ਉਤੋਂ ਹਵਾਈ ਜਹਾਜ਼ਾਂ ਤੇ ਲੰਘਿਆ ਹਾਂ। ਮੈਂ ਕਿਨਾ ਕੁਝ ਪੜ੍ਹਿਆ ਹੈ। ਮੈਂ ਕਿੰਨੀਆਂ ਹੀ ਰਾਤਾਂ ਜਾਗਿਆ ਹਾਂ। ਇਸ ਸਰੀਰ ਤੋਂ ਮੈਂ ਕਿੰਨਾ ਕੰਮ ਲਿਆ ਹੈ। ਮੈਂ ਕਿੰਨ ਨਵੇ ਬੰਦੇ ਜ਼ਨਾਨੀਆਂ ਨੂੰ ਮਿਲਿਆ ਹਾਂ, ਕਿੰਨੀ ਵੇਰ ਮੇਰਾ ਦਿਲ ਗਰਮ ਤੇ ਠੰਡਾ ਹੋਇਆ ਹੈ। ਇਉਂ ਲਗਦਾ ਹੈ ਜਿਵੇਂ ਹੁਣ ਫਿਰ ਕਦੀ ਨਹੀਂ ਹੋ ਸਕੇਗਾ।

ਮੈਂ ਤੇ ਬਸ ਹੁਣ ਇਕ ਪੀਲਾ ਪੱਤਾ ਹਾਂ।

ਤੁਹਾਡਾ—
ਭਗਵੰਤ

ਪਿਆਰੇ ਭਗਵੰਤ ਜੀ,

ਤੁਹਾਡੀ ਚਿੱਠੀ ਮਿਲੀ ਹੈ। ਮੇਰੇ ਲਈ ਇਹ ਜ਼ਿੰਦਗੀ ਦਾ ਇਕ ਅਨੋਖਾ ਤਜਰਬਾ ਸੀ। ਅੱਜ ਤੱਕ ਕਦੀ ਕਿਸੇ ਮੁੰਡੇ ਨੇ ਮੇਰੇ ਸਾਹਮਣੇ ਆਪਣਾ ਦਿਲ ਨਹੀਂ ਸੀ ਖੋਲ੍ਹਿਆ।

ਤੁਹਾਡੀ ਚਿੱਠੀ ਕਿੱਡੀ ਦਿਲਚਸਪ ਸੀ। ਦੁਨੀਆਂ ਵੇਖ ਵੇਖ ਕੇ ਰੱਜਿਆ ਹੋਇਆ ਇਕ ਬੰਦਾ। ਕਾਸ਼ ਕਿ ਮੈਂ ਹੁੰਦੀ। ਉਫ਼ ਮੈਂ! ਮੈਂ ਕਿਸ ਤਰ੍ਹਾਂ ਹੁੰਦੀ। ਮੈਂ ਤੇ ਇਸ ਹੋਸਟਲ ਦੇ ਕੰਪਾਊਂਡ ਦੇ ਚੱਕਰ ਲਾਣ ਲਈ ਪੈਦਾ ਹੋਈ ਹਾਂ। ਕੰਪਾਊਂਡ ਦੇ ਅੰਦਰ ਦੀ ਜ਼ਮੀਨ ਮੈਂ ਮਿੱਧ ਮਿੱਧ ਕੇ ਲੋਹਾ ਕਰ ਦਿੱਤੀ ਹੈ। ਇਥੇ ਟੁਰਦਿਆਂ ਹੁਣ ਅਪਣਾ ਸਰੀਰ ਮੈਨੂੰ ਭਾਰਾ ਭਾਰਾ ਲਗਦਾ ਹੈ। ਮੇਰੇ ਟੁਰਦੀ ਦੇ ਪੈਰ ਜਵਾਨ ਕੁੜੀਆਂ ਦੇ ਪੈਰਾਂ ਵਾਂਗ ਧਰਤੀ ਨੂੰ ਛੋਹਕੇ ਹੀ ਉਤਾਂਹ ਨਹੀਂ ਉਠ ਜਾਂਦੇ। ਸਗੋਂ ਬੱਢੀਆਂ ਵਾਂਗ ਘੰਮ ਘੰਮ ਪੈਂਦੇ ਹਨ। ਚਿੜੀਆ ਘਰ ਦੇ ਪਿੰਜਰਿਆ ਵਿਚ ਵੀ ਕਈ ਜਾਨਵਰ ਆਰਾਮ ਨਾਲ ਨਹੀਂ ਖਲੋਂਦੇ ਸਗੋਂ ਪਿੰਜਰੇ ਵਿਚ ਹਰ ਵੇਲੇ ਚਕਰ ਲਾਂਦੇ ਰਹਿੰਦੇ ਹਨ।

ਮੈਂ ਬਾਹਰ ਤੇ ਨਿਕਲਦੀ ਹਾਂ ਪਰ ਨਾ ਨਿਕਲਣ ਵਰਗੀ। ਪਿਛਲੀਆਂ ਛੁਟੀਆਂ ਵਿਚ ਮੈਂ ਸ਼ਿਮਲੇ ਗਈ ਤੇ ਕਲਾਰਕਸ ਹੋਟਲ ਵਿਚ ਬੰਦ ਕਰ ਦਿਤੀ ਗਈ। ਮਾਲ ਰੋਡ ਤੇ ਭਲਾ ਪਹਾੜ ਕਿਥੇ ਹਨ, ਪਹਾੜ ਤੇ ਮੈਂ ਦੂਰੋਂ ਹੀ ਵੇਖੇ। ਉਹ ਆਪਣੇ ਪਿਛੇ ਕਈ ਕੁਝ ਲੁਕਾਈ ਬੈਠੇ ਸਨ, ਮੇਰੇ ਦਿਲ ਵਿਚ ਉਬਾਲ ਉਠਦਾ ਸੀ ਕਿ ਇਨ੍ਹਾਂ ਪਹਾੜਾਂ ਦੇ ਪਿਛੇ ਕਿਹੜੇ ਪਹਾੜ ਹਨ ਤੇ ਫਿਰ ਉਨ੍ਹਾਂ ਦੇ ਪਿਛੇ ਕੀ ਹੈ। ਉਥੇ

ਕੌਣ ਲੋਕ ਰਹਿੰਦੇ ਹਨ, ਉਹ ਕੀ ਕਰਦੇ ਹਨ, ਕੀ ਖਾਂਦੇ ਹਨ, ਕੀ ਬੋਲਦੇ ਹਨ, ਵਿਆਹ ਕਿਸ ਤਰਾਂ ਕਰਦੇ ਹਨ ਤੇ ਆਪਣੀਆਂ ਇਸਤ੍ਰੀਆਂ ਨਾਲ ਕਿਹੋ ਜਿਹਾ ਵਰਤਾਰਾ ਕਰਦੇ ਹਨ। ਮੇਰਾ ਕਮਰਾ ਤੇ ਉਜਾੜ ਸੀ ਪਰ ਹੋਟਲ ਵਿਚ ਤੇ ਕੋਈ ਉਜਾੜ ਨਹੀਂ ਸੀ। ਹਰ ਇਕ ਕਮਰੇ ਵਿਚ ਬੰਦੇ ਜ਼ਨਾਨੀਆਂ ਸਨ, ਕਈ ਕਲੇ ਕਲੇ ਤੇ ਕਈ ਚੋਖੇ ਚੋਖੇ; ਭਾਂਤ ਭਾਂਤ ਦੇ ਬੰਦੇ, ਕੋਈ ਕਿਤੋਂ ਆਇਆ ਹੋਇਆ ਤੇ ਕੋਈ ਕਿਤੋਂ। ਮੇਰਾ ਜੀ ਕਰਦਾ ਸੀ ਕਿ ਹਰ ਕਮਰੇ ਵਿਚ ਜਾਵਾਂ ਤੇ ਉਨ੍ਹਾਂ ਨਾਲ ਗੱਲਾਂ ਕਰਾਂ। ਮੈਂ ਉਨ੍ਹਾਂ ਨੂੰ ਪੁਛਾਂ ਤੁਸੀਂ ਪੰਜਾਬ ਦੇ ਹੋ ਕਿ ਬਾਹਰ ਦੇ ? ਸਾਨੂੰ ਪੰਜਾਬੀਆਂ ਨੂੰ ਪਸੰਦ ਕਰਦੇ ਹੋ ਕਿ ਨਹੀਂ ? ਤੁਸਾਂ ਆਪਣੀ ਜ਼ਿੰਦਗੀ ਵਿਚ ਕੀ ਕੀ ਵੇਖਿਆ ਤੇ ਜਾਣਿਆ ਹੈ ? ਕਿਥੇ ਕਿਥੇ ਗਏ ਹੋ ਕਿਹੜੀਆਂ ਗਲਾਂ ਤੁਹਾਡੇ ਮਨ ਵਿਚ ਖੁਭੀਆਂ ਹਈਆਂ ਹਨ ? ਪ੍ਰਚਲਤ ਸਮਾਜੀ ਤੇ ਮਜ਼ਹਬੀ ਫ਼ਲਸਫ਼ਿਆਂ ਵਿਚੋਂ ਤੁਸੀ ਕਿਸ ਕਿਸ ਨੂੰ ਗਲਤ ਸਮਝਦੇ ਹੋ ਤੇ ਕਿਸ ਕਿਸ ਨੂੰ ਠੀਕ। ਤੁਸੀ ਕਮਿਊਨਿਸਟ ਹੋ ਕਿ ਡੇਮੋਕ੍ਰੈਟ ?

ਇਨ੍ਹਾਂ ਵਿਚ ਕਈ ਤਰ੍ਹਾਂ ਦੇ ਬੰਦੇ ਜ਼ਨਾਨੀਆਂ ਹੋਣਗੇ-ਮੂਰਖ ਜੋ ਪਲੰਘਾਂ ਤੇ ਸੋਫ਼ਾ ਸੈਟਾਂ ਨੂੰ ਹੀ ਜ਼ਿੰਦਗੀ ਸਮਝਦੇ ਹਨ। ਕਈ ਤੇਜ਼ ਅਕਲ ਵਾਲੇ ਅਖਾਂ ਵਿਚ ਅਖਾਂ ਪਾ ਕੇ ਭੇਤ ਬੁਝ ਲੈਣ ਵਾਲੇ। ਕਈ ਮਾਸਟਰ ਤਾਰਾ ਸਿੰਘ ਦੇ ਦ੍ਰਿੜ ਇਰਾਦਿਆਂ ਵਾਲੇ ਤੇ ਕਈ ਲਿਖਾਰੀ ਹਰ ਗਲ ਦੀ ਤਹਿ ਤਕ ਪਹੁੰਚ ਜਾਣ ਵਾਲੇ ਤੇ ਕਹਿ ਸਕਣ ਵਾਲੇ। ਜ ਮੈਂ ਇਨ੍ਹਾਂ ਲੋਕਾਂ ਨੂੰ ਮਿਲਦੀ ਤਾਂ ਮੈਂ ਕਹਿ ਸਕਦੀ ਕਿ ਮੈਂ ਸੈਰ ਕੀਤੀ ਹੈ ਪਰ ਮੈਂ ਤੇ ਆਪਣੇ ਕਮਰੇ ਵਿਚ ਹੀ ਬੰਦ ਰਹੀ। ਕਈ ਟੱਲਾਂ ਵਾਲੀਆਂ ਖੱਚਰਾਂ ਸ਼ਿਮਲੇ ਆਉਂਦੀਆਂ ਤੇ ਮੈਂ ਸੋਚਦੀ ਕਿ ਇਹ ਕਿਥੋਂ ਆਉਂਦੀਆਂ ਹਨ ! ਕਿਉਂ ਨਹੀ ਮੈਂ ਪਹਾੜਾਂ ਵਿਚ ਇਨ੍ਹਾਂ ਦੇ ਪਿਛੇ ਪਿਛੇ ਜਾ ਕੇ ਵਖ ਸਕਦੀ ਕਿ ਇਹ ਕਿਥੋਂ

ਆਉਂਦੀਆਂ ਹਨ।

ਜਿੰਨਾ ਕੁ ਮੈਂ ਸ਼ਿਮਲਾ ਵੇਖਿਆ ਉੱਨਾਂ ਹੀ ਮੈਂ ਸ੍ਰੀਨਗਰ ਵੇਖਿਆ ਸੀ। ਇਕ ਕਾਲਜ ਪੜ੍ਹਦੀ ਕੁੜੀ ਉੱਥੇ ਮਿਲੀ ਸੀ, ਉਸ ਸਾਰੀ ਉਮਰ ਕਦੀ ਗੱਡੀ ਨਹੀਂ ਸੀ ਵੇਖੀ। ਬੱਸ ਮੇਰੀ ਭੈਣ। ਮੈਨੂੰ ਕਹਿੰਦੀ ਸੀ ਤੂੰ ਬੜੀ ਸੋਹਣੀ ਹੈਂ। ਮੇਰੇ ਸੋਹਣੇ ਹੋਣ ਦਾ ਕੀ ਫ਼ਾਇਦਾ। ਅੰਗਰੇਜ਼ੀ ਕਵਿਤਾ ਦੀਆਂ ਦੋ ਲਾਈਨਾਂ ਮੈਂ ਕਦੀ ਪੜ੍ਹੀਆਂ ਸਨ।

ਗੁਲਾਬ ਦੇ ਫੁੱਲ ਵਾਂਗ ਭਰੀ ਹੋਈ ਤੇ ਉਸੇ ਤਰ੍ਹਾਂ ਹੀ ਬੇਨਸ਼ਾਨ।
ਤੇਰੀ ਸਰਲ ਜਹੀ ਕਿਸਮਤ ਵਿਚ ਕੇਵਲ ਖ਼ੂਬਸੂਰਤ ਹੋਣਾ ਲਿਖਿਆ ਹੈ।

ਹਾਂ, ਮੈਂ ਭਰੀ ਹੋਈ ਹਾਂ। ਦੋ ਵਾਰ ਮੁੱਠ ਮੀਟ ਕੇ ਉਘੜਿਆਂ ਮੇਰੀ ਹੱਥ ਦੀ ਤਲੀ ਖ਼ੂਨ ਨਾਲ ਲਾਲ ਹੋ ਜਾਂਦੀ ਹੈ। ਮੇਰਾ ਹੋਸਟਲ ਦੇ ਕੰਪਾਊਂਡ ਦੀਆਂ ਤਾਰਾਂ ਟੱਪਣ ਨੂੰ ਜੀ ਕਰਦਾ ਹੈ। ਮੈਂ ਕਈ ਵੇਰ ਭਜਦੀ ਮੰਜੀਆਂ ਟਪ ਜਾਂਦੀ ਹਾਂ। ਅੰਬ ਦੇ ਦਰਖ਼ਤ ਤੇ ਚੜ੍ਹਨਾ ਮੇਰੇ ਲਈ ਕਿਡਾ ਸੌਖਾ ਹੈ। ਭਾਵੇਂ ਅੰਬੀਆਂ ਹੇਠਾਂ ਡਿਗੀਆਂ ਹੋਈਆਂ ਹੋਣ ਤਾਂ ਵੀ ਮੈਂ ਉਤੇ ਚੜ੍ਹ ਕੇ ਹੀ ਲਾਹੁਣੀ ਹਾਂ। ਅੰਬੀਆਂ ਤੇ ਰੁਖ ਤੇ ਚੜ੍ਹਨ ਲਈ ਇਕ ਬਹਾਨਾ ਹੀ ਹੈ।

ਮੈਂ ਤੁਹਾਡੇ ਲਈ ਕੁੜੀ ਲਭ ਰਹੀ ਹਾਂ।

—ਤੁਹਾਡੀ
ਸਤਿੰਦ੍ਰ

੩.

ਪਿਆਰੀ ਸਤਿੰਦ੍ਰ,

ਤੁਹਾਡੀ ਚਿਠੀ ਪੜ੍ਹ ਕੇ ਇਕ ਨਵਾਂ ਤਜਰਬਾ ਹੋਇਆ ਹੈ। ਉਹ ਇਹ ਹੈ ਕਿ ਬਹੁਤੀ ਖ਼ੁਸ਼ੀ ਵਿਚ ਕੋਈ ਕੰਮ ਨਹੀਂ ਹੋ ਸਕਦਾ।

ਮੈਂ ਚਾਹੁੰਦਾ ਸਾਂ ਕਿ ਉਸੇ ਵੇਲੇ ਇਸ ਦਾ ਜਵਾਬ ਲਿਖਾਂ ਪਰ ਲਿਖਿਆ ਨਹੀਂ ਸੀ ਜਾਂਦਾ। ਕਲਮ ਨੂੰ ਮੋੜਨ ਵਾਲੀਆਂ ਨਾੜਾਂ ਖੁਸ਼ੀ ਵਿਚ ਢਿੱਲੀਆਂ ਹੋ ਕੇ ਨਕਾਰਾ ਹੋ ਜਾਂਦੀਆਂ ਹਨ ਤੇ ਕਲਮ ਹਿਲਦੀ ਨਹੀਂ।

ਤੁਸੀ ਤੇ ਮੈਂ ਕਿਤੇ ਵਖਰੇ ਵਖਰੇ ਨਮੂਨੇ ਹਾਂ। ਤੁਸੀਂ ਕਦੀ ਬਾਹਰ ਨਹੀਂ ਨਿਕਲੇ, ਤੁਸੀਂ ਅਜ ਸਜਰੇ ਹੋ, ਅਛੋਤੇ ਹੋ, ਨਰੋਏ ਹੋ, ਪਰ ਮੈਂ ਤੇ ਥੱਕ ਗਿਆ ਹਾਂ। ਮੈਨੂੰ ਨਾਲ ਨਾਲ ਤਾਕਤ ਦੇਣ ਵਾਲੀ ਕੋਈ ਸ਼ੈ ਨਹੀਂ ਸੀ। ਕੋਮਲ ਪਿਆਰ ਤੇ ਭਲਾ ਨਾ ਮਿਲਿਆ ਜੇ ਰਬ ਵਿਚ ਵੀ ਮੇਰਾ ਵਧੇਰਾ ਵਿਸ਼ਵਾਸ ਹੁੰਦਾ ਤਾਂ ਹੋ ਸਕਦਾ ਹੈ ਮੈਂ ਏਡੀ ਛੇਤੀ ਨਾ ਹੰਭਦਾ। ਤੇ ਕੇਵਲ ਬਾਇਰਨ ਤੇ ਆਸਕਰ ਵਾਈਲਡ ਦੀਆਂ ਕਿਤਾਬਾਂ ਵਿਚ ਸਵਾਦ ਲੈਣ ਨਾ ਲੱਗ ਪੈਂਦਾ। ਪਰ ਜਿਸ ਕਦਮ ਨਾਲ ਮੈਂ ਚਲਿਆ ਹਾਂ, ਇਸ ਨਾਲ ਥੱਕ ਹੀ ਜਾਣਾ ਸੀ।

ਮੈਂ ਕੀ ਨਹੀਂ ਵੇਖਿਆ, ਸਾਰੀ ਧਰਤੀ ਦੇ ਮਨੁਖ ਦੀ ਏਕਤਾ ਟਟੋਲੀ ਹੈ। ਅੰਗਰੇਜ਼ਾਂ, ਆਇਰਸ਼ਾਂ, ਚੀਨੀਆਂ, ਅਮਰੀਕਨਾਂ ਤੇ ਹਬਸ਼ੀਆਂ ਨਾਲ ਯਾਰੀਆਂ ਲਾਈਆਂ ਹਨ। ਜਦ ਅੰਗਰੇਜ਼ਾਂ ਤੇ ਹਿੰਦੁਸਤਾਨੀ ਮੁੰਡਿਆਂ ਦੀਆਂ ਸਾਂਝੀਆਂ ਗਰਮ ਮਹਿਫ਼ਲਾਂ ਵਿਚ ਰਾਤ ਦੇ ਦੋ ਵਜ ਜਾਂਦੇ ਤਾਂ ਮੈਂ ਹਰਾਨ ਹੁੰਦਾ ਕਿ ਪੂਰਬ ਤੇ ਪੱਛਮ ਦੇ ਉਹ ਸਦੀਵੀ ਫਰਕ ਜਿਨ੍ਹਾਂ ਦਾ ਏਨਾ ਢੰਡੋਰਾ ਪਿਟਿਆ ਜਾਂਦਾ ਹੈ ਕਿਥੇ ਹਨ? ਮੈਂ ਅਮਰੀਕਨ ਸਿਪਾਹੀਆਂ ਨਾਲ ਰਲ ਕੇ ਕਈ ਦਿਨ ਬੰਗਲੋਰ ਦੀਆਂ ਐਂਗਲੋ-ਇੰਡੀਅਨ ਕੁੜੀਆਂ ਪਿਛੇ ਸਾਈਕਲ ਦੁੜਾਏ ਹਨ। ਉਸ ਵੇਲੇ ਅਸੀਂ ਇਕੋ ਕੁਝ ਹੀ ਹੁੰਦੇ।

ਸਚ ਜਾਣੀ ਸਤਿੰਦ੍ਰ, ਹਬਸ਼ੀ ਬਿਲਕੁਲ ਆਦਮੀ ਹੀ ਹੁੰਦੇ ਹਨ। ਉਸੇ ਤਰ੍ਹਾਂ ਹੀ ਪਿਆਰ ਦੇ ਭੁਖੇ। ਕਈ ਪੜ੍ਹੇ ਹੋਏ ਵੀ ਹੁੰਦੇ ਹਨ, ਉਰਦੂ ਦੀਆਂ ਅਖਬਾਰਾਂ ਨੂੰ ਅਰਬੀ ਸਮਝ ਕੇ ਹਥੋਂ ਖੋਹ ਲੈਂਦੇ ਹਨ।

ਅੰਗ੍ਰੇਜ਼ੀ ਵਿਚ ਬੜੀਆਂ ਸੋਹਣੀਆਂ ਚਿਠੀਆਂ ਲਿਖਦ ਹਨ। ਨਸ਼ਾਨੀਆਂ ਮੰਗਦੇ ਹਨ, ਸਾਡੇ ਪੁਰਾਣੇ ਰਸਾਲ ਅਖਬਾਰਾਂ ਪੜ੍ਹਨਾ ਚਾਹੁੰਦੇ ਹਨ ਤੇ ਹਿੰਦੁਸਤਾਨ ਬਾਰੇ ਕੁਝ ਜਾਨਣਾ ਚਾਹੁੰਦੇ ਹਨ।

ਮੈਂ ਗਰੀਬੀ ਵੀ ਦੇਖੀ ਹੈ। ਮੈਂ ਗਰੀਬ ਘਰ ਜੰਮਿਆ ਸਾਂ, ਉਹ ਘਰ ਜਿਥੇ ਪੰਜ ਰੁਪਏ ਹੋਣ ਨਾਲ ਘਰ ਭਰਿਆ ਭਰਿਆ ਜਾਪਦਾ ਸੀ। ਤੂੰ ਨਹੀਂ ਜਾਣਦੀ ਸਤਿੰਦ੍ਰ ਗਰੀਬੀ ਕੀ ਹੁੰਦੀ ਹੈ ਤੇ ਨਾ ਹੀ ਸਾਰੀ ਉਮਰ ਜਾਣ ਸਕੇਂਗੀ। ਜਦੋਂ ਚਾਰ ਆਨੇ ਮਾਂ ਨੂੰ ਦੇ ਕੇ ਤੁਹਾਨੂੰ ਖੁਸ਼ੀ ਮਹਿਸੂਸ ਹੋਵੇ ਉਸ ਨੂੰ ਗਰੀਬੀ ਆਖਦੇ ਹਨ।

ਤੇ ਫਿਰ ਹਾਲਾਤ ਕੁਝ ਬਦਲ ਗਏ। ਮੈਂ ਹਸਮੁਖ਼ ਤੇ ਵਿਹਾਰੀ ਮੇਮਾਂ ਨਾਲ ਹਿੰਦੁਸਤਾਨ ਦੇ ਇਕ ਸਿਰੇ ਤੋਂ ਦੂਸਰੇ ਸਿਰੇ ਤਕ ਏਅਰ ਕੰਨਡੀਸ਼ਨਡ ਗਡੀਆਂ ਵਿਚ ਸਫਰ ਕੀਤਾ ਹੈ। ਮੈਂ ਬਰੇਲੀ ਦੀਆਂ ਯੂਰਪੀਨ ਨਰਸਾਂ ਨੂੰ ਨੈਨੀਤਾਲ ਦੇ ਠੰਢੇ ਸੇਬਾਂ ਦੇ ਬਾਗਾਂ ਦੀਆਂ ਸੈਰਾਂ ਕਰਾਈਆਂ ਹਨ। ਮੈਂ ਪੰਜਾਬ ਦੀਆਂ ਕੰਜਰੀਆਂ ਨੂੰ ਹਿੰਦੁਸਤਾਨ ਦੇ ਦੂਰ ਦੁਰਾਡੇ ਸੂਬਿਆਂ ਵਿਚ ਮਿਲਿਆ ਹਾਂ ਤੇ ਬੋਲੀ ਤੋਂ ਓਦਰਿਆ ਹੋਇਆ ਮੈਂ ਉਨ੍ਹਾਂ ਦੇ ਬੁਲ੍ਹਾਂ ਤੋਂ ਪੰਜਾਬੀ ਬੋਲੀ ਸੁਣ ਕੇ ਖੁਸ਼ ਹੋਇਆ ਹਾਂ। ਮੈਂ ਖੂਬਸੂਰਤ ਪਾਰਸਨ ਕੁੜੀਆਂ ਨੂੰ ਨਾਲ ਲੈ ਕੇ ਵਿਕਟੋਰੀਆ ਟਰਮੀਨਸ ਦੇ ਸਟੇਸ਼ਨ ਤੇ ਉਤਰਿਆ ਹਾਂ, ਐਸੀਆਂ ਖੂਬਸੂਰਤ ਜਿਨ੍ਹਾਂ ਦੀ ਝਮਕ ਸਾਹਮਣੇ ਟਿਕਟ ਕੁਲੈਕਟਰ ਟਿਕਟ ਮੰਗਣ ਦੀ ਥਾਂ ਸੁਤੇ ਸਿਧ ਗੇਟ ਵਿਚੋਂ ਇਕ ਪਾਸੇ ਹੋ ਜਾਂਦੇ ਹਨ। ਮੈਂ ਕਈ ਰਾਤਾਂ ਦਿਨ ਤੇ ਦਿਨ ਰਾਤਾਂ ਕੀਤੇ ਹਨ, ਮੈਂ ਥਾਂ ਥਾਂ ਦੀਆਂ ਕਲਬਾਂ ਵਿਚ ਭਾਂਤ ਭਾਂਤ ਦੇ ਲੋਕਾਂ ਨਾਲ ਯਾਰੀਆਂ ਲਾਈਆਂ ਹਨ। ਤੇ ਹੁਣ ਮੈਂ ਬਸ ਖਤਮ ਹੋ ਗਿਆ ਹਾਂ। ਕੋਈ ਨਵੀਂ ਸ਼ੈ ਲਿਖਣ ਤੋਂ, ਕੁਝ ਪੈਦਾ ਕਰਨ ਤੋਂ ਵੀ ਅਸਮਰਥ ਹਾਂ। ਚਮੜੀ ਦਾ ਰੱਜ ਰੂਹ ਦੀ ਮੌਤ ਹੈ, ਸਤਿੰਦ੍ਰ।

ਪਰ ਮੈਂ ਜਾਣਦਾ ਹਾਂ ਕਿ ਮੈਂ ਕੀ ਚਾਹੁੰਦਾ ਹਾਂ। ਰੀਝ ਹੈ ਕਿ

ਇਸ ਯਰਕਾਨੀ ਹੋਈ ਦੁਨੀਆਂ ਨੂੰ ਆਪਣੀ ਛੋਹ ਨਾਲ ਕੋਈ ਅਸਲੀ ਰੰਗ ਵਿਚ ਲਿਆ ਦੇਵੇ। ਪੀਲੀ ਨੂੰ ਗੁਲਾਬੀ ਬਣਾਵੇ। ਬੱਚੇ ਮੈਨੂੰ ਪਿਆਰੇ ਲਗਣ। ਕੁੜੀਆਂ ਮੈਨੂੰ ਮੋਹ ਸਕਣ। ਮੈਂ ਭੋਲੇ ਲੋਕਾਂ ਨਾਲ ਗਲਾਂ ਕਰਕੇ ਖੁਸ਼ ਹੋ ਸਕਾਂ। ਕਹਾਣੀਆਂ ਨਾਵਲ ਸਿਨਮੇਂ ਮੈਨੂੰ ਖਿਚ ਸਕਣ। ਮੈਨੂੰ ਨਕਲੀ ਵੀ ਅਸਲੀ ਦੀ ਭਾਅ ਮਾਰੇ ਨਾ ਕਿ ਅਸਲੀ ਤੇ ਨਕਲੀ ਹੋਣ ਦਾ ਸ਼ਕ ਹੋਵ। ਸ਼ੈਲੀ ਨੇ ਕਿਹਾ ਹੈ ਕਿ ਸਮੁੰਦਰ ਦੀਆਂ ਲਹਿਰਾਂ ਧਰਤੀ ਨਾਲ ਟਕਰਾ ਕੇ ਇਸ ਦੇ ਗੁਨਾਹਾਂ ਨੂੰ ਧੋਂਦੀਆਂ ਰਹਿੰਦੀਆਂ ਹਨ। ਜੀ ਕਰਦਾ ਹੈ ਕੋਈ ਅਛੋਤੀ ਸ਼ੈ ਮੇਰੇ ਨਾਲ ਲਗ ਕੇ ਮੇਰੇ ਗੁਨਾਹਾਂ ਨੂੰ ਵੀ ਧੋ ਦੇਵੇ।

ਤੁਹਾਡਾ—

ਭਗਵੰਤ

੪.

ਮੇਰੇ ਹਾਣੀ,

ਇਕ ਵੇਰ ਲਾਰੀ ਵਿਚ ਬੈਠ ਕੇ ਮੈਂ ਸਿਆਲਕੋਟ ਜਾ ਰਹੀ ਸਾਂ। ਵਿਚ ਇਕ ਲਕੜ ਦਾ ਸੰਦੂਕ ਪਿਆ ਸੀ। ਕਿਸੇ ਪੁਛਿਆ ਇਸ ਵਿਚ ਕੀ ਹੈ? ਸੰਦੂਕ ਵਾਲੇ ਨੇ ਕਿਹਾ ਇਸ ਵਿਚ ਫ਼ਿਲਮ ਹੈ, ਅਜ ਰਾਤ ਨੂੰ ਸਿਆਲਕੋਟ ਵਖਾਣੀ ਹੈ, ਤੇ ਮੈਂ ਹੈਰਾਨ ਹੋ ਗਈ। ਫ਼ਿਲਮ ਸੰਦੂਕ ਵਿਚ ਬੰਦ! ਜਿਸ ਡਰਾਮੇ ਨੇ ਹਜ਼ਾਰਾਂ ਅਖੀਆਂ, ਕੰਨਾਂ ਤੇ ਦਿਲਾਂ ਨੂੰ ਆਪਣੇ ਨਾਲ ਨਾਲ ਟੋਰਨਾ ਸੀ, ਸਰੀਰਾਂ ਨੂੰ ਝੰਜੋੜਨਾ ਸੀ, ਇਸਤਰੀ ਮਰਦਾਂ ਦੇ ਦਿਲਾਂ ਵਿਚ ਸੈਂਕੜੇ ਜਜ਼ਬੇ ਜਗਾਣੇ ਸਨ, ਇਕ ਵਖਰੀ ਦੁਨੀਆਂ ਵਿਚ ਲੈ ਜਾਣਾ ਸੀ, ਉਹ ਫ਼ਿਲਮ ਸੰਦੂਕ ਵਿਚ ਕਿਸ ਤਰ੍ਹਾਂ ਬੰਦ ਹੋ ਗਈ। ਮੈਨੂੰ ਇਹ ਗਲ ਏਡੀ ਓਪਰੀ ਲਗੀ ਕਿ ਮੈਂ ਯਕੀਨ ਨਾ ਕਰ ਸਕਾਂ।

ਉਹੋ ਗਲ ਹਾ ਅਜ ਹੋਈ ਹੈ। ਅਜ ਤਕ ਬੰਦਾ ਮੇਰੇ ਲਈ

ਲੰਮੇ ਕਦ, ਮੋਟੇ ਡੌਲਿਆਂ ਤੇ ਸੋਹਣੀ ਸ਼ਕਲ ਦਾ ਹੀ ਕਿੱਸਾ ਸੀ, ਪਰ ਤੁਸਾਂ ਅਜ ਮੈਨੂੰ ਬੰਦੇ ਦੇ ਅੰਦਰ ਝਾਤੀ ਮਰਵਾਈ ਹੈ। ਸੰਦੂਕ ਵਿਚ ਬੰਦ ਫ਼ਿਲਮ ਕਢ ਕੇ ਵਖਾਈ ਹੈ। ਜੀ ਕਰਦਾ ਏ ਇਹ ਫ਼ਿਲਮ ਹੋਰ ਵੇਖਾਂ, ਫਿਰ ਹੋਰ ਵੇਖਾਂ ਤੇ ਵੇਖਦੀ ਵੇਖਦੀ ਬੋਲਣ ਲਗ ਜਾਵਾਂ ਤੇ ਫਿਰ ਬੋਲਦੀ ਜਾਵਾਂ। ਮੈਂ ਤੁਹਾਡੇ ਨਾਲ ਕਿੰਨੀਆਂ ਗਲਾਂ ਕਰਨੀਆਂ ਹਨ ਜਿਹੜੀਆਂ ਮੈਂ ਪਹਿਲਾਂ ਕਦੀ ਕਿਸੇ ਨਾਲ ਨਹੀਂ ਕੀਤੀਆਂ, ਜਿਹੜੀਆਂ ਅਸਲ ਵਿਚ ਪਹਿਲਾਂ ਮਨ ਵਿਚ ਹੈ ਈ ਨਹੀਂ ਸਨ, ਤੇ ਹੁਣ ਹੀ ਜੰਮੀਆਂ ਹਨ। ਮੈਨੂੰ ਇਹ ਕਾਹਲ ਜਹੀ ਕਾਹਦੀ ਹੈ, ਦਿਲ ਸੰਘ ਵੱਲ ਆ ਰਿਹਾ ਹੈ ਪਰ ਮੈਂ ਇਹ ਚਿੱਠੀ ਤੇ ਮੁਕਾ ਕੇ ਹੀ ਛੱਡਾਂਗੀ।

ਹੋਰ ਮੈਂ ਕੀ ਲਿਖਣਾ ਹੈ? ਤੁਸਾਂ ਆਪਣੀ ਚਿੱਠੀ ਵਿਚ ਰੱਬ ਦੀ ਗੱਲ ਕੀਤੀ ਹੈ। ਮੈਂ ਜਾਣਦੀ ਹਾਂ ਰੱਬ ਕਿੱਥੇ ਹੈ। ਜਿਥੇ ਜਿਥੇ ਜੀਵਨ ਕਣੀ ਹੈ ਓਥੇ ਈ ਰੱਬ ਹੈ। ਜਿਸ ਦਿਨ ਸਾਡੀ ਗਵਾਂਢਣ ਜੁਲਾਹੀ ਨੇ ਆਪਣੇ ਪਤੀ ਦੀ ਖੱਡੀ ਦੇ ਨਾਲ ਆਪਣੇ ਗਭਰੂ ਹੋਏ ਪੁਤਰ ਲਈ ਖੱਡੀ ਕੱਢਵਾ ਕੇ ਪੋਚੀ ਤੇ ਖ਼ੁਸ਼ੀ ਨਾਲ ਢਿੱਲੀ ਕਪੜਿਆਂ ਵਿਚ ਪੂਰੀ ਨਹੀਂ ਸੀ ਆਉਂਦੀ ਉਸ ਦਿਨ ਉਸ ਦੇ ਅੰਦਰ ਰੱਬ ਪੂਰੇ ਜੋਬਨ ਤੇ ਸੀ। ਵਾਂਢੇ ਜਾਂਦੀ ਵਿਧਵਾ ਆਪਣੀ ਹਾਰ ਨਾ ਮੰਨ, ਪਿੰਡੋਂ ਬਾਹਰ ਨਿਕਲ ਕੇ ਰਸਤੇ ਵਿਚ ਬੈਠ ਜਦੋਂ ਬੁਲ੍ਹਾਂ ਤੇ ਸੁਰਖ਼ੀ ਲਾਂਦੀ ਹੈ ਤੇ ਕੱਜਲ ਪਾਂਦੀ ਹੈ ਤਾਂ ਰੱਬ ਵੀ ਓਥੋਂ ਵਧੇਰੇ ਦੂਰ ਨਹੀਂ ਹੁੰਦਾ। ਇਕ ਨੂੰਹ ਜਦੋਂ ਪਰਸਪਰ ਇਤਬਾਰ ਵਿਚ ਕਿਸੇ ਮੁੰਡੇ ਦੀ ਹਿੱਕ ਤੇ ਸਿਰ ਰੱਖ ਕੇ ਸੌਂਦੀ ਹੈ ਜੇ ਰੱਬ ਉਥੇ ਨਹੀਂ ਤਾਂ ਮੈਂ ਪੁਛਦੀ ਹਾਂ ਉਹ ਕਿਥੇ ਹੈ? ਦੂਜੀ ਗਲ ਤੁਹਾਡੀ ਕੋਮਲ ਪਿਆਰ ਦੀ ਹੈ। ਇਸ ਬਾਰੇ ਮੈਂ ਕੁਝ ਨਹੀਂ ਜਾਣਦੀ। ਮੇਰਾ ਇਸ਼ਕ ਮੇਰੇ ਹਾਜ਼ਮੇ ਤੇ ਨਿਰਭਰ ਹੈ। ਜਦੋਂ ਮੇਰਾ ਹਾਜ਼ਮਾ ਠੀਕ ਹੋਵੇ ਮੈਨੂੰ ਮੁੰਡਿਆਂ ਵਿਚ ਦਿਲਚਸਪੀ ਹੁੰਦੀ ਹੈ ਤੇ ਜਦੋਂ ਖ਼ਰਾਬ ਹੋਵੇ ਉਦੋਂ ਨਹੀਂ ਹੁੰਦੀ।

ਪਰ ਤੁਹਾਡੇ ਵਿਚ ਮੈਨੂੰ ਡਾਹਢੀ ਦਿਲਚਸਪੀ ਹੈ। ਤੁਹਾਡੇ ਸਰੀਰ ਨੂੰ ਕਈਆਂ ਥਾਵਾਂ ਦੀ ਹਵਾ ਨੇ ਛੋਹਿਆ ਹੈ। ਦੂਰ ਦੂਰ ਥਾਵਾਂ ਦੇ ਕਿਨੇ ਹੀ ਨਜ਼ਾਰੇ ਤੁਹਾਡੀਆਂ ਅਖਾਂ ਦੇ ਪਰਦਿਆਂ ਪਿਛੇ ਕਿਧਰੇ ਨਾ ਕਿਧਰੇ ਛੁਪੇ ਹੋਏ ਹਨ। ਇਹ ਸਾਰੇ ਤੁਸੀ ਮੇਰੇ ਲਈ ਫਿਰ ਪੈਦਾ ਕਰ ਦਿਓਗੇ।

ਮੈਂ ਤੁਹਾਡਾ ਥਕੇਵਾਂ ਲਾਹ ਦਿਆਂਗੀ; ਤੁਹਾਨੂੰ ਪੀਲੇ ਤੇ ਫਿਰ ਲਾਲ ਕਰ ਦਿਆਂਗੀ। ਮੇਰੀਆਂ ਨਾੜਾਂ ਵਿਚ ਕਿਨਾ ਖ਼ੂਨ ਹੈ ਤੇ ਮੇਰ ਵਾਲ ਕਿੱਡੇ ਕਾਲੇ ਹਨ। ਮੈਂ ਸ਼ਾਮਾਂ ਨੂੰ ਤੁਹਾਨੂੰ ਮੋਟਰ ਵਿਚ ਬਾਹਰ ਸੈਰ ਕਰਨ ਲੈ ਜਾਇਆ ਕਰਾਂਗੀ ਤੇ ਉਥੇ ਤੁਹਾਨੂੰ ਘੁਗੀ ਅਪਨੇ ਬਚੇ ਨੂੰ ਉਡਾਣਾ ਸਖਾਂਦੀ ਵਖਾਵਾਂਗੀ, ਨਾਲੇ ਤੋਤਿਆਂ ਦੀਆਂ ਡਾਰਾਂ ਜਿਹੜੇ ਸਾਰੇ ਜਨੌਰਾਂ ਤੋਂ ਚਰਾਕੇ ਘਰਾਂ ਨੂੰ ਮੁੜਕੇ ਆਉਂਦੇ ਹਨ। ਪੈਲੀਆਂ ਵਿਚ ਕਿਨੇ ਫੁਲ ਖਿੜਦੇ ਹਨ ਤੇ ਫਿਰ ਖਿੜੇ ਹੀ ਰਹਿੰਦੇ ਹਨ; ਬਗ਼ੈਰ ਇਸ ਚਿੰਤਾ ਦੇ ਕਿ ਕੋਈ ਉਨ੍ਹਾਂ ਨੂੰ ਵੇਖਣ ਆਉਂਦਾ ਹੈ ਕਿ ਨਹੀਂ।

ਤੇ ਫਿਰ ਅਸੀ ਵੱਟ ਤੇ ਬੈਠ ਜਾਵਾਂਗੇ ਤੇ ਸੜਕ ਤੇ ਘਰਾਂ ਨੂੰ ਜਾਂਦੇ ਗਵਾਲੇ ਤੇ ਮਜ਼ਦੂਰ ਲੰਘਦੇ ਵੇਖਾਂਗੇ। ਸਾਰੇ ਗਵਾਲੇ ਇਕੋ ਜਿਹੇ ਹੀ ਹੁੰਦੇ ਹਨ ਤੇ ਸਾਰੇ ਮਜ਼ਦੂਰ ਇਕੋ. ਪਰ ਤੁਸੀਂ ਵਖਰੇ ਹੋ, ਕੁਲ ਦੁਨੀਆਂ ਤੋ ਵਖਰੇ ਬਿਲਕੁਲ ਅਨੋਖੇ। ਵੱਟ ਤੇ ਬਠੇ ਬੈਠੇ ਤੁਸੀਂ ਮੈਨੂੰ ਕਿਸੇ ਹੋਰ ਥਾਂ ਦੀ ਸੈਰ ਕਰਾਵੋਗੇ। ਤੁਹਾਡੇ ਉਥੋਂ ਦੇ ਵੇਖੇ ਦ੍ਰਿਸ਼, ਤੁਹਾਡੀਆਂ ਕੀਤੀਆਂ ਗਲਾਂ, ਤੁਹਾਡੀਆਂ ਮਾਣੀਆਂ ਮੌਜਾਂ, ਤੁਹਾਡੇ ਕੱਢੇ ਨਤੀਜੇ, ਇਹ ਸਭ ਮੇਰੇ ਹੋ ਜਾਣਗੇ। ਓਫ਼! ਮੈਨੂੰ ਕਿੰਨੀਆਂ ਖੁਸ਼ੀਆਂ ਉਡੀਕ ਰਹੀਆਂ ਹਨ।

ਮੈਂ ਤੁਹਾਡੇ ਲਈ ਕੁੜੀ ਲੱਭਣੀ ਛਡ ਦਿਤੀ ਹੈ।

—ਤੁਹਾਡੀ

ਸਤਿੰਦ੍ਰ

# ਟੱਕਰ

ਲਾਹੌਰ ਦੇ ਇਕ ਕਾਲਜ ਵਿਚ ਪੜ੍ਹਦਿਆਂ ਸਾਡੀ ਜਾਣ ਪਛਾਣ ਹੋ ਗਈ। ਉਹ ਮੈਥੋਂ ਦੋ ਜਮਾਤਾਂ ਪਿਛੇ ਸੀ, ਪਰ ਫਿਰ ਵੀ ਮੁੰਡਿਆਂ ਕੁੜੀਆਂ ਦੇ ਸਾਂਝੇ ਕਾਲਜਾਂ ਵਿਚ ਮਿਲਣ ਦੇ ਕਈ ਮੌਕੇ ਹੁੰਦੇ ਹਨ। ਮੈਂ ਕਾਲਜ ਦੇ ਮੈਗਜ਼ੀਨ ਵਿਚ ਲੇਖ ਲਿਖਦਾ ਤੇ ਉਹ ਪੜ੍ਹਦੀ ਤੇ ਉਨ੍ਹਾਂ ਬਾਰੇ ਗਲਾਂ ਕਰਦੀ। ਫਿਰ ਜਦੋਂ ਮੈਂ ਐਡੀਟਰ ਬਣਿਆ ਤਾਂ ਉਹ ਕਚੇ ਕਚੇ ਲੇਖ ਲਿਖ ਕੇ ਮੈਨੂੰ ਛਾਪਣ ਵਾਸਤੇ ਕਹਿੰਦੀ। ਮੈਂ ਅਜੇ ਤਕ ਵੀ ਇਹ ਨਿਰਣਾ ਨਹੀਂ ਕਰ ਸਕਿਆ ਕਿ ਉਸ ਦੀਆਂ ਕਵਿਤਾਵਾਂ ਛਾਪਣ ਵਾਸਤੇ ਹੁੰਦੀਆਂ ਸਨ ਜਾਂ ਕੇਵਲ ਮੇਰੇ ਪੜ੍ਹਨ ਵਾਸਤੇ। ਮੈਂ ਇਹ ਆਖਕੇ ਟਾਲ ਦਿੰਦਾ ਕਿ ਜ਼ਿਮੀਦਾਰਾਂ ਦੀਆਂ ਕੁੜੀਆਂ ਇਹੋ ਜਹੀਆਂ ਕਵਿਤਾਵਾਂ ਛਪਵਾਂਦੀਆਂ ਚੰਗੀਆਂ ਨਹੀਂ ਲਗਦੀਆਂ।

ਉਹ ਹੋਸਟਲ ਵਿਚ ਨਹੀਂ ਸੀ ਰਹਿੰਦੀ। ਉਸ ਦੀ ਇਕ ਮਾਸੀ ਲਾਹੌਰ ਵਿਚ ਵਿਆਹੀ ਹੋਈ ਸੀ ਤੇ ਉਹ ਉਸ ਦੇ ਘਰ ਰਹਿੰਦੀ ਸੀ। ਨੇੜੇ ਨੇੜੇ ਦੇ ਪਿੰਡਾਂ ਵਿਚੋਂ ਭਰਤੀ ਹੋਏ ਫੌਜੀ, ਘਰਾਂ ਵਿਚ ਨੌਕਰੀ ਕਰਨ ਵਾਲੇ ਪਹਾੜੀਏ, ਸਕੂਲਾਂ ਕਾਲਜਾਂ ਦੇ ਮੁੰਡੇ ਤੇ ਇਕੋ ਇਲਾਕੇ ਵਿਚੋਂ ਆਏ ਹੋਏ ਸ਼ਹਿਰੀ ਵਸਨੀਕ ਸ਼ਹਿਰਾਂ ਵਿਚ ਆ ਕੇ ਹੋਰ ਨੇੜੇ ਹੋ ਜਾਂਦੇ ਹਨ ਤੇ ਬੜੇ ਪਕੇ ਦੋਸਤ ਬਣ ਜਾਂਦੇ ਹਨ। ਮੈਂ ਤੇ ਉਸ ਦੀ ਮਾਸੀ ਵੀ ਇਸ ਅਸਰ ਤੋਂ ਬਚ ਨਾ ਸਕੇ। ਮੈਂ ਉਨ੍ਹਾਂ ਦੇ

ਘਰ ਆਉਣ ਜਾਣ ਲਗ ਪਿਆ ਤੇ ਮਾਸੀ ਵਲੋਂ ਉਸ ਦੀ ਭਣੇਵੀਂ ਨੂੰ ਪੜ੍ਹਾਣ ਦੀ ਸੇਵਾ ਮੇਰੇ ਜ਼ਿਮੇਂ ਲਗੀ।

ਸਿਆਲ ਦੇ ਇਕ ਠੰਡੇ ਜਹੇ ਤੀਸਰੇ ਪਹਿਰ ਅਸੀਂ ਬਾਕੀ ਘਰ ਦੇ ਰੌਲੇ ਤੋਂ ਇਕਾਂਤ ਕੋਠੇ ਤੇ ਇਕੋ ਕੰਬਲ ਵਿਚ ਵਲ੍ਹੇਟੇ ਬੈਠੇ ਸਾਂ। ਮੈਂ ਉਸ ਨੂੰ ਅੰਗਰੇਜ਼ੀ ਦੀ ਇਕ ਨਜ਼ਮ ਦੇ ਅੰਗਰੇਜ਼ੀ ਵਿਚ ਅਰਥ ਕਰਕੇ ਦਸਣ ਦੀ ਕੋਸ਼ਿਸ਼ ਕਰ ਰਿਹਾ ਸਾਂ। ਸਰੀਰ ਇਕ ਦੂਜੇ ਦੇ ਨਾਲ ਲਗੇ ਹੋਏ ਹੋਣ ਕਰਕੇ ਕੁਝ ਭਖ ਜਹੇ ਰਹੇ ਸਨ। ਆਲਾ ਦਵਾਲਾ ਕੁਝ ਫੁਲਿਆ ਫੁਲਿਆ ਤੇ ਗੁਦਗੁਦਾ ਜਿਹਾ ਲਗਦਾ ਸੀ। ਮੇਰੇ ਦਸੇ ਹੋਏ ਅੰਗਰੇਜ਼ੀ ਦੇ ਅਖਰਾਂ ਦੇ ਅਰਥ ਫੇਰ ਭੁਲ ਜਾਣ ਦੇ ਡਰ ਤੋਂ ਉਹ ਉਨ੍ਹਾਂ ਅਖਰਾਂ ਦੇ ਨਾਲ ਨਾਲ ਕਿਤਾਬ ਤੇ ਲਿਖੀ ਜਾਂਦੀ ਸੀ। ਜਿਸ ਹਥ ਨਾਲ ਮੈ ਕਿਤਾਬ ਫੜੀ ਹੋਈ ਸੀ ਉਸ ਹਥ ਦੇ ਉਤੇ ਉਸ ਨੇ ਆਪਣਾ ਪਿਨਸਲ ਵਾਲਾ ਹਥ ਟਿਕਾਇਆ ਹੋਇਆ ਸੀ। ਇਕ ਸਫ਼ਾ ਮੁਕ ਗਿਆ। ਅਗਲੇ ਸਫ਼ੇ ਦੀ ਸਭ ਤੋਂ ਉਪਰਲੀ ਸਤਰ ਵਿਚ ਇਕ ਅਖਰ ਦਾ ਅਰਥ ਮੈਂ ਦਸਿਆ ਤੇ ਉਸ ਪਹਿਲੇ ਦੀ ਤਰ੍ਹਾਂ ਲਿਖਣਾ ਚਾਹਿਆ। ਮੇਰੇ ਹਥ ਤੋਂ ਆਪਣਾ ਹਥ ਚੁਕੇ ਬਗੈਰ ਉਸ ਪਿਨਸਲ ਦੇ ਸਿਕੇ ਨੂੰ ਉਂਗਲਾਂ ਵਿਚੋਂ ਅਗਾਂਹ ਸਰਕਾ ਕੇ ਸਫ਼ੇ ਦੀ ਟੀਸੀ ਤੇ ਅਪੜਾ ਦਿਤਾ ਤੇ ਅਖਰ ਲਿਖਣ ਦੀ ਕੋਸ਼ਿਸ਼ ਕੀਤੀ। ਪਰ ਸਿਕਾ ਉਂਗਲਾਂ ਤੋਂ ਇਨੀ ਦੂਰ ਹੋ ਗਿਆ ਸੀ ਕਿ ਲਿਖਣ ਲਈ ਉਸ ਤੇ ਲੋੜੀਂਦਾ ਦਬਾ ਪਾਣਾ ਉਸ ਦੀਆਂ ਨਾਜ਼ਕ ਉਂਗਲਾਂ ਲਈ ਅਸੰਭਵ ਸੀ। ਪਿਛਲੇ ਸਿਰੇ ਤੋਂ ਫੜੀ ਪੈਨਸਿਲ ਏਧਰ ਉਧਰ ਹਿਲੀ ਪਰ ਕੋਈ ਅਖਰ ਨਾ ਬਣ ਸਕਿਆ।

"ਇਹ ਅਖਰ ਤੇ ਇਥੋਂ ਹਥ ਚੁਕ ਕੇ ਹੀ ਲਿਖਣਾ ਪਵੇਗਾ।" ਮੈ ਆਪਣੀ ਜਿਤ ਤੇ ਫੁਲਦਿਆਂ ਹੋਇਆਂ ਆਖਿਆ--"ਚਲੋ ਇਸ ਅਖਰ ਤੋਂ ਬਗੈਰ ਹੀ ਗੁਜ਼ਾਰਾ ਹੋ ਜਾਵੇਗਾ।" ਆਖ ਕੇ ਉਸ ਨੇ

ਆਪਣੀ ਹਾਰ ਮੰਨੀ ਤੇ ਮੇਰੇ ਹੇਠ ਪਏ ਹਥ ਨੂੰ ਉਤੋਂ ਜ਼ੋਰ ਨਾਲ ਦਬਾਇਆ।

* * *

ਨਹਿਰ ਦੇ ਕੰਢੇ ਤੇ ਸੈਰ ਕਰਦਿਆਂ ਸਾਨੂੰ ਕੁਝ ਅੰਨ੍ਹੇਰਾ ਹੋ ਗਿਆ, ਇਸ ਲਈ ਟਾਂਗੇ ਤੇ ਵਾਪਸ ਜਾਣ ਦਾ ਫ਼ੈਸਲਾ ਕੀਤਾ। ਲਾਹੌਰ ਦੇ ਟਾਂਗਿਆਂ ਦੀ ਪਿਛਲੀ ਸੀਟ ਇਕ ਪਤਲੇ ਜਹੇ ਜੋੜੇ ਲਈ ਬਹੁਤ ਖੁਲ੍ਹੀ ਹੁੰਦੀ ਹੈ ਪਰ ਉਸ ਲਈ ਉਹ ਤੰਗ ਸੀ ਤੇ ਉਹ ਮੇਰੇ ਸਰੀਰ ਦਾ ਕੁਝ ਹਿਸਾ ਆਪਣੇ ਸਰੀਰ ਹੇਠ ਦਬ ਕੇ ਬੈਠੀ ਸੀ। ਇਕ ਮੋੜ ਤੋਂ ਲਾਹੌਰ ਔਮਨੀ ਬਸ ਦੀ ਇਕ ਮੋਟਰ ਸਾਡੀ ਸੜਕ ਤੇ ਮੁੜੀ ਤੇ ਉਸ ਦੀ ਤੇਜ਼ ਰੋਸ਼ਨੀ ਸਾਡੇ ਟਾਂਗੇ ਉਤੇ ਪਈ। ਬੱਸ ਸਵਾਰੀਆਂ ਨਾਲ ਭਰੀ ਹੋਈ ਸੀ। ਮੈਂ ਏਨੀਆਂ ਅਖੀਆਂ ਸਾਹਮਣੇ ਅਡੋਲ ਨਾ ਬੈਠ ਸਕਿਆ ਤੇ ਥੋੜਾ ਜਿਹਾ ਉਸ ਤੋਂ ਦੂਰ ਸਰਕ ਗਿਆ ਪਰ ਉਸ ਨੇ ਮੇਰੇ ਵਲ ਹੋਰ ਸਰਕ ਕੇ ਉਹ ਵਿਥ ਪੂਰੀ ਕਰ ਦਿਤੀ। ਅਸਲ ਵਿਚ ਉਹ ਉਸ ਸਟੇਜ ਤੇ ਅਪੜ ਚੁਕੀ ਸੀ ਜਦੋਂ ਇਕ ਕੁੜੀ ਬਾਜ਼ਾਰ ਵਿਚ ਖੜੀ ਹੋ ਕੇ ਇਹ ਕਹਿਣਾ ਚਾਹੁੰਦੀ ਹੈ– "ਮੈਂ ਇਸਦੀ ਹਾਂ।"

੧੫ ਅਗਸਤ ੧੯੪੭ ਤੋਂ ਪਿਛੋਂ ਉਹ ਵਾਹਗਾ ਪਾਰ ਕਰਕੇ ਦਿਲੀ ਚਲੇ ਗਏ। ਕੁਝ ਚਿਰ ਪਿਛੋਂ ਮੈਂ ਵੀ ਉਸ ਨੂੰ ਮਿਲਣ ਦਿਲੀ ਗਿਆ। ਉਸ ਦੀ ਬੁਢੀ ਮਾਂ ਮੈਨੂੰ ਚਿਰਾਂ ਤੋਂ ਜਾਣਦੀ ਸੀ। ਉਹ ਕੁਝ ਬੀਮਾਰ ਸੀ ਤ ਮੈਨੂੰ ਵੇਖ ਕੇ ਬੜੀ ਪ੍ਰਸੰਨ ਹੋਈ–"ਧੰਨ ਭਾਗ ! ਅਜ ਤੇ ਮੇਰਾ ਪੁਤਰ ਘਰ ਆਇਆ ਏ", ਆਖਕੇ ਉਸ ਮੈਨੂੰ ਜੀ ਆਇਆਂ ਨੂੰ ਆਖਿਆ। ਦਿਲੀ ਵਿਚ ਉਹ ਕਿਸੇ ਆਪਣੇ ਆਦਮੀ ਦੀ ਸ਼ਕਲ ਤੋਂ ਤਰਸ ਗਈ ਸੀ। ਮੇਰੇ ਕੋਲ ਪੈਸੇ ਉਹਨਾਂ ਤੋਂ ਵਧੇਰੇ ਸਨ। ਚੰਗਾ ਡਾਕਟਰ ਬੁਲਾ ਕੇ ਮੈਂ ਉਸ ਲਈ ਦਵਾਈ ਲਈ ਤੇ

ਆਪਣੀ ਜੇਬ ਵਿਚ ਪਏ ਪੈਸਿਆਂ ਦਾ ਨਿਘ ਉਹਨਾਂ ਨੂੰ ਦਵਾਇਆ। ਆਪਣੇ ਸਰਕਾਰੀ ਰਸੂਖ ਦੇ ਖੂਬਸੂਰਤ ਮਹਲ ਵਿਚ ਝਾਤੀਆਂ ਪਵਾ ਕੇ ਉਹਨਾਂ ਨੂੰ ਅਹਿੰਤਾ ਦੀ ਟੀਸੀ ਤੇ ਪੁਚਾ ਦਿਤਾ। ਉਸਦੀ ਮਾਂ ਲਈ ਮੈਂ ਦੁਨੀਆਂ ਦਾ ਕੋਈ ਬਹੁਤ ਵਡਾ ਅਧਿਕਾਰੀ ਸਾਂ।

ਦੁਪਹਿਰ ਦੀ ਰੋਟੀ ਖਾ ਕੇ ਅਸੀਂ ਤਿੰਨੇ ਮੰਜੀਆਂ ਤੇ ਲੇਟ ਗਏ, ਪਰ ਨੀਂਦ ਕਿਸੇ ਨੂੰ ਨਹੀਂ ਸੀ। ਅਸੀਂ ਦੋਵੇਂ ਚਾਹੁੰਦੇ ਸਾਂ ਕਿ ਮਾਂ ਸੌਂ ਜਾਵੇ ਪਰ ਮਾਂ ਦੀਆਂ ਅਖਾਂ ਖੁਲ੍ਹੀਆਂ ਸਨ। ਮੇਰਾ ਹਥ ਉਸ ਦੀ ਮੰਜੀ ਤੇ ਪਹੁੰਚ ਕੇ ਉਸ ਦੇ ਹਥ ਨੂੰ ਫੜ ਸਕਦਾ ਸੀ ਪਰ ਰੁਕਿਆ ਹੋਇਆ ਸੀ। ਹੱਡ ਪੈਰ ਖੁਸਦੇ ਸਨ ਤੇ ਮੰਜੀ ਬੜੀ ਖਰ੍ਹਵੀ ਲਗਦੀ ਸੀ; ਛਾਤੀ ਵਿਚ ਕੁਝ ਦੁਖਣ ਵਾਲਾ ਖ਼ਲਾਂ ਜਿਹਾ ਪਿਆ ਹੋਇਆ ਸੀ। ਮੇਰਾ ਵਿਸ਼ਵਾਸ਼ ਸੀ ਕਿ ਇਹੋ ਹਾਲ ਕੋਲ ਦੀ ਮੰਜੀ ਤੇ ਹੋ ਰਿਹਾ ਹੈ ਪਰ ਫਿਰ ਵੀ ਹਥ ਉਸ ਦੀ ਮੰਜੀ ਵਲ ਨਹੀਂ ਸੀ ਵਧਦਾ। ਪਰੇ ਇਕ ਮੰਜੀ ਤੋਂ ਦੋ ਅਧ ਖੁਲ੍ਹੀਆਂ, ਅਧ ਮੀਟੀਆਂ ਉਮਰ ਖਾਧੀਆਂ, ਮਧਮ ਜਹੀਆਂ ਅੱਖਾਂ ਵੇਖ ਰਹੀਆਂ ਸਨ। ਮੇਰਾ ਸਬਰ ਨਿਘਰਦਾ ਜਾ ਰਿਹਾ ਸੀ। ਮੈਂ ਇਸ ਕੰਮ ਦੀਆਂ ਵਿਰੋਧੀ ਤਾਕਤਾਂ ਨੂੰ ਇਕ ਇਕ ਕਰਕੇ ਅਖਾਂ ਸਾਹਮਣੇ ਲਿਆ ਕੇ ਜਾਚਿਆ : ਪੁਲਿਸ ਕਚਹਿਰੀ ਦਾ ਕੋਈ ਸਵਾਲ ਹੀ ਨਹੀਂ ਸੀ। ਲੋਕਾਂ ਦੀ ਲਾਹਨਤ ਮਲਾਮਤ ਦਾ ਵੀ ਕੋਈ ਡਰ ਨਹੀਂ ਸੀ ਕਿਉਂ ਜੋ ਮਾਂ ਨੇ ਕਿਸੇ ਨੂੰ ਦਸਣ ਤੇ ਨਹੀਂ ਸੀ ਜਾਣਾ। ਮੇਰਾ ਇਹ ਵੀ ਵਿਸ਼ਵਾਸ ਸੀ ਕਿ ਉਹ ਆਪਣੇ ਘਰ ਦੇ ਕਿਸੇ ਹੋਰ ਜੀ ਨੂੰ ਵੀ ਨਾ ਦਸਦੀ। ਸੰਭਵ ਸੀ ਕਿ ਉਹ ਸਾਡਾ ਹਥ ਵਿਚ ਹਥ ਵੇਖ ਕੇ ਅਖਾਂ ਹੀ ਮੀਟ ਲੈਂਦੀ ਜਿਸ ਤਰ੍ਹਾਂ ਸੁਤੀ ਹੋਈ ਹੁੰਦੀ ਹੈ। ਮੈਨੂੰ ਉਹ ਬੜਾ ਪਿਆਰ ਕਰਦੀ ਸੀ।

ਇਹ ਸਭ ਕੁਝ ਜਾਣਦਾ ਹੋਇਆ ਭੀ ਮੈਂ ਹਥ ਅਗੇ ਵਧਾਣ ਦਾ ਹੌਸਲਾ ਨਹੀਂ ਕਰਦਾ ਸਾਂ। ਪਰੇ ਇਕ ਮੰਜੇ ਤੋਂ ਦੋ ਅਧ-ਖੁਲ੍ਹੀਆਂ

ਅਧ ਮੀਟੀਆਂ, ਉਮਰ ਖਾਧੀਆਂ ਮਧਮ ਜਹੀਆਂ ਅਖਾਂ ਵੇਖ ਰਹੀਆਂ ਸਨ। ਉਨ੍ਹਾਂ ਅਖਾਂ ਦੇ ਪਿੱਛੇ ਮੇਰੇ ਬਿਰਧ ਦੇਸ ਦੇ ਕ੍ਰੋੜਾਂ ਜੀਉਂਦੇ ਤੇ ਮਰੇ ਹੋਏ ਇਸਤ੍ਰੀਆਂ ਤੇ ਮਰਦਾਂ, ਬੁਢਿਆਂ ਤੇ ਜਵਾਨਾਂ, ਪੇਂਡੂਆਂ ਤੇ ਸ਼ਹਿਰੀਆਂ, ਕਿਸਾਨਾਂ ਤੇ ਜ਼ਿਮੀਂਦਾਰਾਂ, ਮਜ਼ਦੂਰਾਂ ਤੇ ਸਰਮਾਏਦਾਰਾਂ, ਸਨਮਾਨੇ ਹੋਏ ਸਭਿਅਕ ਰਵਾਜਾਂ ਤੇ ਰਵਾਇਤਾਂ ਦੀ ਤਾਕਤ ਸੀ ਤੇ ਮੇਰੇ ਹਥ ਦੀ ਦੋ-ਫੁਟੀ ਹਰਕਤ ਇਹਨਾਂ ਰਵਾਜਾਂ ਤੇ ਰਵਾਇਤਾਂ ਨਾਲ ਟੱਕਰ ਖਾਂਦੀ ਸੀ।

# ਚੋਂਬੜ

ਫਸਟ ਡਵੀਜਨ ਵਿਚ ਐਮ. ਏ. ਪਾਸ ਕਰਨ ਪਿਛੋਂ ਭਗਵੰਤ ਨੂੰ ਨੌਕਰੀ ਦੀ ਰਤਾ ਚਾਹ ਨਹੀਂ ਸੀ । ਦੁਨਿਆਵੀ ਰੀਝਾਂ ਵਲ ਉਸ ਦਾ ਮਨ ਆਉਂਦਾ ਹੀ ਨਹੀਂ ਸੀ । ਇਸ ਵਿਚ ਉਸਨੂੰ ਸੁਖ ਦੀ ਕੋਈ ਝਲਕ ਨਹੀਂ ਸੀ ਦਿਸਦੀ। ਮੋਟਰਾਂ ਬਾਹਰ ਖਲ੍ਹਾਰ, ਬਾਂਹ ਵਿਚ ਬਾਂਹ ਪਾ, ਹਸਦੇ ਹਸਦੇ ਲਾਹੌਰ ਦੇ ਹੋਟਲਾਂ ਫਿਰ ਵੜਦੇ ਜੋੜੇ, ਟੀਕਰਵ ਕਰਾਏ ਹੋਏ ਜਗ ਮਗ ਕਰਦੇ ਡਾਕ ਗਡੀਆਂ ਦੇ ਫਸਟ ਕਲਾਸ ਦੇ ਡਬਿਆਂ ਵਿਚ ਸਿਆਲ ਦੀਆਂ ਰਾਤਾਂ ਨੂੰ ਲਿਸ਼ਕਦੀਆਂ ਰਜ਼ਾਈਆਂ ਲੈ ਕੇ ਸੱਤੇ ਹੋਏ ਟੱਬਰ, ਸ਼ਰੀਕਾਂ ਦੀ ਰੁਜ਼ਗਾਰ ਬਾਰੇ ਮਖੌਲੀਆ ਪੁਛ ਗਿਛ ਤੇ ਕਿਸੇ ਮਾਮੂਲੀ ਕੰਮ ਲਈ ਗਿਆਂ ਅਫਸਰਾਂ ਪਾਸੋਂ ਝਾੜ ਝਪਾੜ ਉਸ ਦੇ ਮਨ ਵਿਚ ਦੁਨਿਆਵੀ ਪਾਸੇ ਵਲ ਕੋਈ ਉਤਸ਼ਾਹ ਪੈਦਾ ਨਹੀ ਕਰ ਸਕੇ ਸਨ। ਉਤ੍ਹਾਂ ਚੜ੍ਹਨ ਦੀ ਤਾਂਘ ਨੂੰ ਉਹ ਇਕ ਲੋਭ ਤੇ ਹਿਰਸ ਸਮਝਦਾ ਸੀ ਤੇ ਲੋਭੀ ਆਦਮੀ ਹਰ ਵੇਲੇ ਆਪਣੇ ਆਲੇ ਦੁਆਲੇ ਤੇ ਆਂਢ ਗੁਆਂਢ ਨਾਲ ਟਕਰ ਲੈਂਦੇ ਰਹਿਣ ਕਰਕੇ ਕਦੀ ਖੁਸ਼ ਨਹੀਂ ਹੋ ਸਕਦਾ ਸੀ। ਇਹ ਪ੍ਰਿਥਵੀ ਏਡੀ ਵਡੀ ਸੀ ਕਿ ਬੰਦਾ ਭਾਵੇਂ ਕਿੱਡਾ ਵਡਾ ਹੋ ਜਾਵੇ ਉਹ ਇਸ ਵਿਚ ਬਹੁਤਾ ਰੜਕ ਨਹੀਂ ਸਕਦਾ ਸੀ। ਤੇ ਜੇ ਕੋਈ ਸਾਰੀ ਦੁਨੀਆਂ ਦਾ ਧਿਆਨ ਅਪਣੇ ਵਲ ਖਿਚ ਵੀ ਲਵੇ ਤਾਂ ਸਮਾਂ ਸਹਿਜੇ ਸਹਿਜੇ ਉਸ ਨੂੰ ਖ਼ਤਮ ਕਰ

ਦੇਂਦਾ ਸੀ । ਇਕ ਵੇਰ ਉਸ ਇਕ ਵਡੇ ਕਾਰਖਾਨੇ ਵਿਚੋਂ ਮਜ਼ਦੂਰ ਨਿਕਲਦੇ ਵੇਖੇ ਸਨ । ਪਲ ਦੇ ਪਲ ਵਿਚ ਇਹ ਹਜ਼ਾਰਾਂ ਦੀ ਗਿਣਤੀ ਵਿਚ ਸੜਕ ਤੇ ਖਿਲਰ ਗਏ ਸਨ । ਇਨ੍ਹਾਂ ਵਿਚੋਂ ਹਰ ਇਕ ਦੇ ਦਿਲ ਵਿਚ ਕਿੱਨੀਆਂ ਕਿੱਨੀਆਂ ਤਾਂਘਾਂ ਤੇ ਲੋਚਾਂ ਹੋਣਗੀਆਂ, ਆਪਣਾ ਗ੍ਰੇਡ ਵਧਵਾਣ ਦੀਆਂ, ਇਕ ਦੇ ਮਿਤ੍ਰਾਂ ਨੂੰ ਹਮਖ਼ਿਆਲ ਬਣਾਣ ਦੀਆਂ, ਆਪਣੀ ਇਸਤ੍ਰੀ ਸਾਹਮਣੇ ਨਾਢੂ ਖ਼ਾਂ ਬਣਨ ਦੀਆਂ ਜਾਂ ਹੋਰ ਸਾਕ ਸੰਗ ਤੋਂ ਉਚਿਆਂ ਹੋਣ ਦੀਆਂ ਪਰ ਇਨ੍ਹਾਂ ਦੇ ਦਿਲਾਂ ਦੀਆਂ ਇਹ ਕਲਪਨਾਂ ਤੇ ਰੋੜਕੇ ਵਾਧੂ ਜਹੇ ਹੀ ਸਨ । ਕਸੇ ਵੇਖਣ ਵਾਲੇ ਨੂੰ ਕੀ ਪਤਾ ਸੀ ਕਿ ਇਨ੍ਹਾਂ ਤਾਂਘਾਂ ਵਿਚ ਉਨ੍ਹਾਂ ਨੂੰ ਕਿਨੀ ਕੁ ਜਿਤ ਪ੍ਰਾਪਤ ਸੀ। ਉਸ ਵਾਸਤੇ ਉਹ ਸਾਰੇ ਮਜ਼ਦੂਰ ਹੀ ਸਨ, ਤੇਲ ਨਾਲ ਲਿਬੜੇ ਕਪੜਿਆਂ ਵਿਚ ਪੂਰੇ ਦਿਨ ਦੇ ਕੰਮ ਪਿਛੋ ਥਕੇ ਹੋਏ ਸਬਜ਼ੀਆਂ ਖ਼ਰੀਦ ਕੇ ਘਰਾਂ ਨੂੰ ਜਾਂਦੇ ਮਜ਼ਦੂਰ।

ਕਾਗ਼ਾਨ ਵੈਲੀ ਦੀ ਸੈਰ ਨੂੰ ਜਾਂਦਿਆਂ ਹੋਇਆਂ ਉਸ ਸ਼ਿੰਕਿਆਰੀ ਦੀ ਪਹਾੜੀ ਤੇ ਭੇਡਾਂ ਚਾਰਦੇ ਇਕ ਬੁਢੇ ਤੋਂ ਪੁਛਿਆ ਸੀ "ਬਾਬਾ ਏਥੇ ਨੇੜੇ ਕੋਈ ਹੋਰ ਵਸੋਂ ਵੀ ਹੈ ?"

"ਨਹੀਂ ਪੁਤ੍ਰ, ਦੋ ਮੀਲਾਂ ਤੋਂ ਉਰਾਂ ਏਥੇ ਅੱਲਾ ਦੇ ਨਾਂ ਬਿਨਾਂ ਹੋਰ ਕੁਝ ਨਹੀਂ।" ਬੁਢੇ ਨੇ ਕਿਹਾ ਸੀ ।

ਪਰ ਅੱਧਾ ਹੀ ਮੀਲ ਅਗੇ ਇਕ ਇਕਲਵੰਜੀ ਟੀਸੀ ਕੋਲ ਪਹਾੜੀ ਵਿਚ ਦੋ ਕੁਰ੍ਹਾਂ ਜਹੀਆਂ ਆ ਗਈਆਂ ਸਨ। ਇਕ ਕੁਰ੍ਹ ਵਿਚ ਇਕ ਗਾਂ ਬੱਧੀ ਹੋਈ ਸੀ ਤੇ ਦੂਜੀ ਵਿਚ ਦੋ ਮਾਵਾਂ ਧੀਆਂ ਖ਼ੁਸ਼ੀ ਖ਼ੁਸ਼ੀ ਗੱਲਾਂ ਕਰ ਰਹੀਆਂ ਸਨ । "ਜੇ ਸੁਖੀ ਜੀਵਨ ਅੱਧੇ ਮੀਲ ਤੀਕਰ ਜਾਣ ਪਛਾਣ ਵਧਾਇਆਂ ਬਗ਼ੈਰ ਵੀ ਸੰਭਵ ਹੈ ਤਾਂ ਇਨਸਾਨ ਦੇ ਸਿਰ ਤੇ ਭੁਤ ਕਿਉਂ ਸਵਾਰ ਹਵੇ" ਭਗਵੰਤ ਨੇ ਸੋਚਿਆ ਸੀ।

ਉਸ ਦਾ ਦਿਨ ਪੜ੍ਹਨ ਲਿਖਣ ਤੇ ਖੇਡਣ ਕੁੱਦਣ ਵਿਚ ਲੰਘਦਾ ਸੀ ਪਰ ਜਿਹੜੀ ਚੀਜ਼ ਇਨ੍ਹਾਂ ਸਾਰਿਆਂ ਕੰਮਾਂ ਤੇ ਸੋਨੇ ਦਾ ਪਾਣੀ ਫੇਰਦੀ ਸੀ ਉਹ ਹਫ਼ਤੇ ਵਿਚ ਇਕ ਅੱਧੀ ਵੇਰ ਜੀਤਾਂ ਨਾਲ ਗੱਲ ਬਾਤ ਸੀ।

ਜੀਤਾਂ ਨਾਲ ਉਸ ਦੀ ਜਾਣ ਪਛਾਣ ਬਹੁਤ ਪੁਰਾਣੀ ਸੀ। ਇਕੋ ਉਮਰ ਤੇ ਇਕੋ ਜਮਾਤ ਵਿਚ ਸਨ ਤੇ ਇਨ੍ਹਾਂ ਦੀਆਂ ਮਾਵਾਂ ਦਾ ਆਪਸ ਵਿਚ ਡੂੰਘਾ ਪਿਆਰ ਸੀ। ਸ਼ਾਮ ਨੂੰ ਜਦੋਂ ਉਹ ਦੋਵੇਂ ਸੈਰ ਕਰਨ ਜਾਂਦੀਆਂ ਸਨ ਤਾਂ ਇਹ ਦੋਵੇਂ ਉਨ੍ਹਾਂ ਤੋਂ ਬਹੁਤ ਅਗੇ ਨਿਕਲ ਜਾਂਦੇ ਤੇ ਭੱਜ ਭੱਜ ਕੇ ਖਾਲ ਤੋਂ ਡੱਡੂਆਂ ਤੇ ਟਟਾਹਿਣਿਆਂ ਨੂੰ ਫੜਦੇ। ਕਾਪੀਆਂ ਕਤਾਬਾਂ ਵਟਾਣੀਆਂ ਤੇ ਨਿੱਬਾਂ ਪੈਨਸਿਲਾਂ ਮੰਗਣੀਆਂ ਵਾਹਵਾ ਦਿਲ ਪ੍ਰਚਾਊ ਸ਼ੁਗਲ ਸਨ। ਇਸ ਤਰ੍ਹਾਂ ਇਕ ਦੂਜੇ ਦੇ ਘਰ ਆਉਣ ਜਾਣ ਦੇ ਅਵਸਰ ਮਿਲਦੇ। ਦੋਹਾਂ ਦੇ ਕਮਰੇ ਦੀ ਇਕ ਕੰਧ ਤੇ ਇਕ ਦੂਜੇ ਦੇ ਉਸ ਕਮਰੇ ਵਿਚ ਆਉਣ ਦੀਆਂ ਤ੍ਰੀਕਾਂ ਲਿਖੀਆਂ ਹੁੰਦੀਆਂ ਸਨ ਤੇ ਇਹ ਤ੍ਰੀਕਾਂ ਵਧਾਉਣ ਲਈ ਆਪਸ ਵਿਚ ਦੌੜ ਲੱਗੀ ਰਹਿੰਦੀ ਸੀ। ਇਕ ਦਿਨ ਜੀਤਾਂ ਨੇ ਨਹਾ ਕੇ ਮਸਾਂ ਕਮੀਜ਼ ਹੀ ਪਾਈ ਸੀ ਕਿ ਭਗਵੰਤ ਉਸ ਦੇ ਇਸ਼ਨਾਨ ਕਮਰੇ ਵਿਚ ਆ ਗਿਆ।

"ਓਹੋ ਕਮੀਜ਼ ਤੇ ਪੁੱਠੀ ਪੈ ਗਈ ਹੈ!" ਜੀਤਾਂ ਨੇ ਸਲਵਾਰ ਪਾਣ ਤੋਂ ਪਹਿਲਾਂ ਕਮੀਜ਼ ਦੀਆਂ ਸੀਊਣਾਂ ਵੇਖ ਕੇ ਕਿਹਾ।

"ਲਾਹ ਕੇ ਸਿੱਧੀ ਕਰ ਲੈ।"

"ਲਾਹਵਾਂ ਕਿਸ ਤਰ੍ਹਾਂ? ਅੱਛਾ ਤੂੰ ਪਰ੍ਹਾਂ ਨੂੰ ਵੇਖਦਾ ਰਹੀਂ ਮੈਂ ਝਟ ਪਟ ਲਾਹ ਕੇ ਠੀਕ ਕਰ ਲੈਂਦੀ ਹਾਂ।"

ਭਗਵੰਤ ਨੇ "ਚੰਗਾ" ਤੇ ਆਖ ਦਿਤਾ ਪਰ ਮੌਕਾ ਤਾੜ ਕੇ ਝਟ ਹੀ ਬਚਨ ਤੋੜ ਦਿਤਾ।

"ਬੜਾ ਬੇਈਮਾਨ ਹੈਂ ਤੂੰ ਤੇ" ਜੀਤਾਂ ਝਟ ਪਟ ਕੱਠੀ ਹੋ ਕੇ

ਲੈਠ ਗਈ।

ਇਕ ਹੋਰ ਦਿਨ ਭਗਵੰਤ ਬਾਜ਼ਾਰੋਂ ਇਕ ਵਧੀਆ ਕੜਾ ਪਵਾ ਲਿਆਇਆ ਸੀ। ਬਿਸਤਰੇ ਵਿਚ ਲੇਟੀ ਜੀਤਾਂ ਨੇ ਵੇਖਣ ਲਈ ਕੜਾ ਲਿਆ ਤੇ ਪ੍ਰਤਾਣੋਂ ਇਨਕਾਰ ਕਰ ਦਿਤਾ। ਭਗਵੰਤ ਧਕੋ ਜ਼ੋਰੀ ਖੋਹਣ ਲੱਗਾ ਪਰ ਜੀਤਾਂ ਨੇ ਛੇਤੀ ਛੇਤੀ ਰਜ਼ਾਈ ਆਪਣੇ ਉਤੇ ਸੁਟ ਲਈ। ਰਜ਼ਾਈ ਦੇ ਹੇਠਾਂ ਹੱਥ ਪਾ ਕੇ ਭਗਵੰਤ ਨੂੰ ਕੜੇ ਵਾਲੀ ਗੱਲ ਭੁਲ ਗਈ। ਛਾਤੀ ਦੇ ਇਕ ਉਭਰੇ ਹੋਏ ਨਿਸ਼ਾਨ ਨੂੰ, ਜਿਸ ਨੂੰ ਉਹ ਪਹਿਲਾਂ ਕੇਵਲ ਵੇਖ ਕੇ ਹੀ ਹਿਰਸਦਾ ਹੁੰਦਾ ਸੀ, ਉਸ ਘੁਟ ਕੇ ਫੜ ਲਿਆ। ਝਿਰੜ ਕਰਦੀਆਂ ਨਾੜਾਂ ਹੱਥੋਂ ਨਿਕਲ ਗਈਆਂ। ਜੀਤਾਂ ਪਹਿਲਾਂ ਨਾਲੋਂ ਵੀ ਜ਼ੋਰ ਦਾ ਹੱਸਣ ਲਗ ਪਈ। ਸ਼ਰਾਬੀਆਂ ਵਾਂਗ ਧੌਣ ਸੁਟੀ ਉਹ ਅੱਖਾਂ ਉਘੇੜ ਉਘੇੜ ਕੇ ਫਿਰ ਮੀਟਦੀ ਸੀ ਪਰ ਭਗਵੰਤ ਕੁਝ ਸ਼ਰਮਿੰਦਾ ਹੋ ਰਿਹਾ ਸੀ। ਇਸ ਤੋਂ ਅਗੇਰੇ ਉਹ ਕੋਈ ਕਦਮ ਪੁਟਣਾ ਨਹੀਂ ਜਾਣਦਾ ਸੀ।

ਦੋਹਾਂ ਦੇ ਕਾਲਜ ਦਾਖ਼ਲ ਹੋਣ ਪਿਛੋਂ ਕੰਮ ਕੁਝ ਢਿਲਾ ਪੈ ਗਿਆ ਸੀ। ਚੌਕੀਦਾਰਾ ਵਧੇਰੇ ਸਖ਼ਤ ਹੋ ਗਿਆ ਤੇ ਅੰਜਾਣਿਆਂ ਵਾਲਾ ਗੂੜ੍ਹ ਬਚਪਨ ਦੇ ਨਾਲ ਹੀ ਮੁਕ ਗਿਆ ਸੀ। ਉਨ੍ਹਾਂ ਦੇ ਘਰ ਪਾਏ ਹਰ ਫੇਰੇ ਦਾ ਕੁਝ ਕਾਰਨ ਦਸਣਾ ਪੈਂਦਾ ਸੀ। ਫਿਰ ਵੀ ਜੀਤਾਂ ਜਦੋਂ ਮਿਲਦੀ ਬੜੀਆਂ ਗੱਲਾਂ ਸੁਣਾਂਦੀ। ਕਾਲਜ ਵਿਚ ਉਸ ਇਕ ਵੇਰ ਸਾਰੀਆਂ ਸੁਤੀਆਂ ਕੁੜੀਆਂ ਦੇ ਮੂੰਹ ਤੇ ਤਵੇ ਦੀ ਸਿਆਹੀ ਮਲ ਦਿਤੀ ਤੇ ਇਕ ਹੋਰ ਵੇਰ ਕਾਲਜ ਵਿਚ ਇਕ ਸਿਖ ਚੋਰ ਆ ਵੜਿਆ ਤੇ ਸਾਰੀਆਂ ਕੁੜੀਆਂ ਰਲ ਕੇ ਉਸ ਨੂੰ ਬੜਾ ਕੁਟਿਆ ਸੀ।

ਪਰ ਹੁਣ ਭਗਵੰਤ ਇਕ ਅਵਾਰਾ ਮੁੰਡਾ ਸਮਝਿਆ ਜਾਂਦਾ ਸੀ, ਤੇ ਜੀਤਾਂ ਦੀ ਮੰਗਣੀ ਹੋ ਗਈ ਸੀ।

ਮਿਸਿਜ਼ ਦੁੱਗਲ ਨੇ ਗੁਰਪੁਰਬ ਦਾ ਚੰਦਾ ਇਕੱਠਾ ਕੀਤਾ ਸੀ

ਤੇ ਰਸੀਦਾਂ ਵੰਡਣੀਆਂ ਬਾਕੀ ਸਨ । ਭਗਵੰਤ ਨੇ ਇਹ ਸੇਵਾ ਖੁਸ਼ੀ ਖੁਸ਼ੀ ਆਪਣੇ ਉਪਰ ਲੈ ਲਈ। ਜੀਤਾਂ ਦੇ ਘਰ ਜਾਣ ਦਾ ਬਹਾਨਾ ਮਿਲ ਚੁਕਿਆ ਸੀ "ਇਹ ਰਸੀਦਾਂ ਤੁਹਾਨੂੰ ਕਿਸ ਦਿਤੀਆਂ ਹਨ ?" ਆਪਣੀ ਮਾਂ ਦੇ ਕੋਲ ਮੰਜੀ ਤੇ ਬੈਠੀ ਜੀਤਾਂ ਨੇ ਕਿਹਾ।

"ਮਿਸਿਜ਼ ਦੁੱਗਲ ਨੇ।"

"ਤੇ ਤੁਸੀਂ ਮਿਸਿਜ਼ ਦੁੱਗਲ ਦੇ ਅਰਦਲੀ ਹੋ ?" ਜੀਤਾਂ ਮਖੌਲ ਦੀ ਹੱਦ ਲੰਘ ਕੇ ਕੌੜੀ ਹੁੰਦੀ ਜਾ ਰਹੀ ਸੀ।

"ਹਾਂ।"

"ਕੰਵਲ ਨੂੰ ਵੀ ਇਕ ਅਰਦਲੀ ਦੀ ਲੋੜ ਹੈ। ਤੁਸੀਂ ਉਸ ਦੇ ਵੀ ਅਰਦਲੀ ਕਿਉਂ ਨਹੀਂ ਬਣ ਜਾਂਦੇ ?"

ਕੰਵਲ ਇਕ ਟਰੇਂਡ ਦਾਈ ਸੀ ਤੇ ਲਿੰਗਕ ਕੰਮਾਂ ਵਿਚ ਬਹੁਤ ਖੁੱਲ੍ਹੀ ਸੀ। ਇਸ ਨਾਲ ਵਾਸਤਾ ਪੈਦਾ ਕਰਨ ਦੀ ਸਲਾਹ ਦੇ ਕੇ ਜੀਤਾਂ ਭਗਵੰਤ ਦੀ ਲਿੰਗ ਭੁਖ ਦਾ ਮਖ਼ੌਲ ਉਡਾ ਰਹੀ ਸੀ। ਚੂੰਕਿ ਉਹ ਮਿਸਿਜ਼ ਦੁੱਗਲ ਵਾਸਤੇ ਰਸੀਦਾਂ ਵੰਡਦਾ ਫਿਰਦਾ ਸੀ, ਇਸ ਲਈ ਉਹ ਭੁੱਖਾ ਤੇ ਲੋੜਵੰਦ ਸੀ। ਚੂੰਕਿ ਉਹ ਮਖੱਟੂ ਸੀ ਇਸ ਲਈ ਉਸ ਦੀ ਇਹ ਭੁੱਖ ਹਾਸੋਹੀਣੀ ਸੀ ਤੇ ਜੀਤਾਂ ਉਸ ਦਾ ਮਖ਼ੌਲ ਉਡਾ ਰਹੀ ਸੀ । ਜਿਸ ਬਰੂਟੀ ਵਿਚ ਤਿੱਤਰ ਹਫ਼ਿਆ ਹੋਇਆ ਤੇ ਸ਼ਿਕਾਰੀਆਂ ਤੋਂ ਜਾਨ ਬਚਾਂਦਾ ਹੋਇਆ ਆ ਕੇ ਦਮ ਲੈਂਦਾ ਹੁੰਦਾ ਸੀ ਉਸ ਬਰੂਟੀ ਵਿਚੋਂ ਅੱਜ ਝੁਲਸ ਦੇਣ ਵਾਲੀ ਹਵਾੜ ਆ ਰਹੀ ਸੀ। ਉਸ ਦੇ ਖੇਵਨਹਾਰ ਨੇ ਬੇ-ਮੁਖ ਹੋ ਕੇ ਠਾਠਾਂ ਮਾਰਦੇ ਦਰਿਆ ਵਿਚ ਬੇੜੀ ਸੰਦੀ ਹੀ ਠੇਲ੍ਹ ਦਿੱਤੀ ਸੀ। ਆਖ਼ਰ ਇਹ ਇਸ ਕਾਰਨ ਹੀ ਸੀ ਕਿ ਉਹ ਨਕਾਰਾ ਤੇ ਬਿਅਰਥ ਸੀ। ਖੇਵਨਹਾਰ ਨੂੰ ਫਿਰ ਇਸ ਬੇੜੀ ਵਲ ਧਿਆਨ ਦੇਣਾ ਹੀ ਪਵੇਗਾ।

ਰਾਤ ਨੂੰ ਅੱਖ ਲਗਦਿਆਂ ਹੀ ਉਹ ਆਈ. ਸੀ. ਐਸ. ਦੇ

ਚੋਣ ਬੋਰਡ ਸਾਹਮਣੇ ਅੱਪੜ ਗਿਆ। ਚੋਣ ਬੋਰਡ ਨੇ ਉਸ ਦੀ ਸੂਝ ਤੇ ਚਤਰਾਈ ਵੇਖਣ ਲਈ ਛੋਤੀ ਛੋਤੀ ਸਵਾਲਾਂ ਦੇ ਜਵਾਬ ਲਿਖਵਾਏ। ਮਨੋ ਵਿਗਿਆਨ ਦੇ ਜਾਣੂਆਂ ਉਸ ਦੇ ਮਨ ਦਾ ਝੁਕਾਉ ਵੇਖਣ ਲਈ ਮੂਰਤਾਂ ਵਖਾ ਕੇ ਉਨ੍ਹਾਂ ਤੇ ਕਹਾਣੀਆਂ ਲਿਖਵਾਈਆਂ। ਸਿਵਲ ਸਰਵਿਸ ਦੇ ਪੁਰਾਣੇ ਅਫ਼ਸਰਾਂ ਉਸ ਦੇ ਜ਼ਿਲੇ ਵਿਚ ਦਰਿਆਵਾਂ ਵਿਚ ਕਾਂਗਾਂ ਨਾਲ ਤਬਾਹੀ, ਹਿੰਦੂ ਮੁਸਲਿਮ ਫ਼ਸਾਦ, ਕਾਰਖ਼ਾਨਿਆਂ ਵਿਚ ਹੜਤਾਲਾਂ ਤੇ ਬਲਵੇ, ਅਖ਼ਬਾਰਾਂ ਦੀ ਬਗ਼ਾਵਤ, ਗਵਰਨਰ ਦੇ ਆਉਣ ਦਾ ਬੰਦੋਬਸਤ ਆਦਿ ਕਰੜੀਆਂ ਗੁੰਝਲਾਂ ਉਸ ਦੇ ਸਾਹਮਣੇ ਰਖੀਆਂ। ਤਿੰਨਾਂ ਦਿਨਾਂ ਦੇ ਪੇਚਦਾਰ ਘੋਲ ਪਿਛੋਂ ਉਸ ਦੇ ਪਾਸ ਹੋਣ ਦਾ ਐਲਾਨ ਕੀਤਾ ਗਿਆ। ਤਿੰਨਾਂ ਵਰ੍ਹਿਆਂ ਪਿਛੋਂ ਉਹ ਬਦਲ ਕੇ ਜੀਤਾਂ ਦੇ ਸੌਹਰੇ ਜ਼ਿਲੇ ਵਿਚ ਡਿਪਟੀ ਕਮਿਸ਼ਨਰ ਜਾ ਲੱਗਾ।

"ਇਕ ਸਰਦਾਰ ਤੇ ਸਰਦਾਰਨੀ ਜੀ ਨੇ ਇਹ ਦਰਖ਼ਾਸਤ ਦਿਤੀ ਹੈ ਤੇ ਉਹ ਤੁਹਾਨੂੰ ਮਿਲਣਾ ਚਾਹੁੰਦੇ ਹਨ।" ਚਪੜਾਸੀ ਨੇ ਅੰਦਰ ਆ ਕੇ ਕਿਹਾ।

ਦਰਖਾਸਤ ਇਕ ਬੰਦੂਕ ਦੇ ਲਾਇਸੈਂਸ ਬਾਰੇ ਸੀ।

"ਲੈ ਆਓ।"

ਜੀਤਾਂ ਮੁਸਕ੍ਰਾਂਦੀ ਹੋਈ ਆਪਣੇ ਪਤੀ ਸਮੇਤ ਅੰਦਰ ਆਈ।

"ਸਤਿ ਸ੍ਰੀ ਅਕਾਲ" ਦੇ ਜਵਾਬ ਵਿਚ ਭਗਵੰਤ ਨੇ ਥੋੜਾ ਜਿਹਾ ਸਿਰ ਹਲਾਇਆ ਤੇ ਫਿਰ ਗੰਭੀਰ ਤੇ ਅਹਿਲ ਆਪਣੀ ਕੁਰਸੀ ਤੇ ਬੈਠਾ ਰਿਹਾ।

"ਇਹਨਾਂ ਨੂੰ ਇਕ ਬੰਦੂਕ ਦਾ ਲਾਇਸੈਂਸ ਚਾਹੀਦਾ ਹੈ ਜੀ।"

"ਲਾਇਸੈਂਸਾਂ ਬਾਰੇ ਤਾਂ ਗੌਰਮਿੰਟ ਦਾ ਰਵਈਯਾ ਬੜਾ ਸਖ਼ਤ ਹੋ ਗਿਆ ਹੈ, ਅਸੀ ਤੇ ਸਗੋਂ ਦਿਤੇ ਹੋਏ ਲਾਇਸੈਂਸ ਵੀ ਵਾਪਸ ਲੈ ਰਹੇ ਹਾਂ।" ਭਗਵੰਤ ਨੇ ਅੰਗਰੇਜ਼ੀ ਵਿਚ ਕਿਹਾ।

"ਨਹੀਂ ਭਗਵੰਤ ਜੀ ਇਹ ਬਹੁਤ ਜ਼ਰੂਰੀ ਹੈ। ਇਕ ਲਾਇਸੈਂਸ ਤੁਹਾਡੇ ਵਾਸਤੇ ਕੀ ਮੁਸ਼ਕਲ ਹੈ।" ਜੀਤਾਂ ਨੇ ਤਰਲੇ ਨਾਲ ਕਿਹਾ।

"ਚੰਗਾ ਜਿਸ ਤਰ੍ਹਾਂ ਕਹਿੰਦੇ ਹੋ, ਪਰ ਤੁਸੀਂ ਦੋ ਲਾਇਸੰਸ ਕਿਉਂ ਨਹੀਂ ਲੈ ਲੈਂਦੇ। ਇਕ ਬੰਦੂਕ ਨਾਲ ਤੁਸੀਂ ਸ਼ਿਕਾਰ ਖੇਡਦੇ ਫਿਰਿਆ ਕਰਨਾ।"

"ਤੁਸੀਂ ਮਖ਼ੌਲ ਹੀ ਕਰਦੇ ਰਹਿੰਦੇ ਹੋ ਜਿਸ ਤਰ੍ਹਾਂ ਮੈਂ ਅਜੇ ਵੀ ਅੰਜਾਣੀ ਹੁੰਦੀ ਹਾਂ।"

ਰਜ਼ਾਈ ਰੱਜ ਕੇ ਨਿੱਘੀ ਤੇ ਕੂਲੀ ਸੀ ਤੇ ਭਗਵੰਤ ਇਸ ਵਿਚ ਪਿਆ ਹੌਲਾ ਫੁਲ ਮਹਿਸੂਸ ਕਰ ਰਿਹਾ ਸੀ।

# ਸੁੰਦਰ

ਸ਼ਿਮਲੇ ਵਿਚ ਕੜਾਹ ਪੂਰੀ ਦੀ ਇਕ ਦਕਾਨ ਤੇ ਉਹ ਨੌਕਰ ਸੀ। ਦੋ ਸਾਲ ਹੋਏ ਜਦੋਂ ਉਹ ਮਸਾਂ ਅਠਾਂ ਵਰ੍ਹਿਆਂ ਦਾ ਸੀ, ਉਸ ਦਾ ਪਿਉ ਰਾਮ ਰਖਾ ਉਸ ਨੂੰ ਨਾਲ ਲਿਆ ਕੇ ਏਸ ਦੁਕਾਨ ਤੇ ਰਖਾ ਗਿਆ ਸੀ। ਪਹਿਲਾਂ ਤਾਂ ਸੁੰਦਰ ਕਈ ਵੇਰ ਉਦਾਸ ਹੋ ਲੁਕ ਲੁਕ ਕੇ ਡੁਸਕਦਾ ਹੁੰਦਾ ਸੀ ਤੇ ਇਕ ਵੇਰ ਚੋਰੀ ਘਰ ਵੀ ਭਜ ਗਿਆ ਸੀ ਪਰ ਹੌਲੇ ਹੌਲੇ ਉਸ ਦਾ ਜੀਅ ਲਗ ਗਿਆ। ਰਾਮ ਰਖਾ ਇਸ ਕੰਮ ਨੂੰ ਚੋਖੇ ਨਫ਼ੇ ਵਾਲਾ ਸਮਝਦਾ ਸੀ। ਸੁੰਦਰ ਦੀ ਤਨਖ਼ਾਹ ਨਾਲ ਘਰ ਦਾ ਲੂਣ ਤੇਲ ਵੀ ਟੁਰਦਾ ਜਾਂਦਾ ਤੇ ਰਾਮ ਰਖੇ ਦੀ ਸੌੜੀ ਜਿਹੀ ਭੋਇੰ ਦਾ ਮਾਮਲਾ ਵੀ ਸਹਿਜੇ ਹੀ ਤਰ ਜਾਂਦਾ। ਗਾਂ ਪਿਛੇ ਟਾਹਰਾਂ ਲਾਉਣ ਵਾਲਾ ਕੰਮ ਸੁੰਦਰ ਨੂੰ ਭਾਵੇਂ ਬਹੁਤ ਪਿਆਰਾ ਲਗਦਾ ਸੀ ਪਰ ਰਾਮ ਰਖਾ ਨੌਕਰੀ ਦੇ ਹੱਕ ਵਿਚ ਹੀ ਸੀ।

ਹੱਟੀ ਵਿਚ ਸੁੰਦਰ ਇਕ ਭੀੜੀ ਜਿਹੀ ਚੁਰ ਵਿਚ ਬੈਠਕੇ ਭਾਂਡੇ ਮਾਂਜਦਾ ਰਹਿੰਦਾ। ਹਟੀ ਦੇ ਹਨੇਰੇ ਵਿਚ ਉਸ ਦੇ ਕਈ ਮਹੀਨਿਆਂ ਦੇ ਅਨਧੋਤੇ ਕਪੜੇ, ਸੁਆਹ ਨਾਲ ਲਿਬੜੀ ਹੋਈ ਟੋਪੀ ਤੇ ਸਰੀਰ ਦੇ ਨੰਗੇ ਹਿਸੇ ਕੋਲ ਪਏ ਸੁਆਹ ਦੇ ਢੇਰ ਤੇ ਭਾਂਡਿਆਂ ਵਿਚ ਇਸ ਤਰ੍ਹਾਂ ਰਲ ਮਿਲ ਜਾਂਦੇ ਕਿ ਕਈ ਕੋਲ ਬੈਠੇ ਕੜਾਹ

ਪੂਰੀਆਂ ਖਾਂਦੇ ਬਾਬੂਆਂ ਨੂੰ ਉਸ ਦੀ ਹੋਂਦ ਦਾ ਪਤਾ ਵੀ ਨਾ ਲਗਦਾ। ਇਕ ਵੇਰ ਤਾਂ ਆਪਣੇ ਹਿਸਾਬ ਕਿਤਾਬ ਵਿਚ ਗੁੰਮ ਇਕ ਗੋਗੜ ਵਾਲੇ ਲਾਲਾ ਜੀ ਨੇ ਜਦ ਸੁੰਦਰ ਨੂੰ ਆਪਣੇ ਕੋਲੋਂ ਸੁਆਹ ਦੇ ਢੇਰ ਵਿਚੋਂ ਪੈਦਾ ਹੁੰਦਾ ਵੇਖਿਆ ਤਾਂ ਉਹ ਤ੍ਰਭਕ ਕੇ ਖੜੇ ਹੋ ਗਏ ਤੇ ਡਰ ਨਾਲ ਉਨ੍ਹਾਂ ਨੂੰ ਤਰੇਲੀ ਆ ਗਈ। ਸ਼ਿਮਲੇ ਦੀਆਂ ਹੋਰ ਘਟੀਆ ਦਰਜੇ ਦੀਆਂ ਥਾਵਾਂ ਵਾਂਗ ਇਹ ਹਟੀ ਵੀ ਬੜੀ ਸੌੜੀ ਸੀ ਤੇ ਜੇਹੜੀ ਥੋਹੜੀ ਬਹੁਤ ਥਾਂ ਹੋ ਸੀ ਉਹ ਬੈਂਚਾਂ ਤੇ ਛੋਟੇ ਛੋਟੇ ਮੇਜ਼ਾਂ ਨੇ ਮੱਲੀ ਹੋਈ ਸੀ। ਇਸੇ ਕਰਕੇ ਹੀ ਸੁੰਦਰ ਨੂੰ ਇਕ ਗੁਠ ਵਿਚ ਘੁਸਰਿਆ ਰਹਿਣਾ ਪੈਂਦਾ ਸੀ। ਇਹ ਥਾਂ ਤੇ ਕੁਝ ਏਡੀ ਖਰਾਬ ਨਹੀਂ ਸੀ। ਪਹਿਲਾਂ ਤੇ ਜਦ ਇਕ ਦਿਨ ਵਡੇ ਲਾਲਾ ਜੀ ਦੁਕਾਨ ਤੇ ਆਏ ਸਨ ਤਾਂ ਹੁਕਮ ਦੇ ਗਏ ਸਨ ਕਿ ਸੁੰਦਰ ਦੀ ਭਾਂਡੇ ਮਾਂਜਣ ਵਾਲ ਥਾਂ ਤੇ ਹੱਥ ਧੋਣ ਵਾਲਾ ਹਮਾਮ ਰਖਿਆ ਜਾਏ ਤੇ ਸੁੰਦਰ ਆਪਣੀ ਸੁਆਹ ਤੇ ਭਾਂਡਿਆਂ ਸਮੇਤ ਮਠਾਈਆਂ ਵਾਲੇ ਤਖ਼ਤ ਪੋਸ਼ ਦੇ ਹੇਠਾਂ ਡੇਰਾ ਲਾ ਲਵੇ। ਤਖ਼ਤ ਪੋਸ਼ ਦੇ ਹੇਠਾਂ ਸੁੰਦਰ ਵਧੇਰੇ ਤੰਗ ਸੀ। ਨਾ ਤੇ ਸਿਰ ਹੀ ਸਿਧਾ ਹੁੰਦਾ ਸੀ ਤੇ ਨਾ ਕੋਈ ਆਇਆ ਗਿਆ ਨਜ਼ਰੀ ਪੈਂਦਾ ਸੀ। ਨਾਲੇ ਬਾਹਰ ਨਿਕਲਣ ਲਗਿਆਂ ਲੱਤਾਂ ਗੋਡੇ ਰਗੜੇ ਜਾਂਦੇ ਸਨ। ਅਖੀਰ ਕਈ ਇਕ ਗਾਹਕਾਂ ਦੇ ਜ਼ੋਰ ਦੇਣ ਤੇ ਸੁੰਦਰ ਨੂੰ ਸੀ ਕਲਾਸ ਵਿਚੋਂ ਹੁਣ ਵਾਲੀ ਬੀ ਕਲਾਸ ਵਿਚ ਬਦਲੀ ਕੀਤਾ ਗਿਆ। ਦੁਕਾਨ ਵਿਚ ਕਦੀ ਕੋਈ ਛੁਟੀ ਨਹੀਂ ਸੀ ਹੁੰਦੀ ਨਾ ਐਤਵਾਰ ਤੇ ਨਾ ਕਿਸੇ ਦਿਨ ਦਿਹਾਰ। ਦੋ ਤਿੰਨ ਛੁਟੀਆਂ ਜਿਹੜੀਆਂ ਸੁੰਦਰ ਦੀ ਦੋ ਸਾਲ ਦੀ ਨੌਕਰੀ ਵਿਚ ਹੋਈਆਂ ਓਦੋਂ ਹੋਈਆਂ ਜਦੋਂ ਸ਼ਿਮਲੇ ਦੇ ਗਵਾਲਿਆਂ ਨੇ ਹੜਤਾਲ ਕੀਤੀ ਸੀ। ਪਰ ਮੌਜਾਂ ਤੇ ਓਦੋਂ ਬਣਦੀਆਂ ਜਦੋਂ ਨੌਂ ਵਜੇ ਦੁਕਾਨ ਬੰਦ ਹੋਣ ਪਿਛੋਂ ਸੁੰਦਰ ਆਖ਼ਰੀ ਗ਼ਲਾਸ ਮਾਂਜ ਆਪਣੇ ਲੰਗੋਟੀਏ

ਯਾਰ ਦੁਰਗੇ ਨੂੰ ਨਾਲ ਲੈ ਕੇ ਪਹਾੜ ਦੀਆਂ ਉਚੀਆਂ ਨੀਵੀਆਂ ਸੜਕਾਂ ਤੇ ਚੂੰਘਾਂ ਮਾਰਦਾ ਗੁਰਦਵਾਰੇ ਜਾਂਦਾ ਸੀ। ਗੁਰਦਵਾਰੇ ਦਸ ਵਜੇ ਭੋਗ ਪੈਂਦਾ ਤੇ ਉਸ ਤੋਂ ਪਿਛੋਂ ਕੜਾਹ ਪਰਸ਼ਾਦ ਵਰਤਦਾ। ਕੜਾਹ ਲੈ ਇਹ ਦੋਵੇਂ ਫਿਰ ਹਸਦੇ ਖੇਡਦੇ ਆਪਣੀਆਂ ਆਪਣੀਆਂ ਹਟੀਆਂ ਵਿਚ ਆ ਕੇ ਬੈਚਾਂ ਤੇ ਸੌ ਜਾਂਦੇ। ਤੜਕੇ ਹੀ ਅਧੇ ਸੁਤੇ ਅਧੇ ਜਾਗਦੇ ਉਹ ਫਿਰ ਕੰਮ ਤੇ ਲਾ ਲਏ ਜਾਂਦੇ ਤੇ ਇਸ ਤਰ੍ਹਾਂ ਦੂਜਾ ਦਿਨ ਸ਼ੁਰੂ ਹੁੰਦਾ।

ਸੁੰਦਰ ਦਾ ਦੁਰਗੇ ਤੇ ਚੋਖਾ ਰੁਹਬ ਸੀ। ਸੁੰਦਰ ਹੀ ਦੁਰਗੇ ਨੂੰ ਨੌਕਰੀ ਵਾਸਤੇ ਸ਼ਿਮਲੇ ਲਿਆਇਆ ਸੀ ਤੇ ਦੁਰਗਾ ਉਸ ਨੂੰ ਹਰ ਮੁਸ਼ਕਲ ਦੇ ਹਲ ਕਰਨ ਵਾਲਾ ਤੇ ਪੂਰਾ ਵੀਹਵੀਂ ਸਦੀ ਦਾ ਆਦਮੀ ਸਮਝਦਾ ਸੀ। ਸੁੰਦਰ ਸਾਰੇ ਰਾਹਾਂ ਤੋਂ ਜਾਣੂ ਸੀ ਤੇ ਨਾਲੇ ਉਹ ਦੁਰਗੇ ਨੂੰ ਹਰ ਗਲ ਦੇ ਸਾਰੇ ਭੇਦ ਖੋਲ੍ਹਕੇ ਦਸ ਸਕਦਾ ਸੀ। ਇਕ ਭੇਦ ਜਿਸ ਦਾ ਦੁਰਗੇ ਨੂੰ ਪਹਿਲਾਂ ਅਸਲੋਂ ਪਤ ਨਹੀਂ ਸੀ ਸੁੰਦਰ ਨੇ ਇਹ ਦਸਿਆ ਕਿ ਸ਼ਿਮਲੇ ਵਿਚ ਕਈ ਅਸਲੀ ਚੀਜ਼ਾਂ ਨਕਲੀ ਜਾਪਦੀਆਂ ਹਨ ਤੇ ਕਈ ਨਕਲੀ ਚੀਜ਼ਾਂ ਅਸਲੀ। ਇਕ ਮੇਮ ਦੇ ਅਗੇ ਅਗੇ ਭਜਾ ਆਉਂਦਾ ਉਸ ਦਾ ਨਿਕਾ ਜਿਹਾ ਪੁਤਰ ਵੇਖਕੇ ਦੁਰਗੇ ਨੇ ਸੁੰਦਰ ਨੂੰ ਬਾਹੋਂ ਫੜਕੇ ਕੰਨਾਂ ਵਿਚ ਪੁਛਿਆ, "ਅਸਲੀ ਏ ਕਿ ਨਕਲੀ?" "ਨਕਲੀ।" ਤੇ ਦੁਰਗਾ ਚਾਈਂ ਚਾਈਂ ਉਸ ਦੇ ਪਿਛੇ ਭਜਣ ਲਗ ਪਿਆ, ਪਈ ਜਦੋਂ ਡਿਗੇਗਾ ਫੜਕੇ ਮੇਮ ਦੇ ਹਥ ਫੜਾ ਦਿਆਂਗਾ। ਆਪਣੇ ਪੁਤਰ ਪਿਛੇ ਭਜਦਾ ਵੇਖਕੇ ਮੇਮ ਨੇ ਦੁਰਗੇ ਨੂੰ ਅੰਗਰੇਜ਼ੀ ਵਿਚ ਚੋਰ ਦਾ ਦਾਬਾ ਮਾਰਿਆ ਤੇ ਸੁੰਦਰ ਵੀ ਪਿਛੋਂ ਉੱਚੀ ਉੱਚੀ ਹਸਣ ਲਗ ਪਿਆ।

ਇਕ ਸਾੜ੍ਹੀਆਂ ਵਾਲੀ ਹਟੀ ਦੀ ਸ਼ੀਸ਼ੇ ਦੀ ਬਾਹਰਲੀ ਬਾਰੀ ਵਿਚ ਇਕ ਜ਼ਨਾਨੀ ਸਾੜ੍ਹੀ ਪਾਈ ਖਲੋਤੀ ਸੀ। ਦੁਰਗੇ ਨੇ ਉਸ ਵਲ

ਉਂਗਲੀ ਕਰਕੇ ਪੁਛਿਆ, "ਅਸਲੀ ਕਿ ਨਕਲੀ ?" ਸੁੰਦਰ ਨੇ ਕਿਹਾ "ਅਸਲੀ" ਪਰ ਦੁਰਗਾ ਪਿਛਲੇ ਮਖ਼ੌਲਾਂ ਤੋਂ ਡਰਦਾ ਹੁਣ ਛੇਤੀ ਮੰਨਣ ਵਾਲਾ ਨਹੀਂ ਸੀ। ਜ਼ਨਾਨੀ ਦੇ ਸਿਰ ਤੋਂ ਰੇਗਨ ਦੀ ਇਕ ਚਿਪਰ ਲਥੀ ਵੇਖ ਕੇ ਝਟ ਬੋਲਿਆ, "ਨਹੀਂ ਓਏ ਇਹ ਤੇ ਖਡੌਣਿਆਂ ਦੀ ਬਣੀ ਹੋਈ ਏ।"

ਹਰ ਵੇਲੇ ਕੜਾਹ ਦੀਆਂ ਆਵਾਜ਼ਾਂ ਸੁਣਦੇ ਤੇ ਖੁਸ਼ਬੋਆਂ ਲੈਂਦੇ ਸੁੰਦਰ ਨੂੰ ਦੁਕਾਨ ਵਿਚੋਂ ਖਾਣ ਵਾਸਤੇ ਕੜਾਹ ਕਦੀ ਨਹੀਂ ਸੀ ਮਿਲਿਆ। ਹਰ ਰੋਜ਼ ਕੜਾਹ ਦਾ ਅਖ਼ੀਰਲਾ ਤੋਲਾ ਵੀ ਵਿਕ ਜਾਂਦਾ ਸੀ ਤੇ ਜਦੋਂ ਮਾਜਣ ਲਈ ਕੜਾਹੀ ਮਿਲਦੀ ਤਾਂ ਅਸਲੋਂ ਖ਼ਾਲੀ ਹੀ ਹੁੰਦੀ। ਜੇ ਕਿਤੋਂ ਕੜਾਹ ਮਿਲਦਾ ਸੀ ਤਾਂ ਗੁਰਦਵਾਰਿਓਂ, ਤੇ ਗੁਰਦਵਾਰੇ ਓਹ ਹਰ ਰੋਜ਼ ਰਾਤ ਨੂੰ ਜਾਂਦਾ, ਕਦੀ ਥੋੜਾ ਚਿਰ ਪਹਿਲਾਂ ਤੇ ਕਦੀ ਅਸਲੋਂ ਵੇਲੇ ਸਿਰ। ਜਿਸ ਦਿਨ ਜਾਂਦਿਆਂ ਸਾਰ ਹੀ ਉਸਨੂੰ ਕੜਾਹ ਮਿਲ ਜਾਂਦਾ ਓਸ ਦਿਨ ਉਹ ਬੜਾ ਮੋਰਚਾ ਫਤਹ ਹੋਇਆ ਸਮਝਦਾ ਸੀ। ਅੰਦਰ ਬੈਠਕੇ ਉਡੀਕਣਾ ਉਸ ਵਾਸਤੇ ਬੜਾ ਔਖਾ ਕੰਮ ਸੀ। ਉਹ ਜਾਣਦਾ ਸੀ ਕਿ ਸਾਰੇ ਲੋਕ ਕੇਵਲ ਕੜਾਹ ਹੀ ਲੈਣ ਨਹੀਂ ਆਉਂਦੇ, ਕੜਾਹ ਦਾ ਲਾਲਚ ਕਰਨਾ ਕੁਝ ਪਾਪ ਜਿਹਾ ਵੀ ਸੀ ਤੇ ਸਾਰੇ ਲੋਕੀਂ ਉਸ ਨੂੰ ਲਝ ਸਮਝਦੇ ਸਨ। ਗੁਰਦਵਾਰੇ ਦੇ ਤੇਜ਼ ਚਾਨਣ ਵਿਚ ਆਪਣੇ ਕਪੜੇ, ਲੱਤਾਂ ਤੇ ਹਥ ਪੈਰ ਉਸ ਨੂੰ ਹੋਰ ਵਧੇਰੇ ਮੈਲੇ ਜਾਪਦੇ। ਆਪਣੇ ਵਰਗਾ ਹੋਰ ਕੋਈ ਆਦਮੀ ਦਵਾਲੇ ਨਾ ਵੇਖਕੇ ਉਹ ਕੁਝ ਘਬਰਾਉਂਦਾ। ਇਸ ਸਭ ਕੁਝ ਲਈ ਆਪਣੇ ਆਪ ਨੂੰ ਦੋਸ਼ੀ ਸਮਝਕੇ ਉਹ ਕੜਾਹ ਲੈ ਬਾਹਰ ਦੌੜ ਜਾਣ ਦੀ ਉਡੀਕ ਵਿਚ ਰਹਿੰਦਾ। ਐਤਵਾਰ ਵਾਲੇ ਦਿਨ ਹਫ਼ਤੇਵਾਰੀ ਦੀਵਾਨ ਕੁਝ ਚਿਰਕਾ ਸਮਾਪਤ ਹੁੰਦਾ ਸੀ। ਉਸ ਦਿਨ ਸੁੰਦਰ ਵੀ ਚਿਰਕਾ ਆਉਂਦਾ ਤੇ ਦੂਸਰੇ ਦਿਨਾਂ ਜਿਨੀ ਬੈਠਣ ਦੀ ਸੇਵਾ ਕਰਕੇ ਹੀ ਕੜਾਹ

ਪ੍ਰਸ਼ਾਦ ਲੈ ਲੈਂਦਾ।

ਇਕ ਐਤਵਾਰ ਦੀਵਾਨ ਚੋਖਾ ਲੰਮਾ ਹੋ ਗਿਆ। ਪੰਜਾਬ ਤੋਂ ਇਕ ਪ੍ਰਚਾਰਕ ਆਏ ਹੋਏ ਸਨ। ਉਹ ਇਸ ਗਲ ਦਾ ਪ੍ਰਚਾਰ ਕਰ ਰਹੇ ਸਨ ਕਿ ਸਿਖਾਂ ਦਾ ਦਿਮਾਗੀ ਮਿਆਰ ਬਹੁਤ ਨੀਵਾਂ ਹੈ ਤੇ ਇਨ੍ਹਾਂ ਵਿਚ ਵਧੀਆ ਦਿਮਾਗਾਂ ਦੀ ਕੋਈ ਕਦਰ ਨਹੀਂ ਅਤੇ ਪੰਥ ਦੇ ਹੋਰ ਵਡੇ ਵਡੇ ਪ੍ਰਚਾਰਕ ਉਨ੍ਹਾਂ ਦੀ ਇਸ ਰਾਏ ਨਾਲ ਸਹਿਮਤ ਸਨ। ਕਿਸੇ ਹੋਰ ਮਜ਼ਹਬ ਵਿਚ—ਅਰਥਾਤ ਜੇ ਉਹ ਕਿਸੇ ਹੋਰ ਮਜ਼ਹਬ ਦਾ ਪਰਚਾਰ ਕਰਦੇ ਤਾਂ ਉਨ੍ਹਾਂ ਦੀ ਚੋਖੀ ਮਾਨਤਾ ਹੁੰਦੀ ਆਦਿ ਆਦਿ। ਇਸ ਤੋਂ ਪਿਛੋਂ ਗੁਰੂ ਅਰਜਨ ਦੇਵ ਜੀ ਦਾ ਗੁਰਪੁਰਬ ਮੰਨਾਉਣ ਵਾਸਤੇ ਮਾਇਆ ਦੀ ਉਗਰਾਹੀ ਹੋਈ। ਹਰ ਦਾਨੀ ਸਜਣ ਦਾ ਨਾਂ, ਰੁਤਬਾ ਜਾਂ ਹੋਰ ਜਾਣ ਪਛਾਣ ਤੇ ਪੂਰਾ ਪਤਾ ਦਸਕੇ ਅਰਦਾਸਾ ਕੀਤਾ ਜਾਂਦਾ ਤੇ ਅਰਦਾਸਾ ਕਰਾਉਣ ਵਾਲਿਆਂ ਦਾ ਵੀ ਕੋਈ ਘਾਟਾ ਨਹੀਂ ਸੀ। ਕਿੰਨੇ ਹੀ ਚਿਰ ਤੀਕ ਅਰਦਾਸਾਂ ਗੂੰਜਦੀਆਂ ਰਹੀਆਂ। ਇਸ ਤੋਂ ਉਪਰੰਤ ਸ਼ਿਮਲੇ ਦਾ ਮਲਮਲ ਦਾ ਕੋਟਾ, ਸਿਖਾਂ ਦਾ ਇਸ ਵਿਚ ਹਿਸਾ, ਆਪਣਾ ਕੋਟਾ ਲੈਣ ਦਾ ਤਰੀਕਾ ਆਦਿ ਦਸਿਆ ਗਿਆ ਤੇ ਘੜੀ ਨੇ ਸਾਢੇ ਗਿਆਰਾਂ ਵਜਾ ਦਿਤੇ। ਸੰਗਤ ਅਰਦਾਸੇ ਵਾਸਤੇ ਸਾਵਧਾਨ ਹੋਈ ਪਰ ਸੁੰਦਰ ਅਜ ਵੀ ਬੈਠਾ ਸੀ। ਲੰਮੇ ਦਿਨ ਦੇ ਥਕੇਵੇਂ ਕਰਕੇ ਉਸ ਦੀ ਅਖ ਲਗ ਗਈ ਹੋਈ ਸੀ ਤੇ ਉਹ ਉਹ ਸਵਾਦ ਮਾਣ ਰਿਹਾ ਸੀ, ਜਿਸ ਵਿਚ ਉਹ ਸ਼ਿਮਲੇ ਦੇ ਵਡੇ ਤੋਂ ਵਡੇ ਧਨਾਢ ਦਾ ਸਾਂਝੀਵਾਲ ਸੀ। ਜੀਵਨ ਭਰ ਦੀਆਂ ਅਧੂਰੀਆਂ ਇਛਾਵਾਂ ਸੁਪਨਿਆਂ ਰਾਹੀਂ ਸੰਪੂਰਨ ਹੋਣ ਟੁਰੀਆਂ। ਦਿਮਾਗ਼ ਦੀ ਚੋਕੀਦਾਰੀ ਤੋਂ ਛੁਟਕੇ ਚੰਚਲ ਮਨ ਜੀਵਨ ਦੇ ਸਿਖ਼ਰ ਤੇ ਅਪੜਨ ਲਈ ਤਿਆਰ ਬੈਠਾ ਸੀ। ਹੁਣ ਭੁਖਿਆਂ ਦਾ ਰਜਕੇ 'ਬਸ' ਆਖਣ ਦਾ ਵੇਲਾ ਸੀ। ਗੁਰਦਵਾਰੇ ਦਾ ਹਾਲ ਖਾਲੀ ਪਿਆ ਸੀ। ਸਾਰੀ ਸੰਗਤ ਘਰਾਂ ਨੂੰ

ਜਾ ਚੁਕੀ ਸੀ। ਸੁੰਦਰ ਕੁਝ ਦੇਰ ਨਾਲ ਅਪੜਿਆ । ਭਾਈ ਜੀ ਨੇ ਆਉਂਦੇ ਨੂੰ ਕਿਹਾ, "ਲੈ ਕਾਕਾ ਅਜ ਕੜਾਹ ਪਰਸ਼ਾਦ ਬਹੁਤਾ ਵਧ ਗਿਆ ਹੈ ਤੂੰ ਰਜਕੇ ਖਾ ਲੈ।" ਸੁੰਦਰ ਬੈਠ ਗਿਆ ਤੇ ਭਾਈ ਜੀ ਨੇ ਉਸਦਾ ਬੁਕ ਭਰ ਦਿਤਾ। ਸੁੰਦਰ ਨੇ ਅਜੇ ਉਹ ਮੁਕਾਇਆ ਨਹੀਂ ਸੀ ਕਿ ਭਾਈ ਜੀ ਨੇ ਹੋਰ ਭਰ ਦਿਤਾ ਤੇ ਇਸ ਤਰ੍ਹਾਂ ਹੋਰ ਤੇ ਫਿਰ ਹੋਰ। ਕੜਾਹ ਡਿਗ ਡਿਗ ਕੇ ਸੁੰਦਰ ਦੀ ਝੋਲੀ ਵਿਚ ਪੈਣ ਲਗਾ । ਹੌਲੀ ਹੌਲੀ ਝੋਲੀ ਵੀ ਭਰ ਗਈ ਤੇ ਕੜਾਹ ਹੇਠਾਂ ਡਿਗਣ ਲਗ ਪਿਆ ਪਰ ਭਾਈ ਜੀ ਅਜੇ ਵੀ ਬਸ ਨਹੀਂ ਸਨ ਕਰਦੇ। "ਹੇਠੋਂ ਸਾਰਾ ਚੁਕ ਕੇ ਝੋਲੀ ਵਿਚ ਪਾ ਲੈ ਕਾਕਾ, ਗੁਰਦਵਾਰੇ ਦਾ ਪ੍ਰਸ਼ਾਦ ਭੁੰਜੇ ਨਹੀਂ ਸੁਟੀਦਾ।" ਸੁੰਦਰ ਨੇ ਕੜਾਹ ਕਠਾ ਕਰਨ ਲਈ ਭੁੰਏਂ ਤੇ ਹਥ ਮਾਰਿਆ। ਘੜੀ ਨੇ ਰਾਤ ਦੇ ਬਾਰਾਂ ਵਜਾਏ। ਚੌਕੀਦਾਰ ਰਾਤ ਵਾਸਤੇ ਗੁਰਦਵਾਰੇ ਦੇ ਬੂਹੇ ਬੰਦ ਕਰ ਰਿਹਾ ਸੀ । ਅਖੀਂ ਮਲਦਾ ਮਲਦਾ ਸੁੰਦਰ ਦਰਵਾਜ਼ਿਓਂ ਬਾਹਰ ਨਿਕਲ ਗਿਆ ।

# ਬੰਦ ਤਾਕੀਆਂ

ਸਿਨੇਮਾਂ ਵੇਖ ਕੇ ਘਰ ਆਉਂਦਿਆਂ ਰਾਹ ਵਿਚ ਉਹ ਆਪਣੀ ਵਾਕਿਫ਼ ਕੁੜੀ ਦੇ ਕਮਰੇ ਦੀ ਬਾਰੀ ਅਗੇ ਖਲੋ ਗਿਆ। ਕੁੜੀ ਅੰਦਰ ਕੁਰਸੀ ਤੇ ਬੈਠੀ ਬਿਜਲੀ ਦੇ ਚਾਨਣੇ ਪੜ੍ਹ ਰਹੀ ਸੀ। ਉਹਨਾਂ ਦੀ ਪਿਛਲੀ ਗੱਲ ਬਾਤ ਵਿਚ ਨਿਮ੍ਹੇ ਨਿਮ੍ਹੇ ਪਿਆਰ ਦਾ ਭੁਲੇਖਾ ਪੈ ਸਕਦਾ ਸੀ। ਕੁਝ ਵਰ੍ਹੇ ਪਹਿਲਾਂ ਜਦੋਂ ਉਹ ਲੁਕਣ ਮੀਟੀ ਖੇਡਦੇ ਹੁੰਦੇ ਸਨ ਤਾਂ ਉਹ ਕੁੜੀ ਸਦਾ ਓਸੇ ਕੋਲ ਹੀ ਆ ਕੇ ਲੁਕਦੀ ਤੇ ਜਦੋਂ ਉਸਦੇ ਸਿਰ ਮੀਟੀ ਆਉਂਦੀ ਤਾਂ ਵੀ ਉਹ ਉਸੇ ਨੂੰ ਹੀ ਲੱਭਣ ਦਾ ਚਾਰਾ ਕਰਦੀ। ਜਿਨੀ ਵੇਰ ਉਹ ਉਹਨਾਂ ਦੇ ਘਰ ਆਉਂਦੀ ਕੇਵਲ ਕਤਾਬਾਂ ਮੰਗਣ ਹੀ ਨਹੀਂ ਸੀ ਆਉਂਦੀ। ਵਡੀਆਂ ਜਮਾਤਾਂ ਦੀਆਂ ਹਿੰਦ ਇਤਹਾਸ ਦੀਆਂ ਕਤਾਬਾਂ ਭਾਵੇਂ ਉਹਨਾਂ ਬਾਦਸ਼ਾਹਾਂ ਬਾਰੇ ਹੀ ਸਨ ਜਿਨ੍ਹਾਂ ਬਾਰੇ ਨਿਕੀਆਂ ਜਮਾਤਾਂ ਦੀਆਂ,ਪਰ ਉਸ ਨੇ ਔਖੀਆਂ ਔਖੀਆਂ ਕਤਾਬਾਂ ਪੜ੍ਹ ਕੇ ਕੀ ਕਰਨੀਆਂ ਸਨ ? ਇਸੇ ਕਰਕੇ ਹੀ ਕਮਰੇ ਦੀ ਇਕ ਕੰਧ ਤੇ ਉਸ ਪਿਨਸਲ ਨਾਲ ਉਸ ਦੇ ਆਉਣ ਦੀਆਂ ਸਾਰੀਆਂ ਤ੍ਰੀਕਾਂ ਲਿਖੀਆਂ ਹੋਈਆਂ ਸਨ ਤੇ ਜਦੋਂ ਉਸ ਦੇ ਫੇਰੇ ਉਸ ਦੀ ਇਛਾ ਤੋਂ ਘਟਣ ਲੱਗਦੇ ਤਾਂ ਉਹ ਹੱਸਦਾ ਉਸ ਨੂੰ ਉਹ ਤ੍ਰੀਕਾਂ ਵਖਾ ਦਿੰਦਾ ਸੀ। ਸਕੂਲ ਦੇ ਰੋਟੀ ਪਕਾਣ ਦੇ ਇਮਤਹਾਨ ਦੀ ਤਿਆਰੀ ਉਹ ਉਨ੍ਹਾਂ ਦੇ ਘਰ ਆ ਕੇ ਹੀ ਕਰਦੀ।

ਤੇ ਦੋਵੇਂ ਰਲ ਮਿਲਕੇ ਸਮੋਸੇ ਕਢਦੇ, ਪੂਰੀਆਂ ਬਣਾਦੇ ਤੇ ਫਿਰ ਆਪੇ ਹੀ ਖਾ ਜਾਂਦੇ।

ਕਿਤਾਬ ਤੋਂ ਅੱਖ ਚੁਕ ਕੇ ਕੁੜੀ ਨੇ ਉਸ ਵਲ ਵੇਖਿਆ ਤੇ ਫਿਰ ਬਿਨਾਂ ਬੋਲੇ ਕਿਤਾਬ ਤੇ ਅੱਖਾਂ ਗੱਡ ਦਿਤੀਆਂ। ਘਰ ਵਾਲੇ ਬਾਕੀ ਸਾਰੇ ਸੁਤੇ ਪਏ ਸਨ। ਕੁੜੀ ਨਹੀਂ ਜਾਣਦੀ ਸੀ ਕਿ ਉਹ ਕੀ ਚਾਹੁੰਦਾ ਹੈ ਤੇ ਨਾ ਹੀ ਉਸ ਨੂੰ ਆਪ ਨੂੰ ਪਤਾ ਸੀ ਕਿ ਉਹ ਕਿਉਂ ਉਥੇ ਖੜਾ ਹੋ ਗਿਆ ਸੀ। ਸ਼ਾਇਦ ਕੁੜੀ ਦੇ ਮੁਸਕ੍ਰਾਣ ਨਾਲ ਹੀ ਉਹ ਉਥੋਂ ਟੁਰ ਜਾਂਦਾ ਪਰ ਕੁੜੀ ਤੇ ਇਸ ਤਰ੍ਹਾਂ ਸੀ ਜਿਵੇਂ ਉਸ ਨੇ ਕਦੀ ਉਸ ਨੂੰ ਵੇਖਿਆ ਹੀ ਨਹੀਂ ਹੁੰਦਾ। ਚੋਰੀ ਅਖੀਂ ਕੁੜੀ ਨੇ ਫਿਰ ਉਸ ਵਲ ਵੇਖਿਆ। ਉਹ ਉਥੇ ਅਹਿਲ ਖੜੋਤਾ ਸੀ, ਕੁਝ ਚਿਰ ਪਿਛੋਂ ਕੁੜੀ ਉਠੀ ਤੇ ਸਹਿਜੇ ਸਹਿਜੇ ਉਸ ਬਾਰੀ ਦੀਆਂ ਤਾਕੀਆਂ ਬੰਦ ਕਰ ਦਿਤੀਆਂ। ਉਥੇ ਖੜੇ ਹੋਣ ਦਾ ਹੁਣ ਕੋਈ ਫ਼ਾਇਦਾ ਨਹੀਂ ਸੀ। ਕੁੜੀ ਉਸ ਨੂੰ ਦਿਸਦੀ ਹੀ ਨਹੀਂ ਸੀ, ਨਾ ਹੀ ਉਹ ਉਸ ਨੂੰ ਵੇਖ ਸਕਦੀ ਸੀ। ਹੌਲੇ ਹੌਲੇ ਪੈਰੀਂ ਉਹ ਆਪਣੇ ਘਰ ਟੁਰ ਗਿਆ।

*  *  *

ਕਿਸੇ ਦੇ ਘਰ ਪ੍ਰਾਹੁਣੇ ਜਾਣਾ ਕਿਡੀ ਚੰਗੀ ਗਲ ਏ। ਸਾਰੇ ਪਿਆਰ ਕਰਦੇ ਨੇ ਤੇ ਨਾਲੇ ਏਨੀਆਂ ਗੱਲਾਂ ਆ ਜਾਂਦੀਆਂ ਨੇ। ਉਹਨਾਂ ਦੀ ਕੁੜੀ ਨੂੰ ਉਹ ਅੰਗਰੇਜ਼ੀ ਦੀਆਂ ਕਵਿਤਾਵਾਂ ਪੜ੍ਹਾਂਦਾ ਤੇ ਕੁੜੀ ਉਸ ਨਾਲ ਗਲਾਂ ਕਰਕੇ ਬੜੀ ਖੁਸ਼ ਹੁੰਦੀ। ਉਸ ਨੂੰ ਪਹਿਲਾਂ ਕਦੀ ਕੋਈ ਐਸਾ ਮੁੰਡਾ ਨਹੀਂ ਸੀ ਮਿਲਿਆ ਜਿਸ ਦੀਆਂ ਅੱਖਾਂ ਅਗੋਂ ਦੁਨੀਆਂ ਦਾ ਏਨਾ ਹਿੱਸਾ ਲੰਘਿਆ ਹੋਵੇ ਤੇ ਜੋ ਹਰ ਵਿਸ਼ੇ ਤੇ ਏਡੀਆਂ ਸਵਾਦਲੀਆਂ ਗਲਾਂ ਸੁਣਾ ਸਕਦਾ ਹੋਵੇ। ਉਹ ਘੰਟਿਆਂ ਬਧੀ ਇਕੋ ਨਜ਼ਮ ਤੇ ਹੀ ਲਗੇ ਰਹਿੰਦੇ।

ਜ਼ਰਾਇਤ ਦੇ ਮਹਿਕਮੇ ਵਲੋਂ ਫਰੂਟ ਸ਼ੋ ਵੇਖਣ ਦਾ ਸੱਦਾ

ਆਇਆ ਹੋਇਆ ਸੀ । "ਮੈਂ ਨਹੀਂ ਜਾ ਸਕਦੀ ।" ਉਸ ਦੀ ਮਾਂ ਨੇ ਕਿਹਾ, "ਤੁਸੀਂ ਦੋਵੇਂ ਕਾਰ ਵਿਚ ਚਲੇ ਜਾਵੋ ਤੇ ਭੋਲੀ ਨੂੰ ਵੀ ਨਾਲ ਲੈ ਜਾਓ ।" ਭੋਲੀ ਉਸ ਦੀ ਨਿਕੀ ਜਹੀ ਭੈਣ ਸੀ। ਪਹਿਲਾਂ ਕਾਰ ਵਿਚ ਉਹ ਬੈਠ ਗਿਆ ਤੇ ਫਿਰ ਉਹ ਕੁੜੀ ਜਦੋਂ ਭੋਲੀ ਕਾਰ ਦੇ ਬੂਹੇ ਅਗੇ ਆ ਕੇ ਖਲੋਤੀ ਤਾਂ ਉਸ ਕੁੜੀ ਨੇ ਬੈਠੀ ਬੈਠੀ ਉਸ ਨੂੰ ਚੁਕ ਕੇ ਆਪਣੇ ਤੇ ਉਸ ਦੇ ਵਿਚਕਾਰ ਰਖ ਦਿਤਾ, ਜਿਸ ਤਰ੍ਹਾਂ ਬਿਜਲੀ ਲਾਣ ਵਾਲੇ ਦੋ ਤਾਰਾਂ ਦੇ ਵਿਚਕਾਰ ਲਕੜ ਟਿਕਾ ਦਿੰਦੇ ਹਨ।

* * *

ਮੁੰਡਿਆਂ ਕੁੜੀਆਂ ਦੇ ਸਾਂਝੇ ਕਾਲਜ ਵਿਚ ਪੜ੍ਹਦਿਆਂ ਉਸ ਦੀ ਸਿਆਸਤ ਵਿਚ ਦੂਸਰੇ ਮੁੰਡਿਆਂ ਨਾਲੋਂ ਵਧੇਰੇ ਦਿਲਚਸਪੀ ਸੀ। ਤੇ ਇਸ ਕੰਮ ਵਿਚ ਉਸ ਦੀ ਜਮਾਤ ਦੀ ਇਕ ਕੁੜੀ ਉਸ ਦੀ ਸਾਥਣ ਸੀ। ਲਾਹੌਰ ਵਰਗੀ ਥਾਂ ਤੇ ਸਿਆਸੀ ਰੁਝੇਵਿਆਂ ਦਾ ਕੁਝ ਘਾਟਾ ਨਹੀਂ ਸੀ। ਰੋਜ਼ ਹੀ ਉਸ ਕੁੜੀ ਨਾਲ ਕੋਈ ਨਾ ਕੋਈ ਸਲਾਹ ਕਰਨੀ ਹੁੰਦੀ, ਕਿਸੇ ਲੀਡਰ ਦਾ ਸਵਾਗਤ ਕਰਨ ਬਾਰੇ, ਕਿਸੇ ਜਲਸੇ ਤੇ ਆਪ ਜਾਣ ਤੇ ਹੋਰ ਮੁੰਡਿਆਂ ਨੂੰ ਪ੍ਰੇਰਨ ਬਾਰੇ, ਕਿਸੇ ਜਲੂਸ ਦੀ ਰੌਣਕ ਵਧਾਣ ਬਾਰੇ। ਉਹ ਕਾਲਜ ਇਕਠੇ ਫਿਰਦੇ, ਬੜਾ ਚਿਰ ਗਲਾਂ ਕਰਦੇ ਰਹਿੰਦੇ, ਲੀਡਰਾਂ ਦੀਆਂ ਤਕਰੀਰਾਂ ਬਾਰੇ, ਉਨ੍ਹਾਂ ਦੇ ਦੂਜੇ ਲੀਡਰਾਂ ਨਾਲ ਸਾਂਝੇ ਨੁਕਤਿਆਂ ਬਾਰੇ, ਉਨ੍ਹਾਂ ਦੀ ਪ੍ਰਾਈਵੇਟ ਜ਼ਿੰਦਗੀ ਬਾਰੇ, ਉਨ੍ਹਾਂ ਦੇ ਛਪੇ ਬਿਆਨਾਂ ਬਾਰੇ ਤੇ ਉਨ੍ਹਾਂ ਉੱਤੇ ਲਿਖੇ ਗਏ ਲੇਖਾਂ ਬਾਰੇ। ਜਦੋਂ ਉਹ ਉਸ ਨੂੰ ਨਾਲ ਲਈ ਕਾਲਜ ਦੀ ਲਾਇਬਰੇਰੀ ਵਿਚ ਜਾਂਦਾ ਤਾਂ ਸਾਰੇ ਮੁੰਡੇ ਅਖਬਾਰਾਂ ਰਸਾਲਿਆਂ ਤੋਂ ਅੱਖਾਂ ਚੁਕ ਕੇ ਚੋਰੀ ਚੋਰੀ ਉਨ੍ਹਾਂ ਵਲ ਵੇਖਦੇ।

ਬੈਡਮਿੰਟਨ ਦੀ ਦੌੜ ਪਿਛੋਂ ਕਾਲਜ ਦੀਆਂ ਗਰਾਊਂਡਾਂ ਦੀ

ਇਕ ਗੁਠੇ ਉਹ ਤੇ ਉਸ ਦਾ ਇਕ ਦੋਸਤ ਤੇ ਉਹ ਕੁੜੀ ਬੈਠੇ ਗਲਾਂ ਕਰ ਰਹੇ ਸਨ। ਉਹ ਆਪ ਘਟ ਬੋਲ ਰਿਹਾ ਸੀ। ਜਦੋਂ ਆਪ ਨੂੰ ਕਿਸੇ ਦੇ ਪਿਆਰ ਤੇ ਵਿਸ਼ਵਾਸ ਹੋਵੇ ਤਾਂ ਦੂਸਰਿਆਂ ਨੂੰ ਉਸ ਪਿਆਰ ਲਈ ਤਰਲੇ ਲੈ ਦਿਆਂ ਵੇਖਕੇ ਬੜਾ ਸਵਾਦ ਆਉਂਦਾ ਹੈ। ਖੇਡਣ ਕਰਕੇ ਉਨ੍ਹਾਂ ਨੂੰ ਤਰੇਹ ਲਗੀ ਹੋਈ ਸੀ। ਉਹ ਆਪ ਟਕ ਸ਼ਾਪ ਤੇ ਪਾਣੀ ਕਹਿਣ ਚਲਾ ਗਿਆ। ਗਰਾਉਂਡ ਦਵਾਲੇ ਦੀ ਵਾੜ ਉਹਲਿਓਂ ਜਦੋਂ ਉਹ ਉਨ੍ਹਾਂ ਕੋਲ ਵਾਪਸ ਆਇਆ ਤਾਂ ਉਹ ਮੁੰਡਾ ਕੁੜੀ ਇਕ ਦਮ ਚੁਪ ਕਰ ਗਏ। ਉਸ ਨੂੰ ਵਿਸ਼ਵਾਸ ਸੀ ਕਿ ਉਨ੍ਹਾਂ ਉਸ ਤੋਂ ਲੁਕਾਣ ਲਈ ਗੱਲ ਅਧ ਵਿਚ ਟੁਕ ਲਈ ਹੈ। ਅਧੀ ਕੁ ਗਲ ਉਸਨੂੰ ਹਵਾ ਵਿਚ ਲਟਕੀ ਹੋਈ ਦਿਸਦੀ ਪਈ ਸੀ।

* * *

ਉਸ ਦੇ ਇਕ ਪੱਕੇ ਦੋਸਤ ਦਾ ਵਿਆਹ ਹੋ ਗਿਆ ਸੀ। ਇਹੋ ਜਹੇ ਦੋਸਤ ਦੀ ਵਹੁਟੀ ਦੇ ਪਿਆਰ ਵਿਚ ਵੀ ਉਹ ਆਪਣਾ ਕੁਝ ਹਿੱਸਾ ਸਮਝਦਾ ਸੀ। ਪਿਆਰ ਵੰਡਿਆਂ ਕੋਈ ਘਟ ਥੋੜਾ ਜਾਂਦਾ ਹੈ। ਵਿਆਹ ਤੋਂ ਕਈ ਮਹੀਨੇ ਪਿਛੋ ਉਹ ਚਾਈਂ ਚਾਈਂ ਉਨ੍ਹਾਂ ਦੇ ਘਰ ਗਿਆ, ਆਓ ਭਗਤ ਉਮੀਦ ਤੋਂ ਵੀ ਵਧ ਸੀ। ਉਨ੍ਹਾਂ ਦੇ ਘਰ ਨੂੰ ਉਹ ਆਪਣਾ ਘਰ ਸਮਝਦਾ ਸੀ ਤੇ ਉਨ੍ਹਾਂ ਦੀਆਂ ਚੀਜ਼ਾਂ ਨੂੰ ਆਪਣੀਆਂ ਚੀਜ਼ਾਂ। ਕਿੰਨਾ ਚਿਰ ਉਹ ਆਪਣੇ ਦੋਸਤ ਦੀ ਵਹੁਟੀ ਨਾਲ ਗੱਲਾਂ ਕਰਦਾ ਰਿਹਾ, ਵਹੁਟੀ ਦੋਹਾਂ ਦੋਸਤਾਂ ਦੇ ਡੂੰਘੇ ਪਿਆਰ ਤੋਂ ਅਨਜਾਨ ਨਹੀਂ ਸੀ। ਇਸ ਤਰ੍ਹਾਂ ਜਾਪਦਾ ਸੀ ਜਿਸ ਤਰ੍ਹਾਂ ਉਸ ਨੇ ਆਪਣੇ ਦਿਲ ਵਿਚ ਆਪਣੇ ਪਤੀ ਦੇ ਦੋਸਤ ਲਈ ਢੇਰ ਸਾਰੀ ਥਾਂ ਬਣਾ ਦਿਤੀ ਹੈ। ਰਾਤ ਨੂੰ ਉਹ ਤਿੰਨੇ ਕੋਲ ਕੋਲ ਆਪਣੀਆਂ ਮੰਜੀਆਂ ਤੇ ਪਏ ਸਨ।

"ਸੁਨਾਓ ਕੁਝ ਯਾਰੀ ਦਾ ਮੁਢ ਬਝ ਗਿਆ ਹੈ ਕਿ ਨਹੀਂ ?"

ਉਸ ਦੇ ਦੋਸਤ ਨੇ ਮਖ਼ੌਲ ਨਾਲ ਪੁਛਿਆ।

"ਮੁਢ ਬੱਝ ਕੇ ਸਗੋਂ ਉਤੇ ਕੁਝ ਹੋਰ ਵਾਰ ਵੀ ਆ ਗਏ ਨੇ। ਇਨ੍ਹਾਂ ਮੈਨੂੰ ਇਕ ਬੜੇ ਪਿਆਰ ਦੀ ਗਲ ਆਖੀ ਹੈ।"

"ਕੀ ਗਲ ?"

"ਮੈਂ ਨਹੀਂ ਦਸਦਾ।"

"ਅੱਛਾ ਭਈ ਕਰੋ ਗੱਲਾਂ ਮੈਂ ਤੀਸਰੇ ਆਦਮੀ ਨੇ ਪੁਛ ਕੇ ਕੀ ਲੈਣਾ ਹੈ।" ਦੋਸਤ ਨੇ ਹੱਸ ਕੇ ਗੱਲ ਖਤਮ ਕੀਤੀ।

"ਤੀਸਰੇ ਆਦਮੀ ਇਹੀ ਹਨ।" ਉਸ ਦੀ ਵਹੁਟੀ ਨੇ ਫੈਸਲਾ ਦਿਤਾ ਤੇ ਪਿਆਰ ਨਾਲ ਆਪਣੇ ਪਤੀ ਦਾ ਹਥ ਚੁੰਮ ਲਿਆ।

* * * *

ਉਸ ਦੀ ਕੁੜੀ ਦਾ ਵਿਆਹ ਹੋ ਗਿਆ ਸੀ। ਪਰ ਇਸ ਦਾ ਕੀ ਹਰਜ ਸੀ। ਕੁੜੀਆਂ ਕੇਵਲ ਵਿਆਹੁਣ ਵਾਸਤੇ ਹੀ ਨਹੀਂ ਹੁੰਦੀਆਂ। ਕੁੜੀ ਤੇ ਅਜੇ ਵੀ ਉਸੇ ਦੀ ਹੀ ਸੀ। ਵਿਆਹ ਤੋਂ ਪਹਿਲਾਂ ਉਨ੍ਹਾਂ ਦਾ ਡਾਹਡਾ ਗੂੜ੍ਹ ਸੀ। ਜਦੋਂ ਦੋਹਾਂ ਨੂੰ ਇਕ ਦੂਜੇ ਦੀਆਂ ਸਾਰੀਆਂ ਗੱਲਾਂ ਦਾ ਪਤਾ ਹਵੇ, ਜਦੋਂ ਕੋਈ ਨਵੀਂ ਗੱਲ ਦੱਸਣ ਲਗਿਆਂ ਨਵੇਂ ਸਿਰੋਂ ਭੂਮਿਕਾ ਨ ਬੰਨ੍ਹਣੀ ਪਵੇ, ਜਿੰਨੀਆਂ ਜਾਨਾਂ ਇਕ ਦੇ ਦਿਲ ਦਿਮਾਗ਼ ਵਿਚ ਵਸਦੀਆਂ ਹੋਣ ਉਨ੍ਹਾਂ ਸਾਰਿਆਂ ਦੀ ਜਾਣ ਪਛਾਣ ਦੂਜੇ ਨਾਲ ਕਰਾ ਲਈ ਹੋਵੇ, ਜਦੋਂ ਇਕ ਦੂਜੇ ਬਾਰੇ ਰਾਵਾਂ ਪਕੀਆਂ ਹੋ ਚੁਕੀਆਂ ਹੋਣ ਤੇ ਕਿਸੇ ਨਵੀਂ ਗਲ ਕਰਕੇ ਨਾ ਬਦਲ ਸਕਣ, ਜਦੋਂ ਆਪਣੀਆਂ ਕਮਜ਼ੋਰੀਆਂ ਦਾ ਬਿਆਨ ਵੀ ਦੂਜੇ ਦੇ ਹਿਰਦੇ ਵਿਚ ਠਾਠਾਂ ਮਾਰ ਰਹੇ ਹਮਦਰਦੀ ਦੇ ਸਮੁੰਦਰ ਵਿਚ ਡੁਬ ਜਾਂਦਾ ਹੋਵੇ, ਗਲ ਬਾਤ ਦਾ ਅਸਲੀ ਸਵਾਦ ਉਦੋਂ ਹੀ ਆਉਂਦਾ ਹੈ।

ਉਸ ਨੂੰ ਵਿਸ਼ਵਾਸ ਸੀ ਕਿ ਜੇ ਉਸ ਕੁੜੀ ਨੂੰ ਪਤਾ ਲਗ ਜਾਏ ਕਿ ਉਸ ਨੇ ਪੱਗ ਕਿਸ ਰੰਗ ਦੀ ਬਧੀ ਹੋਈ ਹੈ ਤਾਂ ਹੁਣ ਵੀ ਉਹ

ਆਪਣੀ ਚੁੰਨੀ ਉਸੇ ਰੰਗ ਦੀ ਰੰਗਾ ਲਵੇ, ਪਰ ਹੁਣ ਤੇ ਉਹ ਬੜੀ ਦੂਰ ਸੀ। ਕਦੀ ਕਦੀ ਚਿਠੀਆਂ ਆਉਂਦੀਆਂ, ਉਨ੍ਹਾਂ ਦੇ ਨਵੇਂ ਸ਼ਹਿਰ ਬਾਰੇ, ਉਥੋਂ ਦੀ ਧਰਤੀ ਤੇ ਲੋਕਾਂ ਬਾਰੇ, ਨਵੀਆਂ ਹੋਈਆਂ ਜਾਣਾਂ ਪਛਾਣਾਂ ਬਾਰੇ ਤੇ ਵਿਚ ਕਈ ਪੁਛਾਂ ਹੁੰਦੀਆਂ। ਉਹ ਹੁਣ ਵੀ ਅਚਕਣ ਪਾਉਂਦਾ ਸੀ ਕਿ ਨਹੀਂ। ਉਨ੍ਹਾਂ ਦੀ ਕੋਠੀ ਦੇ ਫੁਲ ਅਜੇ ਖਿੜੇ ਸਨ ਕਿ ਨਹੀਂ। ਉਨ੍ਹਾਂ ਦਾ ਘੋੜਾ ਅਜੇ ਵੀ ਲੰਙਾਂਦਾ ਸੀ ਜਾਂ ਲੰਙਾਣੋ ਹਟ ਗਿਆ ਸੀ।

ਤੇ ਫਿਰ ਇਕ ਚਿਠੀ ਆਈ। ਉਸ ਦੇ ਘਰ ਮੁੰਡਾ ਹੋਇਆ ਸੀ। ਉਸ ਨੂੰ ਅਫ਼ਸੋਸ ਸੀ ਕਿ ਉਸ ਨੂੰ ਆਪਣਾ ਮੁੰਡਾ ਵਿਖਾਣ ਅਜੇ ਛੇਤੀ ਨਹੀਂ ਆ ਸਕਦੀ ਸੀ ਪਰ ਮੁੰਡਾ ਬਹੁਤ ਸੋਹਣਾ ਸੀ।

ਰੁਚੀਆਂ ਤੋਂ ਮਜਬੂਰ ਉਹ ਹੁਣ ਵੀ ਉਸ ਦੀ ਮੂਰਤ ਅਖ਼ਾਂ ਅਗੇ ਲਿਆਉਂਦਾ ਪਰ ਹੁਣ ਜੋ ਮੂਰਤ ਉਸ ਨੂੰ ਦਿਸਦੀ ਉਸ ਦੇ ਕੁਛੜ ਮੁੰਡਾ ਹੁੰਦਾ। ਉਸ ਦਾ ਗੋਲ ਜਿਹਾ ਸਿਰ ਤੇ ਕੱਕੇ ਕੱਕੇ ਵਾਲ ਧੁਪ ਵਿਚ ਲਿਸ਼ਕ ਰਹੇ ਹੁੰਦੇ ਤੇ ਉਨ੍ਹਾਂ ਵਾਲਾਂ ਪਿਛੇ ਉਸ ਕੁੜੀ ਦਾ ਮੂੰਹ ਲੁਕ ਜਾਂਦਾ। ਹਜ਼ਾਰ ਕੋਸ਼ਸ਼ ਕਰਨ ਤੇ ਵੀ ਉਹ ਕੁੜੀ ਦਾ ਚਿਹਰਾ ਉਸ ਮੁੰਡੇ ਦੇ ਸਿਰ ਤੋਂ ਨਿਖੇੜ ਨਾ ਸਕਦਾ। ਅਖੀਰ ਖਿਝ ਕੇ ਉਹ ਉਸ ਕੀਮਤੀ ਤਸੱਵਰ ਨੂੰ ਖਿੰਡਾ ਦਿੰਦਾ।

# ਮੁਕਤਸਰ

ਉਹ ਕੇਵਲ ਨਾਮ ਦਾ ਹੀ ਸ਼ਰਨਾਰਥੀ ਸੀ ।

ਪਾਕਿਸਤਾਨ ਵਿਚ ਉਸ ਦਾ ਜ਼ਮੀਨਾਂ ਤੇ ਮਕਾਨਾ ਤੋਂ ਬਿਨਾਂ ਹੋਰ ਕੋਈ ਨੁਕਸਾਨ ਨਹੀਂ ਸੀ ਹੋਇਆ। ਤੇ ਜ਼ਮੀਨਾਂ ਤੇ ਮਕਾਨਾਂ ਨੂੰ ਉਹ ਕੋਈ ਨੁਕਸਾਨ ਨਹੀਂ ਸੀ ਸਮਝਦਾ । ਉਸ ਦੀ ਮਾਨਸਕ ਅਵਸਥਾ, ਰਹਿਣ ਬਹਿਣ ਦਾ ਤਰੀਕਾ, ਭੌਂਦੂ ਆਦਤਾਂ, ਰੋਜ਼ੀ ਦੇ ਖੁਲ੍ਹੇ ਵਸੀਲੇ ਤੇ ਕੋਈ ਬਾਲ ਬਚਾ ਨਾ ਹੋਣ ਕਰਕੇ ਜ਼ੁਮੇਂਵਾਰੀਆਂ ਦੀ ਅਨਹੋਂਦ ਨੇ ਇਨ੍ਹਾਂ ਚੀਜ਼ਾਂ ਨੂੰ ਉਸ ਲਈ ਕੁਝ ਵਾਧੂ ਜਿਹਾ ਬਣਾ ਦਿਤਾ ਸੀ। ਉਹ ਕਿਸੇ ਇਕ ਥਾਂ ਨਾਲ ਬਝਣਾ ਨਹੀਂ ਸੀ ਚਾਹੁੰਦਾ ਸਗੋਂ ਥਾਂ ਥਾਂ ਜਾਣਾ ਤੇ ਥਾਂ ਥਾਂ ਰਹਿਣਾ ਚਾਹੁੰਦਾ ਸੀ । ਉਸ ਦੇ ਭਰਾਵਾਂ ਤੇ ਹੋਰ ਸਾਕਾਂ ਅੰਗਾਂ ਨੂੰ ਪੂਰਬੀ ਪੰਜਾਬ ਵਿਚ ਚੰਗੀਆਂ ਜ਼ਮੀਨਾਂ ਤੇ ਮਕਾਨ ਮਿਲ ਗਏ ਸਨ ।

ਪਾਕਿਸਤਾਨ ਵਿਚ ਉਨ੍ਹਾਂ ਦੀ ਕਿਸੇ ਲੜਾਈ ਝਗੜੇ ਵਿਚ ਹਾਰ ਹਾਲਤ ਨਹੀਂ ਸੀ ਹੋਈ। ਤੇ ਨਾ ਹੀ ਉਨ੍ਹਾਂ ਨੂੰ ਰਸਤੇ ਵਿਚ ਕੋਈ ਤਕਲੀਫ਼ ਹੋਈ ਸੀ। ਉਹ ਅਪਨੀ ਕਾਰ ਵਿਚ ਬੈਠਕੇ ਇਕ ਫੌਜੀ ਕਾਨਵਾਇ ਨਾਲ ਆਪਨੇ ਪਿੰਡੋਂ ਸਿਧੇ ਅੰਮ੍ਰਿਤਸਰ ਆ ਗਏ ਸਨ। ਸਾਰੇ ਰਸਤੇ ਵਿਚ ਉਨ੍ਹਾਂ ਨੂੰ ਕੋਈ ਛੇ ਘੰਟੇ ਲਗੇ ਹੋਣਗੇ । ਉਨ੍ਹਾਂ ਨੂੰ ਕਾਰ ਵਿਚ ਬੈਠੇ ਜਾਂਦਿਆਂ ਵੇਖ ਕੇ ਇਸ ਤਰ੍ਹਾਂ ਜਾਪਦਾ ਸੀ ਜਿਵੇਂ

ਉਹ ਕਿਧਰੇ ਵਡੇ ਦਿਨਾਂ ਦੀਆਂ ਛੁਟੀਆਂ ਮਨਾਉਣ ਚਲੇ ਹਨ । ਲਾਹੌਰ ਦੀ ਚੁੰਗੀ ਤੇ ਉਨ੍ਹਾਂ ਚੋਖੇ ਸਾਰੇ ਮਿਠੇ ਤੇ ਬੱਗੂ ਗੋਸ਼ੇ ਲੈ ਕੇ ਮੋਟਰ ਵਿਚ ਰਖ ਲਏ, ਕੁਝ ਇਸ ਕਰਕੇ ਕਿ ਭਾਦਰੋਂ ਦੀ ਦੁਪਹਿਰ ਹੋਣ ਕਰਕੇ ਉਨ੍ਹਾਂ ਨੂੰ ਤਰੇਹ ਲਗੀ ਹੋਈ ਸੀ ਤੇ ਕੁਝ ਇਸ ਕਰਕੇ ਕਿ ਖਵਰੇ ਫਿਰ ਕਦੀ ਪਾਕਿਸਤਾਨ ਵਿਚੋਂ ਕੋਈ ਫਲ ਖਾਣਾ ਮਿਲੇ ਕਿ ਨਾ ।

ਜਦੋਂ ਉਹ ਅੰਮ੍ਰਿਤਸਰ ਅਪੜੇ, ਉਨ੍ਹਾਂ ਕੋਲ ਸੁਨਾਉਣ ਲਈ ਫ਼ਸਾਦਾਂ ਦੀ ਕੋਈ ਗੱਲ ਨਹੀਂ ਸੀ । ਉਨ੍ਹਾਂ ਕੋਈ ਲੋਥ ਜਾਂ ਜ਼ਖਮੀ ਆਦਮੀ ਨਹੀ ਵੇਖਿਆ ਸੀ। ਉਨ੍ਹਾਂ ਦੇ ਪਿੰਡਾਂ ਵਿਚ ਮੁਸਲਮਾਨ ਕਦੀ ਬਾਂਗ ਨਹੀਂ ਦਿਆ ਕਰਦੇ ਸਨ ਤੇ ਪਾਕਿਸਤਾਨ ਬਨਣ ਪਿਛੋਂ ਵੀ ਜਿੰਨਾ ਚਿਰ ਉਹ ਪਿੰਡ ਵਿਚ ਰਹੇ ਮੁਸਲਮਾਨ ਬਾਂਗ ਨਾ ਦੇ ਸਕੇ । ਇਕ ਦਿਨ ਕੁਝ ਜੱਟਾਂ ਨੇ ਸਲਾਹ ਵੀ ਕੀਤੀ ਕਿ ਮੁਸਲਮਾਨਾਂ ਕੰਮੀਆਂ ਨੂੰ ਸਦ ਕੇ ਆਖੀਏ ਭਈ ਪਾਕਿਸਤਾਨ ਬਣ ਗਿਆ ਹੈ ਹੁਣ ਤੁਸੀਂ ਬਾਂਗ ਦੇ ਲਿਆ ਕਰੋ। ਪਰ ਵਿਚੋਂ ਕਈਆਂ ਨੇ ਇਹ ਸਲਾਹ ਢਾ ਦਿਤੀ । ਉਹ ਆਖਣ ਲਗੇ ਹੁਣ ਟੁਰ ਤੇ ਜਾਣਾ ਹੀ ਹੈ ਪਿਛੋਂ ਮੁਸਲਮਾਨ ਆਖਣਗੇ 'ਜਦੋਂ ਸਾਡਾ ਜ਼ੋਰ ਹੋਇਆ ਤਾਂ ਸਿਖਾਂ ਨੂੰ ਬਾਂਗ ਪਿਆਰੀ ਲਗਣ ਲਗ ਪਈ।'

ਅੰਮ੍ਰਿਤਸਰ ਆਉਣ ਤੋਂ ਝਬ ਪਿਛੋਂ ਉਹ ਲੋਜ਼ਾਨ ਅਫਸਰ ਬਣ ਕੇ ਫਿਰ ਪਾਕਿਸਤਾਨ ਚਲਾ ਗਿਆ । ਕੈਂਪਾਂ ਦੀ ਦੇਖ ਭਾਲ, ਨਵੇਕਲੇ ਪਿੰਡਾਂ ਵਿਚ ਫਸੀ ਹੋਈ ਜਨਤਾ ਨੂੰ ਓਥੋ ਕੱਢਣਾ ਤੇ ਖੋਹੀਆਂ ਹੋਈਆਂ ਕੁੜੀਆਂ ਦੀ ਭਾਲ ਕਰਨੀ ਇਹ ਉਸ ਦੇ ਮੋਟੇ ਮੋਟੇ ਕੰਮ ਸਨ । ਜਿਸ ਬੰਦੇ ਤੇ ਹਜ਼ਾਰਾਂ ਲੋਕ ਮਦਦ ਦੀ ਆਸ ਰਖਦੇ ਹੋਣ, ਜਿਸ ਦੇ ਕਿਧਰੇ ਇਕ ਵੇਟੇ ਨਾਲ ਇਕ ਦੋ ਪਾਟੇ ਹੋਏ ਖ਼ਾਨਦਾਨ ਫਿਰ ਜੁੜ ਜਾਂਦੇ ਹੋਣ, ਜਿਸ ਦੀ ਥੋੜੀ ਜਹੀ

ਹੁਸ਼ਿਆਰੀ ਜਾਂ ਅਣਗਹਿਲੀ ਦਾ ਸਿੱਟਾ ਇਕ ਖੁੱਸੀ ਹੋਈ ਕੁੜੀ ਦਾ ਆਪਣੇ ਮਾਂ ਪਿਓ ਦੇ ਘਰ ਜਾਣਾ ਜਾਂ ਹਮੇਸ਼ਾਂ ਲਈ ਗਵਾਚ ਜਾਣਾ ਹੋਵੇ, ਉਹ ਆਪ ਕਿਸ ਤਰ੍ਹਾਂ ਸ਼ਰਨਾਰਥੀ ਹੋ ਸਕਦਾ ਸੀ। ਇਕ ਇਕ ਦਿਨ ਦੇ ਚੱਕਰ ਵਿਚ ਉਹ ਜ਼ਿਲੇ ਵਿਚ ਖਿੰਡੀਆਂ ਹੋਈਆਂ ਹਿੰਦੂ ਸਿੱਖ ਕੁੜੀਆਂ ਬੱਚੇ ਇਸ ਤਰ੍ਹਾਂ ਰੋਲ ਕੇ ਲਿਆਉਂਦਾ ਜਿਸ ਤਰ੍ਹਾਂ ਰੇਤ ਵਿਚੋਂ ਮੋਤੀ। ਉਹ ਜਾਣਦਾ ਸੀ ਕਿ ਇਨ੍ਹਾਂ ਵਿਚੋਂ ਇਕ ਇਕ ਜੀ ਦੇ ਸਰਹੱਦ ਟੱਪਣ ਨਾਲ ਕਈ ਕਈ ਨਿਰਾਸ਼ ਦਿਲ ਖਿੜ ਜਾਣਗੇ। ਇਹ ਸੋਚ ਕੇ ਉਸ ਨੂੰ ਬੜੀ ਖੁਸ਼ੀ ਹੁੰਦੀ।

ਪਾਕਿਸਤਾਨ ਵਿਚ ਰਹਿੰਦਿਆਂ ਉਸ ਦਾ ਅਪਣਾ ਪਿਛਲਾ ਘਰ ਵੇਖਣ ਨੂੰ ਕਦੀ ਜੀ ਨਹੀਂ ਕੀਤਾ ਸੀ। ਅਪਣੀ ਡੰਗਰਾਂ ਵਾਲੀ ਹਵੇਲੀ ਕੋਲੋਂ ਉਹ ਕਈ ਵੇਰ ਮੋਟਰ ਵਿਚ ਬੈਠਾ ਬੈਠਾ ਲੰਘ ਗਿਆ ਤੇ ਕਦੀ ਮੋਟਰ ਖੜੀ ਕਰਕੇ ਉਸ ਦੇ ਦਵਾਲੇ ਨਹੀਂ ਸੀ ਭਵਿਆਂ। ਇਹ ਗੱਲ ਉਸ ਨੂੰ ਫਜ਼ੂਲ ਜਹੀ ਲਗਦੀ। ਇਹ ਕੋਠੇ ਉਸ ਦਾ ਘਰ ਨਹੀਂ ਸਨ।

ਸ਼ਰਨਾਰਥੀ ਹੋਣਾ ਪਾਕਿਸਤਾਨ ਵਿਚ ਉਸ ਲਈ ਕੇਵਲ ਇਕ ਬਹਾਨਾ ਜਿਹਾ ਸੀ, ਇਕ ਢਾਲ ਜਹੀ ਜਿਸਨੂੰ ਉਹ ਕਦੇ ਕਦਾਈਂ ਵਰਤਦਾ। ਜਦੋ ਕੋਈ ਮੁਸਲਮਾਨ ਚੌਧਰੀ ਜਾਂ ਪਾਕਿਸਤਾਨੀ ਪੁਲਸ ਵਾਲੇ ਕੋਈ ਖੋਹੀ ਹੋਈ ਕੁੜੀ ਵਾਪਸ ਦਵਾਉਣ ਵਿਚ ਉਸਦੀ ਮਦਦ ਕਰਦੇ ਜਾਂ ਕਿਸੇ ਸਾਂਭ ਕੇ ਰਖੇ ਹੋਏ ਹਿੰਦੂ ਸਿਖ ਟੱਬਰ ਨੂੰ ਉਸਦੇ ਹਵਾਲੇ ਕਰਦੇ ਤਦੋਂ ਉਹ ਪੂਰਬੀ ਪੰਜਾਬ ਦੇ ਸਿੱਖਾਂ ਦੀ ਗਲ ਛੇੜ ਦਿੰਦੇ ਤੇ ਉਨ੍ਹਾਂ ਦਾ ਤੇ ਅਪਣਾ ਜ਼ਮੀਨ ਅਸਮਾਨ ਦਾ ਫਰਕ ਦੱਸਦੇ। ਉਸ ਵੇਲੇ ਉਹ ਇਹ ਕਹਿਕੇ ਪੱਲਾ ਛਡਾਉਂਦਾ 'ਭਈ ਮੈਨੂੰ ਕੀ ਆਖਦੇ ਹੋ। ਅਸੀਂ ਤੇ ਕੱਟਣ ਵਾਲਿਆਂ ਵਿਚੋਂ ਨਹੀਂ ਸਗੋਂ ਕੁੱਟਿਆਂ ਹੋਇਆਂ ਵਿਚੋਂ ਹਾਂ। ਅਸੀਂ ਤਾਂ ਆਖਰ ਤੁਹਾਡਾ ਹੀ

ਇਕ ਅੰਗ ਹਾਂ।' ਇਸੇ ਗੱਲ ਕਰਕੇ ਹੀ ਪੂਰਬੀ ਪੰਜਾਬ ਵਿਚ ਚੋਖਾ ਨੁਕਸਾਨ ਕਰਾ ਕੇ ਆਏ ਸਿਵਲ ਤੇ ਪੁਲੀਸ ਦੇ ਅਫ਼ਸਰ ਉਸ ਨੂੰ ਆਪਣਾ ਨੁਕਸਾਨ ਕਰਨ ਵਾਲਿਆਂ ਦੇ ਨਾਲ ਨਹੀਂ ਸਨ ਜੋੜਦੇ ਤੇ ਉਸ ਨਾਲ ਕਦੀ ਕੰੜ ਨਾ ਕਰਦੇ। ਦਿਲੋਂ ਉਹ ਖ਼ੁਸ਼ ਸੀ ਕਿ ਉਸ ਦਾ ਪੂਰਬੀ ਪੰਜਾਬ ਨਾਲ ਕੋਈ ਸਬੰਧ ਨਹੀਂ ਸੀ। ਇਸ ਤਰ੍ਹਾਂ ਹੋਣ ਨਾਲ ਜ਼ਰੂਰ ਉਸ ਦੇ ਕੰਮ ਵਿਚ ਵਿਘਨ ਪੈਂਦਾ।

ਪੂਰਬੀ ਪੰਜਾਬ ਨਾਲ ਸਚੀਂ ਮੁਚੀਂ ਉਸ ਦਾ ਕੋਈ ਸਬੰਧ ਨਹੀਂ ਸੀ। ਉਨ੍ਹਾਂ ਦਾ ਕੋਈ ਸਾਕ ਅੰਗ ਵੀ ਪੂਰਬੀ ਪੰਜਾਬ ਵਿਚ ਨਹੀਂ ਰਹਿੰਦਾ ਸੀ। ਇਸੇ ਬਾਰ ਦੇ ਇਲਾਕੇ ਵਿਚ ਹੀ ਅੰਗਰੇਜ਼ਾਂ ਦਾ ਰਾਜ ਹੋਣ ਤੋਂ ਪਹਿਲਾਂ ਉਸਦੀ ਵਿਰਕ ਕੌਮ ਦੂਜੀਆਂ ਬਰਾਦਰੀਆਂ ਨਾਲ ਲੜਦੀ ਰਹੀ। ਕਦੀ ਉਨ੍ਹਾਂ ਦੀਆਂ ਕੁਝ ਜੂਹਾਂ ਖੱਸ ਜਾਂਦੀਆਂ ਤੇ ਕਦੀ ਉਹ ਹਿੰਮਤ ਕਰਕੇ ਦੁਸ਼ਮਨਾਂ ਦੀਆਂ ਕਈ ਜੂਹਾਂ ਤੇ ਕਬਜ਼ਾਂ ਕਰ ਲੈਂਦੇ। ਇਸ ਤਰਾਂ ਕਰਨ ਨਾਲ ਉਨ੍ਹਾਂ ਦੇ ਡੰਗਰ ਢੋਰ ਬੜੇ ਸੌਖੇ ਹੋ ਜਾਂਦੇ। ਉਨ੍ਹਾਂ ਦੇ ਸੁੰਦੇ ਗਾਈਆਂ ਦੇ ਵਾੜਿਆਂ ਵਿਚ ਗਾਵਾਂ ਛੱਡ ਕੇ ਲੈ ਜਾਣੀਆਂ ਉਨ੍ਹਾਂ ਦੇ ਬਰਖ਼ਲਾਫ਼ ਜੰਗ ਦਾ ਐਲਾਨ ਸਮਝਿਆ ਜਾਂਦਾ ਸੀ। ਜਿਸ ਬਰਾਦਰੀ ਦੇ ਇਲਾਕੇ ਵਿਚ ਗਾਵਾਂ ਦਾ ਖੁਰਾ ਜਾ ਵੜੇ ਉਸ ਬਰਾਦਰੀ ਨਾਲ ਉਹ ਲੜਾਈ ਵਿਚ ਜੁੱਟ ਪੈਂਦੇ ਸਨ।

ਅੰਗਰੇਜ਼ਾਂ ਦੇ ਰਾਜ ਵਿੱਚ ਨਹਿਰਾਂ ਆਈਆਂ ਤੇ ਫਿਰ ਉਨ੍ਹਾਂ ਦੀਆਂ ਜੂਹਾਂ ਫ਼ਸਲ ਪੈਦਾ ਕਰਨ ਲਈ ਸਾਰੇ ਹਿੰਦੁਸਤਾਨ ਵਿਚ ਮਸ਼ਹੂਰ ਹੋ ਗਈਆਂ। ਵੱਡੀਆਂ ਵੱਡੀਆਂ ਲੜਾਈਆਂ ਬੰਦ ਹੋ ਗਈਆਂ। ਛਿੰਝਾਂ ਤੇ ਮਲਿਆਂ ਤੇ ਕੱਠੇ ਹੋ ਕੇ ਉਹ ਆਪੋ ਵਿਚ ਰੱਸੇ ਖਿੱਚਦੇ, ਕੌਡੀ ਖੇਡਦੇ, ਨੇਜ਼ੇ ਛੁੰਡਦੇ ਤੇ ਘੋਲ ਕਰਦੇ। ਮਿਰਾਸੀ ਉਨ੍ਹਾਂ ਦੀਆਂ ਪੀੜ੍ਹੀਆਂ ਗਿਣ ਕੇ ਉਨ੍ਹਾਂ ਨੂੰ ਦੂਜੀਆਂ ਪੱਤੀਆਂ ਤੇ ਬਰਾਦਰੀਆਂ ਨਾਲ ਜੋੜਦੇ ਤੇ ਨਖੇੜਦੇ। ਫਿਰ ਵੱਟਾਂ ਦਾ ਤ੍ਰੀਕਾ

ਆਇਆ ਤੇ ਵੋਟਾਂ ਪਿਆਰ ਮੁਹੱਬਤ ਤੇ ਅਸਰ ਰਸੂਖ਼ ਦੀ ਕਸਵੱਟੀ ਬਣ ਗਈਆਂ। ਕਈ ਵੇਰ ਉਹ ਵਿਰਕਾਂ ਦੇ ਸਾਰੇ ਪਿੰਡ ਕੱਠੇ ਹੋ ਕੇ ਕਿਸੇ ਇਕ ਨੂੰ ਮੈਂਬਰੀ ਲਈ ਉਂਗਲੀ ਲਾ ਦਿੰਦੇ। ਜਦੋਂ ਇਸ ਤਰ੍ਹਾਂ ਹੋ ਜਾਂਦਾ ਉਦੋਂ ਸ਼ਹਿਰਾਂ ਤੋਂ ਝੰਡੇ ਇਸ਼ਤਹਾਰ ਤੇ ਲਾਊਡ ਸਪੀਕਰ ਲੈ ਕੇ ਆਏ ਹੋਰਨਾਂ ਪਾਰਟੀਆਂ ਦੇ ਪ੍ਰਚਾਰਕਾਂ ਦੀ ਦਾਲ ਨਾ ਗਲਦੀ। ਪਰ ਇਸ ਤਰ੍ਹਾਂ ਘੱਟ ਵੱਧ ਹੀ ਹੁੰਦਾ। ਕਿਸੇ ਇਕ ਬੰਦੇ ਦੇ ਮੈਂਬਰ ਬਣਨ ਨਾਲ ਕਈਆਂ ਦੀ ਚੌਧਰ ਵਧਦੀ ਤੇ ਕਈਆਂ ਦੀ ਘਟਦੀ ਤੇ ਇਸ ਚੌਧਰ ਨੂੰ ਸੇਕ ਲੱਗਣ ਦੇ ਡਰ ਤੋਂ ਕਈ ਝਗੜੇ ਹੁੰਦੇ।

ਪੂਰਬੀ ਪੰਜਾਬੀ ਵਾਪਸ ਆ ਕੇ ਉਹ ਅਖ਼ਬਾਰਾਂ ਦਾ ਪਤ੍ਰ ਪ੍ਰੇਰਕ ਬਣ ਗਿਆ। ਸਾਰਾ ਪੂਰਬੀ ਪੰਜਾਬ ਉਸ ਦਾ ਘਰ ਸੀ।

ਉਹ ਹਰ ਥਾਂ ਫਿਰਦਾ ਤ ਜਿੱਥੇ ਵੀ ਓਹ ਜਾਂਦਾ ਉਥੇ ਹੀ ਉਸ ਦਾ ਟਕਾਣਾ ਮੌਜੂਦ ਹੁੰਦਾ। ਲੋਕੀ ਉਸ ਨੂੰ ਘਰ ਰੱਖ ਕੇ ਪ੍ਰਸੰਨ ਸਨ। ਸਰਕਾਰੀ ਅਫ਼ਸਰ ਤੇ ਸਿਆਸੀ ਲੀਡਰ ਉਸ ਨੂੰ ਮਿਲ ਕੇ ਰਾਜ਼ੀ ਹੁੰਦੇ। ਓਹ ਇਨ੍ਹ ਸਾਰਿਆਂ ਦਾ ਕੁਝ ਸਵਾਰ ਵਿਗਾੜ ਸਕਦਾ ਸੀ। ਹਰ ਮਿੰਟ ਏਸੇ ਕੰਮ ਵਿਚ ਗੁਜ਼ਾਰਣ ਕਰ ਕੇ ਉਹ ਪੂਰਬੀ ਪੰਜਾਬ ਨੂੰ ਇਸ ਦੇ ਪੁਰਾਣੇ ਵਸਨੀਕਾਂ ਤੋਂ ਵੀ ਵਧੇਰੇ ਚੰਗੀ ਤਰ੍ਹਾਂ ਜਾਣਨ ਲੱਗ ਪਿਆ ਸੀ। ਹਰ ਤਸੀਲ ਤੇ ਹਰ ਥਾਣੇ ਤੇ ਉਸ ਦੀ ਅੱਖ ਸੀ। ਕਿਸ ਥਾਂ ਕਾਂਗ੍ਰਸ ਜਾਂ ਅਕਾਲੀਆਂ ਦੇ ਕਿਹੜੇ ਧੜੇ ਦਾ ਜ਼ੋਰ ਹੈ, ਪੂਰਬੀ ਪੰਜਾਬ ਦੇ ਕਿਸ ਇਲਾਕੇ ਵਿਚ ਪੱਛਮੀ ਪੰਜਾਬ ਦੇ ਕਿਸ ਥਾਂ ਦੇ ਲੋਕ ਆਬਾਦ ਹੋਏ ਹਨ, ਕਿੱਥੇ ਵਸੋਂ ਸੰਘਣੀ ਹੈ ਤੇ ਕਿਥੇ ਪਤਲੀ ਤੇ ਕਿੱਥੇ ਵਿੱਦਿਆ ਵਧਰੇ ਹੈ ਤੇ ਕਿਥੇ ਘਟ, ਕਿਥੇ ਹੜ੍ਹਾਂ ਨਾਲ ਨੁਕਸਾਨ ਹੋਇਆ ਹੈ ਤੇ ਕਿੱਥੇ ਮੀਂਹ ਨ ਪੈਣ ਕਰ ਕੇ ਦਾਣੇ ਜਾਂ ਪੱਠੇ ਦਾ ਕਾਲ ਪੈਣ ਦਾ ਡਰ ਹੈ।

ਪੂਰਬੀ ਪੰਜਾਬ ਨੂੰ ਉਹ ਅਤਿ ਪਿਆਰ ਕਰਦਾ ਸੀ। ਉਸ

ਹੁਸ਼ਿਆਰੀ ਜਾਂ ਅਣਗਹਿਲੀ ਦਾ ਸਿੱਟਾ ਇਕ ਖੁੱਸੀ ਹੋਈ ਕੁੜੀ ਦਾ ਆਪਣੇ ਮਾਂ ਪਿਓ ਦੇ ਘਰ ਜਾਣਾ ਜਾਂ ਹਮੇਸ਼ਾਂ ਲਈ ਗਵਾਚ ਜਾਣਾ ਹੋਵੇ, ਉਹ ਆਪ ਕਿਸ ਤਰ੍ਹਾਂ ਸ਼ਰਨਾਰਥੀ ਹੋ ਸਕਦਾ ਸੀ। ਇਕ ਇਕ ਦਿਨ ਦੇ ਚੱਕਰ ਵਿਚ ਉਹ ਜ਼ਿਲੇ ਵਿਚ ਖਿੰਡੀਆਂ ਹੋਈਆਂ ਹਿੰਦੂ ਸਿੱਖ ਕੁੜੀਆਂ ਬੱਚੇ ਇਸ ਤਰ੍ਹਾਂ ਰੋਲ ਕੇ ਲਿਆਉਂਦਾ ਜਿਸ ਤਰ੍ਹਾਂ ਰੇਤ ਵਿਚੋਂ ਮੋਤੀ। ਉਹ ਜਾਣਦਾ ਸੀ ਕਿ ਇਨ੍ਹਾਂ ਵਿਚੋਂ ਇਕ ਇਕ ਜੀ ਦੇ ਸਰਹੱਦ ਟੱਪਣ ਨਾਲ ਕਈ ਕਈ ਨਿਰਾਸ ਦਿਲ ਖਿੜ ਜਾਣਗੇ। ਇਹ ਸੋਚ ਕੇ ਉਸ ਨੂੰ ਬੜੀ ਖੁਸ਼ੀ ਹੁੰਦੀ।

ਪਾਕਿਸਤਾਨ ਵਿਚ ਰਹਿੰਦਿਆਂ ਉਸ ਦਾ ਅਪਣਾ ਪਿਛਲਾ ਘਰ ਵੇਖਣ ਨੂੰ ਕਦੀ ਜੀ ਨਹੀਂ ਕੀਤਾ ਸੀ। ਅਪਣੀ ਡੰਗਰਾਂ ਵਾਲੀ ਹਵੇਲੀ ਕੋਲੋਂ ਉਹ ਕਈ ਵੇਰ ਮੋਟਰ ਵਿਚ ਬੈਠਾ ਬੈਠਾ ਲੰਘ ਗਿਆ ਤੇ ਕਦੀ ਮੋਟਰ ਖੜੀ ਕਰਕੇ ਉਸ ਦੇ ਦਵਾਲੇ ਨਹੀਂ ਸੀ ਭਵਿਆਂ। ਇਹ ਗੱਲ ਉਸ ਨੂੰ ਫ਼ਜ਼ੂਲ ਜਹੀ ਲਗਦੀ। ਇਹ ਕੋਠੇ ਉਸ ਦਾ ਘਰ ਨਹੀਂ ਸਨ।

ਸ਼ਰਨਾਰਥੀ ਹੋਣਾ ਪਾਕਿਸਤਾਨ ਵਿਚ ਉਸ ਲਈ ਕੇਵਲ ਇਕ ਬਹਾਨਾ ਜਿਹਾ ਸੀ, ਇਕ ਢਾਲ ਜਹੀ ਜਿਸਨੂੰ ਉਹ ਕਦੇ ਕਦਾਈਂ ਵਰਤਦਾ। ਜਦੋ ਕੋਈ ਮੁਸਲਮਾਨ ਚੌਧਰੀ ਜਾਂ ਪਾਕਿਸਤਾਨੀ ਪੁਲਸ ਵਾਲੇ ਕੋਈ ਖੋਹੀ ਹੋਈ ਕੁੜੀ ਵਾਪਸ ਦਵਾਉਣ ਵਿਚ ਉਸਦੀ ਮਦਦ ਕਰਦੇ ਜਾਂ ਕਿਸੇ ਸਾਂਭ ਕੇ ਰਖੇ ਹੋਏ ਹਿੰਦੂ ਸਿਖ ਟੱਬਰ ਨੂੰ ਉਸਦੇ ਹਵਾਲੇ ਕਰਦੇ ਤਦੋਂ ਉਹ ਪੂਰਬੀ ਪੰਜਾਬ ਦੇ ਸਿੱਖਾਂ ਦੀ ਗਲ ਛੇੜ ਦਿੰਦੇ ਤੇ ਉਨ੍ਹਾਂ ਦਾ ਤੇ ਅਪਣਾ ਜ਼ਮੀਨ ਅਸਮਾਨ ਦਾ ਫ਼ਰਕ ਦੱਸਦੇ। ਉਸ ਵੇਲੇ ਉਹ ਇਹ ਕਹਿਕੇ ਪੱਲਾ ਛਡਾਉਂਦਾ 'ਭਈ ਮੈਨੂੰ ਕੀ ਆਖਦੇ ਹੋ। ਅਸੀਂ ਤੇ ਕੱਟਣ ਵਾਲਿਆਂ ਵਿਚੋਂ ਨਹੀਂ ਸਗੋਂ ਕੁੱਟਿਆਂ ਹੋਇਆਂ ਵਿਚੋਂ ਹਾਂ। ਅਸੀਂ ਤਾਂ ਆਖਰ ਤੁਹਾਡਾ ਹੀ

ਇਕ ਅੰਗ ਹਾਂ।' ਇਸੇ ਗੱਲ ਕਰਕੇ ਹੀ ਪੂਰਬੀ ਪੰਜਾਬ ਵਿਚ ਚੋਖਾ ਨੁਕਸਾਨ ਕਰਾ ਕੇ ਆਏ ਸਿਵਲ ਤੇ ਪੁਲੀਸ ਦੇ ਅਫ਼ਸਰ ਉਸ ਨੂੰ ਆਪਣਾ ਨੁਕਸਾਨ ਕਰਨ ਵਾਲਿਆਂ ਦੇ ਨਾਲ ਨਹੀਂ ਸਨ ਜੋੜਦੇ ਤੇ ਉਸ ਨਾਲ ਕਦੀ ਕੌੜ ਨਾ ਕਰਦੇ। ਦਿਲੋਂ ਉਹ ਖ਼ੁਸ਼ ਸੀ ਕਿ ਉਸ ਦਾ ਪੂਰਬੀ ਪੰਜਾਬ ਨਾਲ ਕੋਈ ਸਬੰਧ ਨਹੀਂ ਸੀ। ਇਸ ਤਰ੍ਹਾਂ ਹੋਣ ਨਾਲ ਜ਼ਰੂਰ ਉਸ ਦੇ ਕੰਮ ਵਿਚ ਵਿਘਨ ਪੈਂਦਾ।

ਪੂਰਬੀ ਪੰਜਾਬ ਨਾਲ ਸਚੀਂ ਮੁਚੀਂ ਉਸ ਦਾ ਕੋਈ ਸਬੰਧ ਨਹੀਂ ਸੀ। ਉਨ੍ਹਾਂ ਦਾ ਕੋਈ ਸਾਕ ਅੰਗ ਵੀ ਪੂਰਬੀ ਪੰਜਾਬ ਵਿਚ ਨਹੀਂ ਰਹਿੰਦਾ ਸੀ। ਇਸੇ ਬਾਰ ਦੇ ਇਲਾਕੇ ਵਿਚ ਹੀ ਅੰਗਰੇਜ਼ਾਂ ਦਾ ਰਾਜ ਹੋਣ ਤੋਂ ਪਹਿਲਾਂ ਉਸਦੀ ਵਿਰਕ ਕੌਮ ਦੂਜੀਆਂ ਬਰਾਦਰੀਆਂ ਨਾਲ ਲੜਦੀ ਰਹੀ। ਕਦੀ ਉਨ੍ਹਾਂ ਦੀਆਂ ਕੁਝ ਜੂਹਾਂ ਖੱਸ ਜਾਂਦੀਆਂ ਤੇ ਕਦੀ ਉਹ ਹਿੰਮਤ ਕਰਕੇ ਦੁਸ਼ਮਨਾਂ ਦੀਆਂ ਕਈ ਜੂਹਾਂ ਤੇ ਕਬਜ਼ਾਂ ਕਰ ਲੈਂਦੇ। ਇਸ ਤਰਾਂ ਕਰਨ ਨਾਲ ਉਨ੍ਹਾਂ ਦੇ ਡੰਗਰ ਢੋਰ ਬੜੇ ਸੌਖੇ ਹੋ ਜਾਂਦੇ। ਉਨ੍ਹਾਂ ਦੇ ਸੁੰਦੇ ਗਾਈਆਂ ਦੇ ਵਾੜਿਆਂ ਵਿਚ ਗਾਵਾਂ ਛੱਡ ਕੇ ਲੈ ਜਾਣੀਆਂ ਉਨ੍ਹਾਂ ਦੇ ਬਰਖ਼ਿਲਾਫ਼ ਜੰਗ ਦਾ ਐਲਾਨ ਸਮਝਿਆ ਜਾਂਦਾ ਸੀ। ਜਿਸ ਬਰਾਦਰੀ ਦੇ ਇਲਾਕੇ ਵਿਚ ਗਾਵਾਂ ਦਾ ਖੁਰਾ ਜਾ ਵੜੇ ਉਸ ਬਰਾਦਰੀ ਨਾਲ ਉਹ ਲੜਾਈ ਵਿਚ ਜੁੱਟ ਪੈਂਦੇ ਸਨ।

ਅੰਗਰੇਜ਼ਾਂ ਦੇ ਰਾਜ ਵਿੱਚ ਨਹਿਰਾਂ ਆਈਆਂ ਤੇ ਫਿਰ ਉਨ੍ਹਾਂ ਦੀਆਂ ਜੂਹਾਂ ਫ਼ਸਲ ਪੈਦਾ ਕਰਨ ਲਈ ਸਾਰੇ ਹਿੰਦੁਸਤਾਨ ਵਿਚ ਮਸ਼ਹੂਰ ਹੋ ਗਈਆਂ। ਵੱਡੀਆਂ ਵੱਡੀਆਂ ਲੜਾਈਆਂ ਬੰਦ ਹੋ ਗਈਆਂ। ਛਿੰਝਾਂ ਤੇ ਮਲਿਆਂ ਤੇ ਕੱਠੇ ਹੋ ਕੇ ਉਹ ਆਪੇ ਵਿਚ ਰੱਸੇ ਖਿੱਚਦੇ, ਕੌਡੀ ਖੇਡਦੇ, ਨੇਜ਼ੇ ਫੁੰਡਦੇ ਤੇ ਘੋਲ ਕਰਦੇ। ਮਿਰਾਸੀ ਉਨ੍ਹਾਂ ਦੀਆਂ ਪੀੜ੍ਹੀਆਂ ਗਿਣ ਕੇ ਉਨ੍ਹਾਂ ਨੂੰ ਦੂਜੀਆਂ ਪੱਤੀਆਂ ਤੇ ਬਰਾਦਰੀਆਂ ਨਾਲ ਜੋੜਦੇ ਤੇ ਨਖੇੜਦੇ। ਫਿਰ ਵੱਟਾਂ ਦਾ ਟ੍ਰੀਕਾ

ਆਇਆ ਤੇ ਵੋਟਾਂ ਪਿਆਰ ਮੁਹੱਬਤ ਤੇ ਅਸਰ ਰਸੂਖ਼ ਦੀ ਕਸਵੱਟੀ ਬਣ ਗਈਆਂ। ਕਈ ਵੇਰ ਉਹ ਵਿਰਕਾਂ ਦੇ ਸਾਰੇ ਪਿੰਡ ਕੱਠੇ ਹੋ ਕੇ ਕਿਸੇ ਇਕ ਨੂੰ ਮੈਂਬਰੀ ਲਈ ਉਂਗਲੀ ਲਾ ਦਿੰਦੇ। ਜਦੋਂ ਇਸ ਤਰ੍ਹਾਂ ਹੋ ਜਾਂਦਾ ਉਦੋਂ ਸ਼ਹਿਰਾਂ ਤੋਂ ਝੰਡੇ ਇਸ਼ਤਹਾਰ ਤੇ ਲਾਊਡ ਸਪੀਕਰ ਲੈ ਕੇ ਆਏ ਹੋਰਨਾਂ ਪਾਰਟੀਆਂ ਦੇ ਪ੍ਰਚਾਰਕਾਂ ਦੀ ਦਾਲ ਨਾ ਗਲਦੀ। ਪਰ ਇਸ ਤਰ੍ਹਾਂ ਘੱਟ ਵੱਧ ਹੀ ਹੁੰਦਾ। ਕਿਸੇ ਇਕ ਬੰਦੇ ਦੇ ਮੈਂਬਰ ਬਣਨ ਨਾਲ ਕਈਆਂ ਦੀ ਚੌਧਰ ਵਧਦੀ ਤੇ ਕਈਆਂ ਦੀ ਘਟਦੀ ਤੇ ਇਸ ਚੌਧਰ ਨੂੰ ਸੇਕ ਲੱਗਣ ਦੇ ਡਰ ਤੋਂ ਕਈ ਝਗੜੇ ਹੁੰਦੇ।

ਪੂਰਬੀ ਪੰਜਾਬੀ ਵਾਪਸ ਆ ਕੇ ਉਹ ਅਖ਼ਬਾਰਾਂ ਦਾ ਪਤ੍ਰ ਪ੍ਰੇਰਕ ਬਣ ਗਿਆ। ਸਾਰਾ ਪੂਰਬੀ ਪੰਜਾਬ ਉਸ ਦਾ ਘਰ ਸੀ।

ਉਹ ਹਰ ਥਾਂ ਫਿਰਦਾ ਤ ਜਿੱਥੇ ਵੀ ਓਹ ਜਾਂਦਾ ਉਥੇ ਹੀ ਉਸ ਦਾ ਟਕਾਣਾ ਮੌਜੂਦ ਹੁੰਦਾ। ਲੋਕੀ ਉਸ ਨੂੰ ਘਰ ਰੱਖ ਕੇ ਪ੍ਰਸੰਨ ਸਨ। ਸਰਕਾਰੀ ਅਫ਼ਸਰ ਤੇ ਸਿਆਸੀ ਲੀਡਰ ਉਸ ਨੂੰ ਮਿਲ ਕੇ ਰਾਜ਼ੀ ਹੁੰਦੇ। ਓਹ ਇਨ੍ਹਾਂ ਸਾਰਿਆਂ ਦਾ ਕੁਝ ਸਵਾਰ ਵਿਗਾੜ ਸਕਦਾ ਸੀ। ਹਰ ਮਿੰਟ ਏਸੇ ਕੰਮ ਵਿਚ ਗੁਜ਼ਾਰਣ ਕਰ ਕੇ ਉਹ ਪੂਰਬੀ ਪੰਜਾਬ ਨੂੰ ਇਸ ਦੇ ਪੁਰਾਣੇ ਵਸਨੀਕਾਂ ਤੋਂ ਵੀ ਵਧੇਰੇ ਚੰਗੀ ਤਰ੍ਹਾਂ ਜਾਣਨ ਲੱਗ ਪਿਆ ਸੀ। ਹਰ ਤਸੀਲ ਤੇ ਹਰ ਥਾਣੇ ਤੇ ਉਸ ਦੀ ਅੱਖ ਸੀ। ਕਿਸ ਥਾਂ ਕਾਂਗ੍ਰਸ ਜਾਂ ਅਕਾਲੀਆਂ ਦੇ ਕਿਹੜੇ ਧੜੇ ਦਾ ਜ਼ੋਰ ਹੈ, ਪੂਰਬੀ ਪੰਜਾਬ ਦੇ ਕਿਸ ਇਲਾਕੇ ਵਿਚ ਪੱਛਮੀ ਪੰਜਾਬ ਦੇ ਕਿਸ ਥਾਂ ਦੇ ਲੋਕ ਆਬਾਦ ਹੋਏ ਹਨ, ਕਿੱਥੇ ਵਸੋਂ ਸੰਘਣੀ ਹੈ ਤੇ ਕਿਥੇ ਪਤਲੀ ਤੇ ਕਿੱਥੇ ਵਿੱਦਿਆ ਵਧੇਰੇ ਹੈ ਤੇ ਕਿਥੇ ਘਟ, ਕਿਥੇ ਹੜ੍ਹਾਂ ਨਾਲ ਨੁਕਸਾਨ ਹੋਇਆ ਹੈ ਤੇ ਕਿੱਥੇ ਮੀਂਹ ਨ ਪੈਣ ਕਰ ਕੇ ਦਾਣੇ ਜਾਂ ਪੱਠੇ ਦਾ ਕਾਲ ਪੈਣ ਦਾ ਡਰ ਹੈ।

ਪੂਰਬੀ ਪੰਜਾਬ ਨੂੰ ਉਹ ਅਤਿ ਪਿਆਰ ਕਰਦਾ ਸੀ। ਉਸ

ਦੀ ਅੱਖ ਹਰ ਵੇਲੇ ਇਸ ਦੇ ਹਰ ਕੋਨੇ ਨੂੰ ਵੇਖਦੀ, ਉਸ ਦੇ ਦਿਮਾਗ ਵਿਚ ਇਸ ਦੀ ਹਰ ਤਸੀਲ ਤੇ ਹਰ ਜ਼ੈਲ ਬਾਰੇ ਵਾਕਫੀਅਤ ਮੌਜੂਦ ਸੀ, ਤੇ ਉਸਦਾ ਦਿਲ ਇਸਦੇ ਹਰ ਹਿੱਸੇ ਵਿਚ ਵਾਪਰੀ ਘਟਨਾ ਨਾਲ ਧੜਕਦਾ ਸੀ। ਉਹ ਸ਼ਿਮਲੇ ਦਿਆਂ ਬਾਜ਼ਾਰਾਂ ਵਿਚ ਬਾਹਰੋਂ ਆਏ ਬੰਦਿਆਂ ਨੂੰ ਖੜਾ ਕਰ ਲੈਂਦਾ ਤੇ ਉਨ੍ਹਾਂ ਦੇ ਇਲਾਕਿਆਂ ਦਾ ਹਾਲ ਚਾਲ ਇਸ ਤਰ੍ਹਾਂ ਪੁਛਦਾ ਜਿਵੇਂ ਆਪਣੇ ਇਲਾਕੇ ਵਿਚੋਂ ਆਏ ਕਿਸੇ ਬੰਦੇ ਨੂੰ ਪੁਛੀਦਾ ਹੈ. ਉਥੇ ਲੋਕ ਦੁਖੀ ਸਨ ਜਾਂ ਸੁਖੀ, ਹਿੰਦੂ ਸਿੱਖ ਤਅੱਲਕਾਤ ਕਿਹੋ ਜਹੇ ਸਨ, ਲੋਕ ਗੌਰਮਿੰਟ ਦੇ ਹੱਕ ਵਿਚ ਸਨ ਜਾ ਬਰਖ਼ਲਾਫ਼, ਉਥੇ ਕਣਕ ਤੇਲ ਆਦਿ ਮਿਲਦਾ ਸੀ ਜਾਂ ਨਹੀਂ। ਪੂਰਬੀ ਪੰਜਾਬ ਵਿਚ ਉਹ ਆਪਣੇ ਆਪ ਨੂੰ ਕਦੀ ਸ਼ਰਨਾਰਥੀ ਦੱਸ ਕੇ ਰਾਜ਼ੀ ਨ ਹੁੰਦਾ। ਜੇ ਕੋਈ ਉਸ ਦਾ ਪਿੰਡ ਪੀੜ੍ਹ ਪੁਛਦਾ ਤਾਂ ਉਹ ਸਹਿਜ ਸੁਭਾ ਹੁਣ ਵਾਲਾ ਪਿੰਡ ਦੱਸ ਦਿਦਾ।

ਸ਼ਿਮਲੇ ਦੇ ਇਕ ਹੋਟਲ ਵਿਚ ਬੈਠਾ ਉਹ ਚਿੱਠੀ ਲਿਖ ਰਿਹਾ ਸੀ ਤੇ ਨਾਲ ਨਾਲ ਕੁਝ ਮਿਤ੍ਰਾਂ ਨਾਲ ਬੈਠਾ ਗੱਲ ਬਾਤ ਕਰ ਰਿਹਾ ਸੀ। ਜਾਤਾਂ ਤੇ ਨਸਲਾਂ ਦੀ ਗਲ ਟੁਰ ਪਈ।

"ਮੇਰਾ ਵਿਸ਼ਵਾਸ ਹੈ ਕਿ ਪੰਜਾਬ ਵਿਚ ਵਿਰਕ ਸਭ ਤੋਂ ਦਲੇਰ ਤੇ ਤਾਕਤਵਰ ਕੌਮ ਹਨ।" ਉਸ ਨੇ ਰਾਇ, ਦਿਤੀ, "ਪਾਕਿਸਤਾਨ ਵਿਚ ਇਨ੍ਹਾਂ ਦੇ ਇਲਾਕੇ ਵਿਚ ਪਾਕਿਸਤਾਨ ਬਣਨ ਤੋਂ ਪਿਛੋਂ ਪੰਦਰਾਂ ਦਿਨ ਕਦੀ ਕੋਈ ਮੁਸਲਮਾਨ ਡਰਦਾ ਘਰੋਂ ਬਾਹਰ ਨ ਨਿਕਲਿਆ। ਸ਼ਰਨਾਰਥੀ ਕੈਂਪ ਵਿਚ ਆਉਣ ਪਿਛੋਂ ਵੀ ਇਹ ਘੋੜਿਆਂ ਤੇ ਚੜ੍ਹਕੇ ਬਾਹਰ ਜਾਂਦੇ ਰਹੇ ਤੇ ਮੁਸਲਮਾਨ ਪਿੰਡਾਂ ਤੇ ਹੱਲੇ ਕਰਕੇ ਫਸੇ ਹੋਏ ਹਿੰਦੂ ਸਿਖ ਕਢਕੇ ਲਿਆਉਂਦੇ ਰਹੇ। ਕਦੀ ਕਿਸੇ ਨੂੰ ਇਨ੍ਹਾਂ ਦੇ ਕੈਂਪ ਤੇ ਹੱਲਾ ਕਰਨ ਦਾ ਹੀਆ ਨਹੀਂ ਸੀ ਪਿਆ। ਇਨ੍ਹਾਂ ਦੇ ਪੈਦਲ ਕਾਫਲੇ ਕਈ ਕਈ ਪੜਾਅ ਬਿਨਾਂ ਫ਼ੌਜੀ ਹਿਫ਼ਾਜ਼ਤ ਦੇ ਹੀ ਆਏ। ਪਹਿਲਾਂ ਵੀ

ਜਿੱਨੇ ਕਤਲ ਇਹਨਾਂ ਦੇ ਇਲਾਕਿਆਂ ਵਿਚ ਹੁੰਦੇ ਸਨ ਹੋਰ ਕਿਧਰੇ ਨਹੀਂ ਸਨ ਹੁੰਦੇ।"

"ਇਹ ਗੱਲ ਠੀਕ ਨਹੀਂ ਹੈ" ਉਸ ਦੇ ਫ਼ੀਰੋਜ਼ਪੁਰੀ ਦੋਸਤ ਨੇ ਕਿਹਾ।

"ਪਰ ਫ਼ੀਰੋਜ਼ਪੁਰ ਦਾ ਜੱਟ ਤਾਕਤ ਤੇ ਦਲੇਰੀ ਵਿਚ ਸਭ ਨੂੰ ਪਿਛੇ ਛਡ ਜਾਂਦਾ ਹੈ। ਜਿੰਨੇ ਕਤਲ ਮੁਕਤਸਰ ਵਿਚ ਹੁੰਦੇ ਹਨ ਸਾਰੇ ਪੰਜਾਬ ਵਿਚ ਹੋਰ ਕਿਧਰੇ ਨਹੀ ਹੁੰਦੇ।"

"ਵਿਰਕਾਂ ਦਾ ਅੰਦਾਜ਼ਾ ਤੁਸੀਂ ਮੇਰੇ ਤੋਂ ਨ ਲਾਓ। ਵਿਰਕਾਂ ਦੀ ਵੀਣੀ ਤੇ ਤਾਂ ਸਾਰੇ ਅੰਮ੍ਰਿਤਸਰ ਵਿਚੋਂ ਕਦੀ ਕੋਈ ਕੜਾ ਹੀ ਪੂਰਾ ਨਹੀਂ ਆਇਆ, ਵਿਰਕਾਂ ਨੂੰ ਤੇ ਮਹਾਰਾਜਾ ਰਣਜੀਤ ਸਿੰਘ ਵੀ ਆਪਣਾ ਰਾਜ ਨਹੀਂ ਸੀ ਮੰਨਵਾ ਸਕਿਆ।"

"ਇਸ ਤਰ੍ਹਾਂ ਜਾਪਦਾ ਹੈ ਜਿਵੇਂ ਤੁਸਾਂ ਮੁਕਤਸਰ ਦਾ ਇਲਾਕਾ ਫਿਰ ਕੇ ਨਹੀਂ ਵੇਖਿਆ। ਕਦੀ ਆਓ ਤਾਂ ਤੁਹਾਨੂੰ ਪਿੰਡਾਂ ਵਿਚ ਲਿਜਾ ਕੇ ਵਖਾਈਏ, ਤੁਹਾਨੂੰ ਇਸ ਤਰ੍ਹਾਂ ਜਾਪੇਗਾ ਜਿਸ ਤਰ੍ਹਾਂ ਕੋਈ ਵਖਰੀ ਦੁਨੀਆਂ ਵੱਸ ਰਹੀ ਹੁੰਦੀ ਹੈ।"

"ਇਹ ਵਖਰੀ ਦੁਨੀਆਂ ਤੁਹਾਨੂੰ ਤਾਂ ਹੀ ਜਾਪਦੀ ਹੈ ਕਿ ਤੁਸਾਂ ਵਿਰਕਾਂ ਦੇ ਇਲਾਕੇ ਵਿਚ ਜਾ ਕੇ ਨਹੀਂ ਵੇਖਿਆ। ਗਵਰਨਰ ਓਡਵਾਇਰ ਨੇ ਗੁਜਰਾਂਵਾਲੇ ਦੇ ਡਿਸਟ੍ਰਿਕਟ ਗਜ਼ਟੀਅਰ ਵਿਚ ਲਿਖਿਆ ਹੈ ਕਿ ਵਿਰਕ ਪੰਜਾਬ ਦੀ ਸਭ ਤੋਂ ਤਾਕਤਵਰ ਕੌਮ ਹਨ। ਗੌਰਮਿੰਟ ਦੀਆਂ ਅਰੋਗਤਾ ਰੀਪੋਰਟਾਂ ਵਿਚੋਂ ਵਿਰਕਾਂ ਦੇ ਕੱਦ ਕਾਠ ਤੇ ਅਰੋਗਤਾ ਬਾਰੇ ਆਮ ਗਵਾਹੀ ਮਿਲਦੀ ਹੈ। ਇਕ ਵਾਰੀ ਇਕ ਪੁਲਸ-ਮੁਕਾਬਲੇ ਵਿਚ ਇਕ ਵਿਰਕ ਮੁੰਡੇ ਦੇ ਫੇਫੜੇ ਵਿਚੋਂ ਪਸਤੌਲ ਦੀ ਗੋਲੀ ਲੰਘ ਗਈ ਪਰ ਉਹ ਮੋਇਆ ਨਾ। ਜਦੋਂ ਉਸ ਨੂੰ ਡਾਕਟਰੀ ਇਮਤਿਹਾਨ ਲਈ ਲਾਹੌਰ ਲਿਆਂਦਾ ਗਿਆ ਤਾਂ ਲਾਹੌਰ ਦੇ ਸਾਰੇ ਸਰਜਨ ਹੈਰਾਨ ਹੋ

ਹੋ ਕੇ ਕਹਿੰਦੇ ਸਨ ਕਿ ਇਹ ਗਲ ਸਾਡੀ ਸਮਝ ਤੋਂ ਬਾਹਰ ਹੈ ਕਿ ਕਿਸੇ ਦੇ ਫੇਫੜੇ ਵਿਚੋਂ ਗੋਲੀ ਲੰਘ ਜਾਏ ਤੇ ਉਹ ਜੀਉਂਦਾ ਰਹੇ।"

ਬਹਿਸ ਨੂੰ ਆਪਣੇ ਹੱਕ ਵਿਚ ਖ਼ਤਮ ਹੋਈ ਸਮਝ ਉਸ ਆਪਣੇ ਹੱਥ ਵਾਲੀ ਚਿੱਠੀ ਵਲ ਧਿਆਨ ਦਿੱਤਾ। ਇਹ ਚਿਠੀ ਉਹ ਆਪਣੇ ਭਰਾ ਨੂੰ ਲਿਖ ਰਿਹਾ ਸੀ। ਚਿੱਠੀ ਖ਼ਤਮ ਕਰਕੇ ਉਸ ਨੇ ਇਸ ਤੇ ਸ਼ਰਨਾਰਥੀਆਂ ਵਾਲਾ ਲੰਮਾ ਸਾਰਾ ਪਤਾ ਲਿਖਿਆ।

ਕਰਤਾਰ ਸਿੰਘ ਵਿਰਕ (ਸ਼ੇਖੂਪੁਰੇ ਵਾਲਾ)
ਗਲੀ ਖਜੂਰ ਵਾਲੀ, ਚੌਂਕ ਭਾਈਆਂ
ਵਾਰਡ ਨੰ: ੫,ਮੁਕਤਸਰ

ਪਤਾ ਲਿਖ ਕੇ ਉਸ ਨੇ ਚਿਠੀ ਮੇਜ਼ ਤੇ ਰਖ ਦਿਤੀ।

ਅੱਖ ਦੀ ਫ਼ੋਰ ਵਿਚ ਉਸਨੂੰ ਇਸ ਤਰ੍ਹਾਂ ਜਾਪਿਆ ਜਿਵੇਂ ਉਹ ਸਾਰੀ ਬਹਿਸ ਹਾਰ ਗਿਆ ਹੁੰਦਾ ਹੈ। ਵਿਰਕਾਂ ਦੇ ਇਲਾਕੇ ਦੀ ਸਿਫ਼ਤ ਕਰਣ ਵਾਲੇ ਨੇ 'ਮੁਕਤਸਰ' ਚਿਠੀ ਤੇ ਮੋਟਾ ਮੋਟਾ ਕਰਕੇ ਲਿਖਿਆ ਹੋਇਆ ਸੀ। ਸ਼ਾਇਦ ਉਸ ਦੇ ਦੋਸਤਾਂ ਨੇ ਵੇਖ ਲਿਆ ਹੋਵੇ ਕਿ ਉਸਦਾ ਭਰਾ ਮੁਕਤਸਰ ਰਹਿੰਦਾ ਸੀ। ਚੋਰੀ ਅਖੀਂ ਉਸ ਆਪਣੇ ਦੋਸਤਾਂ ਵਲ ਦੇਖਿਆ ਤੇ ਕਿਸੇ ਦੀ ਅੱਖ ਵੀ ਚਿਠੀ ਤੇ ਨਹੀਂ ਸੀ। ਸਹਿਜੇ ਜਹੇ ਉਸ ਚਿਠੀ ਚੁਕ ਕੇ ਜੇਬ ਵਿਚ ਪਾ ਲਈ।

ਉਸ ਨੂੰ ਇਸ ਤਰ੍ਹਾਂ ਪ੍ਰਤੀਤ ਹੋਇਆ ਜਿਵੇ ਇਸ ਬਹਿਸ ਵਿਚ ਉਹ ਐਵੇਂ ਹੀ ਸਿਰ ਭਾਰੀ ਗਿਆ ਸੀ। ਕਿਸੇ ਇਲਾਕ ਤ ਮਾਣ ਕਰਨ ਦਾ ਉਸਨੂੰ ਕੋਈ ਹਕ ਨਹੀਂ ਸੀ ਕਿਉਂਕਿ ਉਸ ਦੀਆਂ ਅਪਣੀਆਂ ਕਿਧਰੇ ਜੜ੍ਹਾਂ ਹੀ ਨਹੀਂ ਸਨ। ਉਸ ਦੇ ਇਲਾਕੇ ਵਾਲਿਆਂ ਕੋਲ ਜ਼ਮੀਨਾਂ ਮਕਾਨ ਭਾਵੇਂ ਢੇਰ ਸਨ ਪਰ ਉਨ੍ਹਾਂ ਦਾ ਘਰ ਕੋਈ ਨਹੀਂ ਸੀ। ਤੇ ਉਹ ਆਪ ਇਜ਼ਤ ਮਾਨ, ਦੌਲਤ, ਹੁਨਰ, ਤਾਕਤ ਰਖਦਿਆਂ ਹੋਇਆਂ ਵੀ ਇਕ ਸ਼ਰਨਾਰਥੀ ਸੀ।

# ਚਾਚਾ

ਚਾਚੇ ਦੀ ਉਮਰ ਤਾਂ ਭਾਵੇਂ ਸਾਡੇ ਬਾਪੂ ਕੋਲੋਂ ਵਡੀ ਸੀ ਪਰ ਅਸੀਂ ਉਸਨੂੰ ਚਾਚਾ ਹੀ ਆਖਦੇ ਸਾਂ। ਕਾਰਨ ਖੌਰੇ ਇਹ ਸੀ ਕਿ ਉਹ ਅਜੇ ਤੀਕਰ ਕਵਾਰਾ ਹੀ ਸੀ। ਮੈਂ ਉਸ ਨੂੰ ਬਥੇਰਾ ਸਮਝਾਉਂਦਾ ਕਿ ਪੰਜਾਬ ਵਿਚ ਸਵਾਣੀਆਂ ਬੰਦਿਆਂ ਨਾਲੋਂ ਥੋੜੀਆਂ ਹਨ ਇਸ ਲਈ ਸਾਰਿਆਂ ਦਾ ਵਿਆਹ ਨਹੀਂ ਹੋ ਸਕਦਾ, ਪਰ ਉਸ ਤੇ ਇਸ ਦਲੀਲ ਦਾ ਜ਼ਰਾ ਅਸਰ ਨਾ ਹੁੰਦਾ। ਪਿੰਡ ਦੇ ਸਾਰੇ ਬੰਦੇ ਵਿਆਹੇ ਹੋਏ ਸਨ ਤੇ ਹਰ ਇਕ ਦੇ ਘਰ ਕਈ ਕਈ ਧੀਆਂ ਤੇ ਨੂਹਾਂ ਸਨ ਫਿਰ ਕਾਲ ਕਾਹਦਾ ਹੋਇਆ। ਚਾਚੇ ਦੀ ਭੂਆ ਨੇ ਵੀ ਫ਼ੀਰੋਜ਼ਪੁਰ ਦੇ ਜ਼ਿਲੇ ਵਿਚੋਂ ਸਾਕ ਤੇ ਇਕ ਬੁਰਿਆਰ ਕੁੜੀ ਦਾ ਲਿਆਂਦਾ ਸੀ ਪਰ ਮਗਰੋਂ ਚਾਚਾ ਪਿੰਡ ਦੇ ਇਕ ਮੁੰਡੇ ਜੈਂਬੂ ਨੂੰ ਜੁਤੀਆਂ ਮਾਰ ਬੈਠਾ ਤੇ ਓਸ ਨੇ ਗਲ ਜਾ ਖੋਲ੍ਹੀ ਕਿ ਚਾਚਾ ਤੇ ਖੱਬੀ ਅੱਖੋਂ ਪੰਘਰਾ ਕੇ ਵਾਂਹਦਾ ਹੈ। ਗਲ ਸੱਚੀ ਸੀ, ਸੋ ਕੁੜੀ ਵਾਲ ਸਾਕੋਂ ਮੁਕਰ ਗਏ। "ਕੰਮ ਤੇ ਚੌੜ ਕੀਤਾ ਸੌਹਰੇ ਜੈਂਬੂ ਨੇ ਹੋਰ ਸਵਾਨੀਆਂ ਘਟ ਵਧ ਕੀ ਹੋਣੀਆਂ ਨੇ" ਚਾਚਾ ਆਖਦਾ ਹੁੰਦਾ ਸੀ।

ਜੈਂਬੂ ਨੂੰ ਜੁੱਤੀਆਂ ਮਾਰਨ ਦਾ ਓਹਨੂੰ ਜ਼ਰਾ ਭਰਮ ਨਹੀਂ ਸੀ। ਜੈਂਬੂ ਨੇ ਆਪਣੇ ਸਜਰੇ ਵਢ ਵਿਚੋਂ ਚਾਚੇ ਦੀਆਂ ਮਝੀਆਂ ਨੂੰ ਸੋਟੇ ਮਾਰਕੇ ਬਾਹਰ ਕਢ ਦਿਤਾ ਸੀ ਤੇ ਜੇ ਚਾਚਾ ਜੈਂਬੂ ਨੂੰ ਨਾ ਮਾਰਦਾ ਤਾਂ

ਮੱਝੀਂ ਭੁਖੀਆਂ ਰਹਿੰਦੀਆਂ। ਦੁਨੀਆਂ ਵਿਚ ਮੱਝੀਂ ਤੋਂ ਪਿਆਰੀ ਉਸ ਨੂੰ ਕੇਵਲ ਆਪਣੀ ਮਾਂ ਹੀ ਸੀ ਜੋ ੬੦ ਵਰ੍ਹਿਆਂ ਦੀ ਉਮਰ ਵਿਚ ਵੀ ਲੰਗਰ ਪਾਣੀ ਦਾ ਕੰਮ ਟੋਰੀ ਆਉਂਦੀ ਸੀ। ਉਹ ਧੰਮੀ ਵੇਲੇ ਉਠਦਾ ਤੇ ਲਿਆਰੀਆਂ ਨੂੰ ਹਵੇਲੀ ਵਿਚੋਂ ਬਾਹਰ ਕੱਢ ਕੇ ਪੱਠੇ ਪਾਂਦਾ ਤੇ ਫਿਰ ਸੂਰਜ ਦੀ ਟਿੱਕੀ ਨਾਲ ਚੋ ਕੇ ਪਿੱਤਲ ਦਾ ਲਿਸ਼ਕਣਾ ਦੋਹਨਾਂ ਦੁਧ ਦਾ ਭਰਕੇ ਬਿਨਾਂ ਹੱਥ ਪਾਇਆਂ ਸਿਰ ਤੇ ਧਰੀ ਧਰੀ ਮਰੱਬਿਓਂ ਘਰ ਲੈ ਆਉਂਦਾ। ਮਾਂ ਦੇ ਹੱਥਾਂ ਦੇ ਪੱਕੇ ਦੋ ਪਰੌਂਠੇ ਖਾ ਕੇ ਤੇ ਦੋ ਤਿੰਨ ਪੱਲੇ ਬੰਨ੍ਹ ਉਹ ਫਿਰ ਮੱਰਬੇ ਜਾ ਕੇ ਮੱਝੀਂ ਛੇੜ ਲਿਜਾਂਦਾ ਤੇ ਦਿਨ ਡੁਬੇ ਮੋੜ ਲਿਆਉਂਦਾ। ਬਹੁਤੇ ਛੇੜੂ ਮੁੰਡੇ ਮੱਝੀ ਨੂੰ ਉਸਦੀਆਂ ਵਹੁਟੀਆਂ ਤੇ ਕੱਟੀਆਂ ਕੱਟਿਆਂ ਨੂੰ ਉਸਦਾ ਬਾਲ ਬਚਾ ਆਖਦੇ ਸਨ। "ਬਾਲ ਸਿਹਾਂ ਤੇਰੀ ਇਕ ਵਹੁਟੀ ਤੇ ਮੇਰੇ ਡੰਗਰਾਂ ਦੀ ਕਿਤੇ ਲਤ ਨਹੀਂ ਲਗਣ ਦੇਂਦੀ।" ਇਕ ਛੇੜੂ ਨੇ ਜਿਸ ਦੀਆਂ ਮੱਝੀਂ ਨੂੰ ਬਾਲ ਸਿੰਘ ਦੀ ਮੱਝ ਮਾਰ ਰਹੀ ਸੀ ਹਸਦੇ ਹੋਏ ਆਖਿਆ। "ਤਾਂ ਕੀ ਹੋਇਆ, ਤੇਰੀ ਮਾਂ ਜੇ ਆਂਢਨਾਂ ਗਵਾਂਢਨਾਂ ਨਾਲ ਲੜਦੀ ਫਿਰੇ ਤਾ ਤੇਰੇ ਪਿਓ ਨੇ ਓਹਨੂੰ ਘਰੋਂ ਥੋੜਾ ਕੱਢ ਛਡਨਾਂ ਏਂ ' ਬਾਲ ਸਿੰਘ ਨੇ ਜਵਾਬ ਦਿਤਾ।

ਚਾਚੇ ਨੂੰ ਮੁੰਡਿਆਂ ਦੀਆਂ ਮਾਵਾਂ ਦਾ ਸੱਚੀਂ ਮੁਚੀਂ ਕੁਝ ਵਧੇਰੇ ਹੀ ਖ਼ਿਆਲ ਰਹਿੰਦਾ ਸੀ। "ਤੁਹਾਡੇ ਘਰ ਰਾਤ ਨੂੰ ਚੂਹਾ ਚੂਹਾ ਲੜਦਾ ਏ?" ਚਾਚੇ ਮੈਨੂੰ ਨਿਕੇ ਹੁੰਦੇ ਨੂੰ ਇਕ ਵਾਰੀ ਪੁਛਿਆ ਤੇ ਬਗੈਰ ਉਸ ਦੀ ਗੱਲ ਸਮਝਣ ਦੇ ਮੈਂ ਆਖ ਦਿਤਾ "ਹਾਂ ਬਹੁਤ ਲੜਦਾ ਏ।" ਪਰ ਉਸ ਮੈਨੂੰ ਕੁਛੜ ਚੁਕ ਲਿਆ ਤੇ ਹਵੇਲੀ ਦੇ ਅੰਦਰ ਜਿਥੇ ਕੌੜੇ ਪਾਣੀ ਦੀ ਭੱਠੀ ਚੜ੍ਹੀ ਹੋਈ ਸੀ ਲੈ ਗਿਆ ਤੇ ਓਥੇ ਇਕ ਨਾਲ ਜਿਸ ਦਾ ਇਕ ਸਿਰਾ ਇਕ ਵਡੀ ਦੇਗ ਤੇ ਦੂਜਾ ਇਕ ਗੜਵੇ ਵਿਚ ਬੰਦ ਸੀ, ਵਲ ਇਸ਼ਾਰਾ ਕਰਕੇ ਬੋਲਿਆ : 'ਲੈ ਕੰਨੂੰ ਐਸ ਨਾਲ ਤੇ ਬਸ

ਚੋਆ ਚੋਆ ਪਾਣੀ ਘੱਤੀ ਆ" ਤੇ ਫਿਰ ਉਹ ਗੱਲ ਸੁਨਾਣ ਲਗ ਜਾਂਦਾ "ਮੈਂ ਤੇ ਤੇਰੀ ਚਾਚੀ ਇਕ ਵੇਰੀ ਚਲੇ ਮਸਿਆ, ਅੰਬਰਸਰ ਦੀ। ਟੇਸ਼ਨ ਦੀ ਅਜੇ ਅੱਧ ਕੁ ਵਾਟ ਵੀ ਨਹੀਂ ਸਾਂ ਗਏ ਤੇ ਪੋਲਾ ਜਿਹਾ ਮੂੰਹ ਬਣਾ ਕੇ ਆਖਣ ਲਗੀ 'ਲੈ ਆ ਜ਼ਰਾ ਮੁੰਡਾ ਤੇ ਫੜ, ਮੇਰੀ ਤੇ ਬਾਂਹ ਵੀ ਆਕੜ ਗਈ ਏ।' ਮੈਂ ਆਖਿਆ 'ਚੁਕੀ ਆ ਸੂ ਖਾਂ ਅਗੂੰ ਮੈਂ ਤੇ ਨਹੀਂ ਸੀ ਨਾ ਜੰਮਿਆ ਇਹਨੂੰ।' ਇਹ ਗਲ ਕਰਕੇ ਚਾਚਾ ਆਪੇ ਹੀ ਹਸ ਪਿਆ ਤੇ ਮੈਂ ਵੀ ਉਸ ਦੇ ਨਾਲ ਹੀ ਹਸਣ ਲਗ ਪਿਆ। "ਵਿਚੋਂ ਤੇ ਇਹ ਸਾ ਸੂ ਪਈ ਜੇ ਮੁੰਡੇ ਨੇ ਮੂਤਰਿਆ ਤਾਂ ਸਾਰੇ ਕਪੜੇ ਗਵੀਚ ਜਾਣਗੇ ਹੋਰ ਬਾਂਹ ਤੇ ਕੀ ਥਕਨੀ ਸਾਂ ਸੂ।" ਚਾਚੇ ਨੇ ਗਲ ਜੋੜਦਿਆਂ ਹੋਇਆਂ ਆਖਿਆ : "ਟਸ਼ਨ ਤੇ ਅਪੜੇ ਤੇ ਮੈਂ ਆਖਿਆ ਪਈ ਤੂੰ ਵੀ ਮਰਦਾਵੀਂ ਗਡੀ ਵਿਚ ਈ ਬਹਿ ਜਾ, ਦੋਵੇਂ ਰਲ ਕੇ ਗਲਾਂ ਬਾਤਾਂ ਕਰਦੇ ਚਲਾਂਗੇ। ਨਹੀਂ ਅਖੇ ਮੈਂ ਜਨਾਨੀ ਗਡੀ ਵਿਚ ਹੀ ਬਹਿਣਾ ਏਂ, ਮੈਨੂੰ ਬੰਦਿਆਂ ਕੋਲੋਂ ਸੋਢਾ ਆਉਂਦੀ ਏ, ਮੈਂ ਆਖਿਆ ਚੰਗਾ। ਟਿਕਟਾਂ ਸਨ ਦੋਵੇਂ ਮੇਰੇ ਕੋਲ। ਜਾਂ ਮਾਛੀਕਿਆਂ ਦੇ ਟੇਸ਼ਨ ਜਾ ਕੇ ਮੈਂ ਬਾਹਰ ਧਿਆਨ ਮਾਰਿਆ ਤੇ ਉਹਨੂੰ ਟਿਕਟਾਂ ਵਾਲੀ ਮੇਮ ਵੇਹੜੀ ਫਿਰੇ। ਅਗੇ ਅਗੇ ਉਹ ਤੇ ਪਿਛੇ ਪਿਛੇ ਮੇਮ ਤੇ ਘੱਤੀ ਮੈਨੂੰ ਪਈਆਂ ਲਭਣ। ਮੇਮ ਤੇ ਆਖੇ ਤੁਮ ਹਮ ਕੋ ਜਲਤੀ ਟਿਕਟ ਦਿਖਲਾਓ ਤੇ ਚਾਚੀ ਸਤੂਰੀ ਬਤੂਰੀ ਕਦੀ ਅੰਦਰ ਜਾਏ ਤੇ ਕਦੀ ਓਧਰ। ਮੇਰੇ ਖਾਨੇ ਕੋਲੋਂ ਲੰਘਣ ਲੱਗਣ ਤਾਂ ਮੈਂ ਵੀ ਜ਼ਰਾ ਗਿੱਚੀ ਲਫਾ ਛਡਾਂ। ਅਖੀਰ ਮੈਂ ਸੋਚਿਆ ਪਈ ਇਹ ਮੇਮਨੀ ਜਹੀ ਏਹਨੂੰ ਕਿਤੇ ਅਗੂੰ ਖਿਛਾਂਹ ਨਾ ਕਰ ਛੱਡੇ, ਹੇਠਾਂ ਉਤਰ ਕੇ ਮੈਂ ਟਿਕਟਾਂ ਵਖਾਈਆਂ ਤੇ ਵਚਾਰੀ ਦੀ ਖਲਾਸੀ ਹੋਈ।" ਇਹ ਗਲ ਸੁਣਾ ਕੇ ਚਾਚਾ ਹੱਜਦਾ ਹੱਸਦਾ ਪਤੂੰ ਟੁਰ ਗਿਆ, ਇਹ ਵੇਖਣ ਪਈ ਕੋਈ ਪੁਲਸੀਆ ਹੀ ਨਾ ਆ ਫੜੇ। ਮੈਂ ਉਸੇ ਤਰ੍ਹਾਂ ਓਸ ਨਾਲ ਤੇ

ਪਾਣੀ ਪਾਂਦਾ ਰਿਹਾ ਜਿਸ ਵਿਚ ਭਾਫ ਠੰਡੀ ਹੋ ਹੋ ਕੇ ਸ਼ਰਾਬ ਦੇ ਕਤਰੇ ਬਣ ਰਹੀ ਸੀ। "ਕਦੀ ਮਹੀਨੇ ਮੱਸਿਆ ਨੂੰ ਚਾਰ ਬੋਤਲਾਂ ਕਢੀ ਦਾਂ ਨੇ ਤੇ ਓਹਦੇ ਲਈ ਵੀ ਪਏ ਕਮਾਦਾਂ ਵਿਚ ਲੁਕ ਲੁਕ ਕੇ ਭਠੀਆਂ ਬਣਾਈਏ। ਨਿਕਲੇਗੀ ਤੇ ਇਹ ਜਟ ਦੀ ਹਵੇਲੀ ਵਿਚ ਈ, ਉਂਜ ਭਾਵੇਂ ਕਿਸੇ ਦਿਨ ਉੜੰਗੇ ਹੀ ਜਾਈਏ। ਪਰ ਸਮਝ ਤੇ ਏਸ ਗੱਲ ਦੀ ਰਹੀ ਏ ਔਣੇਂ ਪਈ ਸਰਕਾਰ ਨੂੰ ਪੀੜ ਕਾਹਦੀ ਏ। ਆਪੇ ਚੀਜ਼ ਬਣਾਣੀ ਤੇ ਆਪੇ ਪੀਣੀ ਤੇ ਫਿਰ ਐਵੇਂ ਹਲਕੇ ਹੋਏ ਹੋਏ ਭਜ ਭਜ ਕੇ ਹਥੀਂ ਪਏ ਪੈਂਦੇ ਨੇ।" ਮੈਨੂੰ ਵੀ ਸਰਕਾਰ ਦੀ ਇਹ ਗੱਲ ਵਾਧੂ ਜਹੀ ਲਗੀ, ਜਦ ਆਦਮੀ ਨੂੰ ਰੋਟੀਆਂ ਪਕਾ ਕੇ ਖਾਣ ਦੀ ਆਗਿਆ ਸੀ ਤਾਂ ਸ਼ਰਾਬ ਕੱਢ ਕੇ ਪੀਣ ਦੀ ਆਗਿਆ ਕਿਉਂ ਨਹੀਂ ਸੀ। "ਮੈਂ ਗਿਆ ਸੌਹਰੇ" ਚਾਚੇ ਨੇ ਫੇਰ ਵਹੁਟੀ ਵਾਲੀ ਲੜੀ ਜੋੜਦਿਆਂ ਹੋਇਆਂ ਆਖਿਆ—"ਓਥੇ ਭਲਵਾਨ ਇਕ ਪਰ ਚੰਗਾ ਫਿੱਟਿਆ ਹੋਇਆ ਤੇ ਅੱਤ ਡਾਢੀ ਚਾਈ ਹੋਈ ਓਸ। ਮੇਰਾ ਸਾਲਾ ਆਖੇ 'ਭਾਈਆ ਇਹਦੇ ਨਾਲ ਘੁਲ' ਮੈਂ ਆਖਿਆ 'ਲੈ ਭਈ ਕੱਢ ਸੂ।' ਭਲਵਾਨ ਤੇ ਕਦੀ ਐਧਰ ਦਾ ਮਾਰੇ ਤੇ ਕਦੀ ਔਧਰ, ਮੈਂ ਦਿਲ ਵਿਚ ਆਖਿਆ ਪਈ ਯਾ ਪੀਰ ਚੁਪ ਸ਼ਾਹ ਹਾਨਤ ਨ ਆਵੇ ਸੌਹਰੇ ਘਰ। ਤਾਹੀਓਂ ਜੇ ਜਿਉਂ ਚੁਕਿਆ ਜੱਟ ਨੇ ਲਕੋਂ ਤੇ ਭਲਵਾਨ ਹੁਰੀਂ ਪਟੜੇ ਵਾਂਗ ਭੋਏਂ ਤੇ ਆ ਪਏ। ਤੇ ਚਾਚੀ ਤੇਰੀ ਨੂੰ ਆਉਣ ਘਰ ਵਧਾਈਆਂ ਈ ਵਧਾਈਆਂ"।

ਚਾਚੇ ਨੇ ਹਸਦੇ ਹਸਦੇ ਗੜਵਾ ਹਲਾਇਆ ਤੇ ਉਹ ਭਰਿਆ ਭਰਿਆ ਜਾਪਿਆ। ਗੁੜ ਸ਼ੱਕ ਦੇ ਹਿਸਾਬ ਨਾਲ ਸ਼ਰਾਬ ਪੂਰੀ ਨਿਕਲ ਚੁਕੀ ਸੀ। ਚਾਚੇ ਨੇ ਨਾਲ ਗੜਵੇ ਨਾਲੋਂ ਨਖੇੜ ਦਿਤੀ। 'ਲੈ ਕੰਨੂ ਤੂੰ ਪਾਣੀ ਲਿਆ ਕੇ ਭੱਠੀ ਵਿਚੋਂ ਅੱਗ ਬੁਝਾ ਦੇ।' ਮੇਰੇ ਜੰਮਣ ਵੇਲੇ ਮੇਰੇ ਚਾਚੇ ਨੇ ਮੇਰਾ ਨਾਂ ਕੁੰਦਨ ਸਿੰਘ ਨੀਯਤ ਕੀਤਾ ਸੀ ਪਰ ਮੇਰੀ ਬੇਬੇ

ਨੇ ਏਸ ਕੰਮ ਵਿਚ ਚਾਚੇ ਦਾ ਕੁਝ ਤਜਰਬਾ ਨਾ ਵੇਖ ਕੇ ਮੇਰਾ ਨਾਂ ਕੁਝ ਹੋਰ ਈ ਰਖ ਦਿਤਾ। ਚਾਚੇ ਨੂੰ ਏਸ ਗਲ ਦਾ ਜ਼ਰਾ ਫ਼ਿਕਰ ਨਹੀਂ ਸੀ। ਉਹ ਮੇਰਾ ਓਹੀ ਨਾਂ ਸਦਦਾ ਜੋ ਉਸ ਨੇ ਪਹਿਲੇ ਦਿਨੋਂ ਰਖਿਆ ਸੀ। ਅੱਗ ਬੁਝਾਣ ਦਾ ਕੰਮ ਮੈਨੂੰ ਦੇ ਕੇ ਚਾਚੇ ਨੇ ਵਡੀ ਦੇਗ ਚੁਕ ਕੇ ਨਾਲ ਦੇ ਛਪੜ ਵਿਚ ਰੋਹੜ ਦਿਤੀ ਤੇ ਖਾਲੀ ਦੇਗ ਲਿਜਾਕੇ ਜਵਾਰ ਵਿਚ ਲੁਕਾ ਦਿਤੀ।

ਇਸ ਗਲ ਨੂੰ ਕਈ ਸਾਲ ਬੀਤ ਗਏ। ਨਾਲ ਦੇ ਪਿੰਡ ਇਕ ਕਾਂਗਰਸ ਦਾ ਜਲਸਾ ਹੋਣਾ ਸੀ। ਮੈਂ ਤੇ ਚਾਚੇ ਵੀ ਜਾਣ ਦੀ ਮਲਾਹ ਕੀਤੀ। ਰਾਹ ਵਿਚ ਇਕ ਹੋਰ ਪਿੰਡ ਦਾ ਜਟ ਜਿਹੜਾ ਸਾਡਾ ਪਹਿਲਾਂ ਜਾਣੂ ਨਹੀਂ ਸੀ, ਮਿਲ ਪਿਆ ਤੇ ਚਾਚੇ ਨੂੰ ਪਹਿਲਾ ਉਸ ਨੇ ਫ਼ਤਹ ਬੁਲਾਈ। "ਵਾਹਰ ਜੀ ਕੀ" ਚਾਚੇ ਨੇ ਫ਼ਤਹ ਪਰਤਾਈ। "ਮਾਮਲਾ ਤੇ ਸਰਕਾਰ ਘੱਟ ਕਰਨੋਂ ਰਹੀ ਪਰ ਇਨ੍ਹਾਂ ਕਾਂਗਰਸੀਆਂ ਸਾਨੂੰ ਰਤ ਪਾ ਲਈ ਏ। ਜਲਸੇ ਤੇ ਜਲਸਾ ਚਾੜ੍ਹੀ ਆਉਂਦੇ ਨੇ। ਰੋਜ਼ ਪਠੋ ਦਥੇ ਤੋਂ ਵੀ ਰਹੀਦਾ ਏ।" ਓਸ ਜਟ ਨੇ ਜ਼ਰਾ ਖਿਝ ਕੇ ਆਖਿਆ। "ਮਾਮਲਾ ਵੀ ਘੱਟ ਹੁੰਦਾ ਕੋਈ ਨਹੀਂ ਦਿਸਦਾ ਤੇ ਘਰਾਂ ਦੀ ਲੀਰ ਟਾਕੀ ਦਾ ਖ਼ਰਚ ਵੀ ਫੇਰ ਵਧ ਗਿਆ ਏ। ਮੈਂ ਤੇ ਆਹਨਾਂ ਇਹ ਖਦਰ ਪਾਣ ਵਾਲੀ ਗੱਲ ਚੰਗੀ ਏ, ਜ ਜਨਾਨੀਆਂ ਮੰਨਣ ਤੇ"। ਚਾਚੇ ਨੇ ਆਪਣੇ ਆਪ ਨੂੰ ਟਬਰ ਦਾਰ ਦਸਦਿਆਂ ਹੋਇਆ ਆਖਿਆ। ਮੈਨੂੰ ਉਸ ਦੀ ਏਸ ਗਲ ਤੇ ਕੋਈ ਹੈਰਾਨੀ ਨਾ ਹੋਈ ਕਿਉਂ ਜੋ ਮੈਨੂੰ ਨਿਕੇ ਹੁੰਦੇ ਈ ਫਰਜ਼ੀ ਚਾਚੀ ਦੀਆਂ ਸਭ ਗਾਲਾਂ ਯਾਦ ਸਨ। ਸਾਰਾ ਦਿਨ ਅਸੀਂ ਉਸ ਜੱਟ ਦੇ ਨਾਲ ਫਿਰਦੇ ਰਹੇ ਤੇ ਆਉਣ ਲਾਗਿਆਂ ਉਸ ਘਰ ਵਾਸਤੇ ਚਵਾਨੀ ਦੀਆਂ ਰਿਓੜੀਆਂ ਲਈਆਂ, "ਐਥੇ ਮੇਰੇ ਪਲੇ ਵੀ ਬੰਨੀ ਓਏ ਚਵਾਨੀ ਦੀਆਂ, ਐਵੇਂ ਅੰਞਾਣੇ ਰੋ ਰੋ ਮੋਢਿਆਂ ਤੇ ਪਏ ਚੜ੍ਹਦੇ ਨੇ" ਚਾਚੇ ਨੇ ਹਟੀ ਵਾਲੇ ਨੂੰ ਚਵਾਨੀ ਦੇਂਦੇ ਹੋਏ ਕਿਹਾ।

ਗੱਲਾਂ ਬਾਤਾਂ ਕਰਦੇ ਘਰ ਆ ਰਹੇ ਸਾਂ ਕਿ ਮਗਰੋਂ ਜੰਬੂ ਰਲ ਪਿਆ। "ਬਾਲ ਸਿਹਾਂ ਤੇਰਾ ਨ ਰੰਨ ਨ ਕੰਨ ਤੇ ਆਹ ਰਿਓੜੀਆਂ ਕਿਦ੍ਹੇ ਲਈ ਬੰਨ੍ਹੀ ਜਾਨਾ ਏ ।" ਜੈਂਬੂ ਨੇ ਤਾਹਨਾ ਮਾਰਿਆ। ਚਾਚੇ ਨੂੰ ਮਾਨੋ ਕਿਸੇ ਨੇ ਛੁਰੀ ਮਾਰ ਦਿਤੀ। ਓਸ ਪਿਛਾਂਹ ਭੌਂ ਕ ਜ਼ੋਰ ਦੀ ਚਪੇੜ ਜੈਂਬੂ ਨੂੰ ਮਾਰੀ। ਜੈਂਬੂ ਦੇ ਹਥ ਵਿਚ ਡਾਂਗ ਸੀ, ਉਸ ਚਾਚੇ ਦੀਆਂ ਮੌਰਾਂ ਤੇ ਟਿਕਾ ਦਿਤ । ਮੈਥੋਂ ਰਿਹਾ ਨਾ ਗਿਆ। ਉਗਰ ਉਗਰ ਕੇ ਦੋ ਡਾਗਾਂ ਜੈਬੂ ਨੂੰ ਮਾਰੀਆਂ ਤੇ ਜੈਂਬੂ ਹੇਠ ਡਿਗ ਪਿਆ। ਚਾਚੇ ਨੇ ਵੀ ਇਕ ਦੋ ਮਾਰੀਆਂ ਤੇ ਅਸੀਂ ਭਜ ਗਏ। ਮੈਂ ਰਾਤੋ ਰਾਤ ਭਜ ਕੇ ਫ਼ੌਜ ਵਿਚ ਭਰਤੀ ਹੋ ਗਿਆ ਤੇ ਚਾਚੇ ਨੇ ਥਾਣੇਦਾਰ ਨੂੰ ਸੂਆ ਚੁੰਘਾਣ ਲਈ ਮੱਝ ਦੇ ਕੇ ਖਲਾਸੀ ਕਰਾਈ ।

ਤਿਨ ਚ ਰ ਵਾਰ੍ਹਿਆਂ ਪਿਛੋਂ ਮੈਂ ਕਈ ਕਵੈਦਾਂ ਪਰੇਟਾਂ ਕਰਕੇ ਤੇ ਕਈ ਲਾਮਾਂ ਲੜ ਕੇ ਛੁਟੀ ਘਰ ਆਇਆ। ਚਾਚਾ ਬਹੁਤ ਬੀਮਾਰ ਸੀ। ਬੂਹੇ ਵਿਚ ਖਲੋਤੇ ਹਕੀਮ ਨੂੰ ਮੈਂ ਚਾਚੇ ਦਾ ਹਾਲ ਪੁਛਿਆ । ਓਸ ਸਲਾਹ ਦਿਤੀ ਜੋ ਮੈਂ ਅੰਦਰ ਨਾ ਜਾਵਾਂ । ' ਜੇ ਆਸੇ ਦਾ ਨਿਕਾ ਛੋਹਰ ਏ ਤਾਂ ਅੰਦਰ ਲੰਘ ਆਉਣ ਦਿਓ ਸੁ. ਪੰਡਤ ਜੀ"ਚਾਚੇ ਨੇ ਹੌਲੀ ਜਹੀ ਆਖਿਆ। ਅੰਦਰ ਜਾ ਕੇ ਮੈਂ ਚਾਚੇ ਨੂੰ ਹਾਲ ਚਾਲ ਪੁਛਿਆ । "ਕਮਜ਼ੋਰੀ ਡਾਢੀ ਹੋ ਗਈ ਏ ਤੇ ਢਿਡ ਵਿਚ ਪੀੜ ਵੀ ਢਰ ਏ । ਕਾਈ ਵਿਸਕੀ ਨਹੀਓਂ ਲਿਆਂਦੀ ਫ਼ੌਜ ਵਚੋਂ । ਏਨ੍ਹਾਂ ਭਠੀਆਂ ਦੀਆਂ ਤੱਤੀਆਂ ਤੱਤੀਆਂ ਨੇ ਤੇ ਥੀ ਚਾ ਛਡਿਆ ਏ ਮੈਰਾ" । ਮੈਂ ਸਚੀ ਮੁਚੀ ਵਿਸਕੀ ਲਿਆ ਦੀ ਹੋਈ ਸੀ। ਕੌਲੀ ਵਿਚ ਪਾ ਕੇ ਬਿਨਾਂ ਪਾਣੀਓਂ ਮੈਂ ਚਾਚੇ ਨੂੰ ਦਿਤੀ ਤੇ ਉਹ ਡਕ ਡਕ ਕਰਦਾ ਪੀ ਗਿਆ। ਮੁਛਾਂ ਵਿਚੋਂ ਓਹੋ ਪੁਰਾਣੀ ਖੁਸ਼ਬੋ ਆਉਣ ਲਗ ਪਈ ਤੇ ਅੱਖਾਂ ਵਿਚ ਓਹੋ ਜਵਾਨੀ। ਉਹ ਉਠ ਕੇ ਬਹਿ ਗਿਆ"ਤੂੰ ਮੇਰਾ ਪੁਤਰ ਏਂ ਕੌਣ"ਚਾਚੇ ਨੇ ਮੇਰੇ ਵਲ ਪਿਆਰ ਭਰੀ ਨਜ਼ਰ ਕਰਕ ਆਖਿਆ। "ਆਹੋ ਚਾਚਾ" ਮੇਰੇ ਮੂੰਹੋਂ

ਨਿਕਲ ਗਿਆ।"ਕਾਈ ਚਾਚੀ ਤੇ ਫੜੀ ਆਵੇਂ ਆ ਮੈਰੇ ਲਈ ਓਥੋਂ। ਧਕੋ ਧਕੀ ਗਡੀ ਵਿਚ ਸੁਟ ਲਿਆਉਂਦੇਂ;ਫੌਜੀਆਂ ਨੂੰ ਕੌਣ ਪੁਛਦਾ ਏ।"

"ਹੁਣ ਆਇਆ ਤੇ ਲਿਆਵਾਂਗਾ ਚਾਚਾ"

"ਆਖੀਂ ਹਮ ਤੁਮਕੋ ਓਥੇ ਬਾਰ ਮੇਂ ਬਹੁਤਾ ਆਰਾਮ ਦੇਵੇਗਾ"।

# ਗਜਰੇ

ਨਿਕੀਆਂ ਜਮਾਤਾਂ ਵਿਚ ਮਾਸਟਰ ਜੀ ਨੇ ਦਸਿਆ ਕਿ ਕਿਸ ਤਰ੍ਹਾਂ ਕੁਲੰਬਸ ਨੇ ਕਈ ਮਹੀਨੇ ਦਿਨ ਰਾਤ ਅਥਾਹ ਸਮੁੰਦਰਾਂ ਵਿਚ ਭੁੰਬਲ ਭੂਸੇ ਖਾਣ ਪਿਛੋਂ ਇਕ ਦਿਨ ਅਚਨਚੇਤ ਸਵੇਰੇ ਉਠ ਕੇ ਅਮਰੀਕਾ ਦੀ ਧਰਤੀ ਤੱਕੀ।

ਤੇ ਫਿਰ ਉਹ ਸਾਥੋਂ ਪੁਛਦੇ "ਭਈ ਦਸੋ ਉਹ ਕਿੰਨਾ ਕੁ ਖੁਸ਼ ਹੋਇਆ ਹੋਣਾ ਹੈ?" ਘਬਰਾਏ ਹੋਏ ਅਸੀਂ ਬਿਨਾਂ ਕੁਛ ਮਹਿਸੂਸ ਕਰਨ ਦੇ ਹੀ ਕਹਿ ਦਿੰਦੇ "ਬੜਾ"।

ਤੇ ਫਿਰ ਵਡੀਆਂ ਜਮਾਤਾਂ ਵਿਚ ਆ ਕੇ ਰੇਡੀਅਮ ਦੀ ਗਲ ਆਈ। ਮੈਡਮ ਕਿਊਰੀ ਕਈ ਮਹੀਨੇ ਇਕ ਲਿਸ਼ਕਦਾਰ ਮਾਦੇ ਨੂੰ ਘੋਟਦੀ ਪੁਣਦੀ ਰਹੀ ਤੇ ਫਿਰ ਇਕ ਦਿਨ ਉਸ ਬੂਹੇ ਦੀ ਵਿਰਲ ਵਿਚੋਂ ਧਿਆਨ ਮਾਰਿਆ ਤਾਂ ਰੇਡੀਅਮ ਬਣਿਆ ਹੋਇਆ ਸੀ। ਤੇ ਫਿਰ ਮਾਸਟਰ ਜੀ ਪੁਛਦੇ, "ਦਸੋ ਰੇਡੀਅਮ ਬਣਿਆ ਵੇਖਕੇ ਉਹ ਕਿੰਨਾ ਕੁ ਖੁਸ਼ ਹੋਈ ਹੋਣੀ ਏ?" ਤੇ ਅਸੀਂ ਫਿਰ ਕਹਿ ਦਿੰਦੇ "ਬੜਾ"।

ਸਾਨੂੰ ਅਸਲ ਵਿਚ ਕੋਈ ਪਤਾ ਨਹੀਂ ਸੀ ਹੁੰਦਾ ਕਿ ਉਹ ਕਿੰਨੇ ਕੁ ਖੁਸ਼ ਹੋਏ ਹੋਣੇ ਨੇ ਤੇ ਨਾ ਹੀ ਅਸਾਂ ਕਦੀ ਇਹ ਕਿਆਸ ਕਰਨ ਦੀ ਕੋਸ਼ਿਸ਼ ਕੀਤੀ ਸੀ; ਪਰ ਪਿਛਲੇ ਦਿਨੀਂ ਮੈਨੂੰ ਕੁਝ ਗਿਆਨ ਹੋਇਆ ਕਿ ਉਹ ਕਿੰਨੇ ਕੁ ਖੁਸ਼ ਹੋਏ ਹੋਣੇ ਨੇ। ਮੈਂ ਦਸਦਾ

ਹਾਂ ਕਿਸ ਤਰ੍ਹਾਂ।

ਉਹ ਕੁਝ ਇਸ ਤਰ੍ਹਾਂ ਦੀ ਹੀ ਕੁੜੀ ਸੀ. ਠੰਡੀ ਜਹੀ, ਗੰਭੀਰ ਜਹੀ, ਅਡੋਲ ਜਹੀ। ਉਸ ਦੇ ਮੂੰਹ ਤ ਕਦੀ ਕਿਸੇ ਨੇ ਬਹੁਤੀ ਖ਼ੁਸ਼ੀ ਜਾਂ ਬਹੁਤੀ ਗ਼ਮੀ ਉਕਰੀ ਹੋਈ ਨਹੀਂ ਵੇਖੀ ਸੀ। ਜੇ ਉਸ ਦੇ ਦਿਲ ਵਿਚ ਕਦੀ ਤੂਫ਼ਾਨ ਆਏ ਵੀ ਸਨ ਤਾਂ ਵੀ ਉਨ੍ਹਾਂ ਦਾ ਅਸਰ ਕਦੀ ਉਸ ਦੇ ਚਹਰੇ ਤਕ ਨਹੀ ਸੀ ਅਪੜਿਆ। ਉਸ ਦੀਆਂ ਅਖਾਂ ਸਦਾ ਹੀ ਸੀਤਲ ਜਿਹੀਆਂ ਰਹਿੰਦੀਆਂ। ਜਿਸ ਤਰ੍ਹਾਂ ਭਰੀ ਹੋਈ ਲਸੀ ਦੀ ਚਾਟੀ ਵਿਚ ਮਧਾਣੀ ਭਾਵੇਂ ਕਿੰਨੇ ਜ਼ੋਰ ਦੀ ਫਿਰੇ ਕਢਿਆਂ ਤੋਂ ਹਠਲੇ ਤੜਫਾਟ ਦਾ ਕੁਝ ਪਤਾ ਨਹੀ ਲਗਦਾ। ਜ਼ਬਤ ਤੇ ਸਾਊਪੁਣੇ ਦਾ ਉਹ ਕੁੜੀ ਸ਼ਿਖਰ ਸੀ। ਆਪਣੇ ਇਕ ਦੋਸਤ ਨੂੰ ਮੈਂ ਇਕ ਵਾਰ ਉਸ ਦਾ ਰਵਈਆ ਕੁਝ ਇਸ ਤਰ੍ਹਾਂ ਸਮਝਾਇਆ

"ਦੇਖ ਭਈ ਨਵੀ ਸ਼ਿਵਰਲੈਟ ਕਾਰ ਵਿਚ ਬੈਠਿਆਂ ਇਸ ਤਰ੍ਹਾਂ ਪਰਤੀਤ ਹੁੰਦਾ ਹੈ ਜਿਵੇਂ ਹਵਾ ਨਾਲ ਚਲ ਰਹੀ ਕਿਸੇ ਬੇੜੀ ਵਿਚ ਬੈਠੇ ਹਾਂ। ਇੰਜਨ ਕੋਈ ਝਟਕਾ ਨਹੀਂ ਲਾਉਂਦਾ, ਆਵਾਜ਼ ਨਹੀਂ ਕਢਦਾ, ਆਪਣੀ ਹੋਂਦ ਮਹਿਸੂਸ ਹੀ ਨਹੀਂ ਹੋਣ ਦੇਂਦਾ, ਪਰ ਇਸ ਦਾ ਇਹ ਅਰਥ ਨਹੀਂ ਕਿ ਇਸ ਦੇ ਅਦਰ ਵੀ ਕੋਈ ਝਟਕਾ ਨਹੀ, ਕੋਈ ਆਵਾਜ਼ ਨਹੀਂ। ਇਸ ਦੇ ਛੇ ਸਿਲੰਡਰਾਂ ਵਿਚ ਗੈਸਾਂ ਬਣ ਬਣ ਕੇ ਫਟ ਰਹੀਆਂ ਹਨ ਤੇ ਇਨ੍ਹਾਂ ਵਿਚੋਂ ਇਕ ਇਕ ਫਟਾ ਸ਼ਾਇਦ ਇਕ ਕੰਧ ਨੂੰ ਡੇਗ ਦੇਵੇ। ਸਲਿੰਡਰ ਵਿਚ ਪਿਸਟਨ ਇਨੇ ਜ਼ੋਰ ਦੇ ਝਟਕੇ ਮਾਰਦੇ ਹਨ ਕਿ ਇਕ ਇਕ ਝਟਕੇ ਨਾਲ ਕੋਲ ਖੜੇ ਕਈਆਂ ਆਦਮੀਆਂ ਦੀ ਮੌਤ ਹੋ ਜਾਏ, ਪਰ ਇੰਜਨ ਦੀ ਮਸ਼ੀਨਰੀ ਨੇ ਇਸ ਸਭ ਕੁਝ ਤੇ ਕਾਬੂ ਪਾਇਆ ਹੋਇਆ ਹੁੰਦਾ ਹੈ, ਤੇ ਮੋਟਰ ਵਿਚ ਬੈਠੇ ਆਦਮੀਆਂ ਨੂੰ ਸੁਪਨਾ ਵੀ ਨਹੀਂ ਆ ਸਕਦਾ ਕਿ ਇੰਜਨ ਵਿਚ ਐਨੀ ਅਗ, ਐਨੇ ਧਮਾਕੇ ਤੇ ਐਨਾ ਤੜਫਾਟ ਮਚਿਆ ਹੋਇਆ ਹੈ।

ਇਹੋ ਕਾਰਨ ਸੀ ਕਿ ਉਸ ਕੁੜੀ ਨਾਲ ਕਈ ਸਾਲਾਂ ਦੀ ਘੁਲ ਮਿਲਣੀ ਮਿਤਰਤਾ ਪਿਛੋਂ ਵੀ ਮੈਨੂੰ ਇਹ ਪਤਾ ਨਹੀ ਸੀ ਕਿ ਮੈਂ ਕਿਥੇ ਖੜਾ ਹਾਂ। ਜੇ ਚਿਹਰੇ ਤੇ ਹੀ ਕਦੀ ਕੁਝ ਨਾ ਆਇਆ ਹੋਵੇ ਤਾਂ ਉਸ ਦੀ ਜ਼ਬਾਨ ਤੇ ਤਾਂ ਕੀ ਆਉਣਾ ਸੀ। ਮੇਰੇ ਕੋਲ ਐਨਾ ਕੋਈ ਰਛ ਨਹੀਂ ਸੀ ਜਿਸ ਨਾਲ ਮੈਂ ਇਹ ਬੁਝ ਸਕਦਾ ਕਿ ਉਸ ਦੇ ਦਿਲ ਵਿਚ ਮੇਰੇ ਲਈ ਕੋਈ ਥਾਂ ਹੈ ਕਿ ਨਹੀਂ। ਕਈ ਕੁੜੀਆਂ ਤੇ ਆਪੇ ਹੀ ਦਸ ਦਿੰਦੀਆਂ ਹਨ ਕਿ ਉਹ ਕਿਥੋਂ ਤਕ ਤੁਹਾਨੂੰ ਆਪਣੇ ਨਾਲ ਲੈ ਜਾਣਾ ਚਾਹੁੰਦੀਆਂ ਹਨ। ਇਕ ਵਾਰ ਇਕ ਕੁੜੀ ਮੇਰੇ ਬੁਲ੍ਹਾਂ ਤੇ ਧਕੋ ਜੋਰੀ ਸੁਰਖੀ ਲਾਣ ਦੇ ਬਹਾਨੇ ਮੇਰੇ ਨਾਲ ਚੰਬੜ ਗਈ ਸੀ। ਇਕ ਹੋਰ ਕੁੜੀ ਮੇਰੀ ਘੜੀ ਵੇਖਣ ਲਈ ਫੜ ਕੇ ਫਿਰ ਦਿੰਦੀ ਨਹੀਂ ਸੀ ਤੇ ਉਸ ਘੜੀ ਨੂੰ ਖੋਂਹਦਿਆਂ ਖੋਂਹਦਿਆਂ ਸਾਡੀ ਆਪੋ ਵਿਚ ਦੀ ਸਾਰੀ ਸੰਗ ਲਥ ਗਈ ਸੀ। ਇਕ ਹੋਰ ਵੇਰ ਇਕ ਕੁੜੀ ਕੋਲੋਂ ਅਖਾਂ ਵਿਚ ਦਾਰੂ ਪੁਆ ਕੇ, ਮੀਟੀਆਂ ਮੀਟੀਆਂ ਅਖਾਂ ਨਾਲ ਮੈਂ ਉਸ ਨੂੰ ਘੁਟ ਲਿਆ ਸੀ,ਜਿਸ ਤਰ੍ਹਾਂ ਇਹ ਸਭ ਕੁਝ ਭੁਲੇਖੇ ਨਾਲ ਹੀ ਹੋ ਗਿਆ ਹੋਵੇ। ਉਸ ਤਰ੍ਹਾਂ ਵੀ ਮੈਂ ਕਿਸ ਕੁੜੀ ਦੇ ਕੋਲ ਬੈਠ ਕੇ ਗਲਾਂ ਬਾਤਾਂ ਕਰਦਿਆਂ ਇਹ ਦਸ ਸਕਦਾ ਸਾਂ ਕਿ ਉਹ ਮੇਰੇ ਨਾਲ ਕਿਥੋਂ ਤਕ ਜਾਣ ਲਈ ਤਿਆਰ ਹੈ, ਜਿਸ ਤਰ੍ਹਾਂ ਜਟੀਆਂ ਬਗ਼ੈਰ ਕੁਜੇ ਵਿਚ ਝਾਤੀ ਮਾਰਨ ਦੇ ਇਹ ਦਸ ਸਕਦੀਆਂ ਹਨ ਕਿ ਅਗ ਤੇ ਪਿਆ ਮਖਣ ਕਿਨਾ ਕੁ ਗਰਮ ਹੋ ਗਿਆ ਹੈ। ਪਰ ਉਸ ਕੁੜੀ ਬਾਰੇ ਤੇ ਕੁਝ ਪਤਾ ਹੀ ਨਹੀ ਲਗ ਸਕਦਾ ਸੀ।

ਜੋ ਗਲਾਂ ਉਹ ਕਰਦੀ ਉਹ ਸਧਾਰਣ ਜਿਹੀਆਂ ਹੀ ਹੁੰਦੀਆਂ। ਆਪਣੇ ਕਾਲਜ ਦੇ ਪ੍ਰੋਫ਼ੈਸਰਾਂ ਦੀਆਂ, ਸਿਆਸੀ ਪਾਰਟੀਆਂ ਦੀਆਂ, ਲਾਹੌਰ ਦੇ ਹੋਟਲਾਂ ਸਿਨੇਮਿਆਂ ਦੀਆਂ ਤੇ ਕਦੀ ਕਦੀ ਉਹ ਜ਼ਾਤੀ ਗਲਾਂ ਵੀ ਕਰਣ ਲਗ ਜਾਂਦੀ, ਪਰ ਉਹ ਡੂੰਘੀਆਂ ਦਿਲ ਦੀਆਂ ਗਲਾਂ

ਨਾ ਹੁੰਦੀਆਂ।

"ਤੁਸੀ ਚਿਟੀਆਂ ਚਪਲੀਆਂ ਬੜੀਆਂ ਪਸੰਦ ਕਰਦੇ ਹੋ। ਪਹਿਲਾਂ ਪਹਿਲਾਂ ਤੇ ਇਹ ਸੋਹਣੀਆਂ ਲਗਦੀਆਂ ਨੇ, ਪਰ ਮਗਰੋਂ ਆ ਕੇ ਅਸਲੋਂ ਖ਼ਰਾਬ ਹੋ ਜਾਂਦੀਆਂ ਨੇ। ਮੈਂ ਇਕ ਵੇਰ ਚਿਟੀ ਲਿਫ਼ਟੀ ਲਈ, ਬੜਾ ਵਖ਼ਤ ਪਿਆ। ਇਕ ਤੇ ਸਾਰੇ ਟੱਬਰ ਤੋਂ ਵੱਖਰੀ ਪਾਲਸ਼ ਰਖੋ। ਫਿਰ ਨੌਕਰ ਨੂੰ ਠੀਕ ਤਰ੍ਹਾਂ ਕਰਨਦੀ ਜਾਚ ਨਹੀਂ ਆਉਂਦੀ, ਕਈ ਵੇਰ ਆਪ ਹੀ ਕਰਣੀ ਪੈਂਦੀ ਹੈ। ਮੈਂ ਤੇ ਬਸ ਉਸ ਲਿਫ਼ਟੀ ਤੋਂ ਪਿਛੋਂ ਤੋਬਾ ਕੀਤੀ।"

ਤੇ ਜਾਂ ਫਿਰ ਇਸ ਤੋ ਜ਼ਰਾ ਹੋਰ ਡੂੰਘੀਆਂ।

"ਇਕਲੇ ਰਹਿਣ ਤੋਂ ਮੈਂ ਤੇ ਬੜਾ ਘਬਰਾਨੀ ਆਂ। ਜਦੋਂ ਮੈਂ ਆਪਣੇ ਮਾਮਾ ਜੀ ਕੋਲ ਪੜ੍ਹਦੀ ਸਾਂ ਤਾਂ ਬਸ ਇਕ ਮਾਮਾ ਜੀ, ਇਕ ਮਾਮੀ ਜੀ, ਇਕ ਟੀਕ ਤੇ ਇਕ ਮੈਂ। ਸ਼ਹਿਰ ਵਿਚ ਮਕਾਨ, ਨਾ ਫੁਲ, ਨਾ ਹਰਿਆਵਲ ਬੜਾ ਜੀ ਅਕੇ। ਹਾਰ ਫਿਰ ਮੈਂ ਕੁਕੜੀਆਂ ਰਖੀਆਂ। ਨਿਕੇ ਨਿਕੇ ਚੂਚੇ ਬੜੇ ਪਿਆਰੇ ਲਗਣ। ਕਦੀ ਕੁਕੜੀ ਦੇ ਉਤੇ ਚੜ੍ਹ ਜਾਣ ਤੇ ਕਦੀ ਉਸ ਦੇ ਹੇਠ ਵੜ ਜਾਣ, ਕਦੀ ਇਕ ਦੇ ਕੋਈ ਚੀਜ਼ ਕਾਬੂ ਆ ਜਾਏ ਤਾਂ ਦੂਸਰਾ ਉਸ ਤੋਂ ਖੋਹਣ ਦੌੜੇ ਤੇ ਫਿਰ ਆਪੋ ਵਿਚ ਲੜਨ ਤੇ ਬੜੀ ਰੌਣਕ ਲਗੇ। ਕੋਈ ਚੀਜ਼ ਤੇ ਚਾਹੀਦੀ ਏ ਨਾ ਜਿਸ ਵਲ ਉਠਕੇ ਬੰਦਾ ਚਾਂਈ ਚਾਂਈ ਵੇਖੇ ਪਈ ਕਿਹੋ ਜਹੀ ਲਗਦੀ ਏ। ਕੰਧਾਂ, ਕੁਰਸੀਆਂ ਤੇ ਹੋਰ ਸਮਾਨ ਤੇ ਰੋਜ਼ ਇਕੋ ਤਰ੍ਹਾਂ ਦਾ ਹੀ ਲਗਦਾ ਏ।"

ਇਹੋ ਜਿਹੀਆਂ ਗਲਾਂ ਤੋਂ ਉਖੇੜ ਕੇ ਉਸ ਨੂੰ ਕਿਸੇ ਹੋਰ ਲੀਹ ਤੇ ਟੋਰਨਾ ਬੜਾ ਔਖਾ ਸੀ। ਉਹ ਚੁਪ ਹੋ ਜਾਂਦੀ ਬਗੈਰ ਗੁਸਾ ਕਰਨ ਦੇ, ਬਗੈਰ ਇਹ ਮਹਿਸੂਸ ਕਰਨ ਦੇ ਕਿ ਕਿਸੇ ਨੇ ਉਸ ਨੂੰ ਕਿਸੇ ਹੋਰ ਲੀਹ ਤੇ ਟੋਰਨ ਦੀ ਕੋਸ਼ਿਸ਼ ਕੀਤੀ ਹੈ, ਪਰ ਫਿਰ ਭੀ ਮੇਰੀ ਉਸ ਵਿਚ

ਦਿਲਚਸਪੀ ਘਟਦੀ ਨਹੀਂ ਸੀ ਦਿਸਦੀ । ਮੈਂ ਬੜੇ ਔਖ ਵਿਚ ਫਸਿਆ ਹੋਇਆ ਸਾਂ । ਪਕੇ ਪੈਰਾਂ ਤੇ ਹੋਣ ਲਈ ਬੇਤਾਬ ਸਾਂ । ਇਸ ਤਰ੍ਹਾਂ ਜੀ ਕਰਦਾ ਸੀ ਕਿ ਉਸ ਦੀ ਛਾਤੀ ਪਾੜ ਕੇ ਦੇਖ ਲਵਾਂ ਕਿ ਮੇਰੇ ਲਈ ਉਸ ਵਿਚ ਪਿਆਰ ਹੈ ਕਿ ਨਹੀਂ ।

ਬੀ ਏ ਪਾਸ ਕਰਨ ਪਿਛੋਂ ਇਸ ਦੀ ਦਿਲੀ ਪੜ੍ਹਨ ਦੀ ਸਲਾਹ ਹੋਈ । ਉਸ ਨੂੰ ਦਿਲੀ ਵਿਦਿਆ ਕਰਨ ਲਈ ਸਾਡੇ ਘਰ ਉਸ ਦੀ ਟੀ ਪਾਰਟੀ ਹੋਈ । ਕਈ ਹੋਰ ਕੁੜੀਆਂ ਵੀ ਸਦੀਆਂ ਹੋਈਆਂ ਸਨ । ਚਾਹ ਦਾ ਸਾਰਾ ਸਾਮਾਨ ਵਡੇ ਮੇਜ਼ ਤੇ ਲਵਾ ਕੇ ਮੈਂ ਕੁੜੀਆਂ ਨੂੰ ਉਥੇ ਆਉਣ ਲਈ ਕਹਿਣ ਆਇਆ । ਆਰਾਮ ਕੁਰਸੀ ਤੇ ਬੈਠੀ ਨੂੰ ਮੈਂ ਬਾਹੋਂ ਫੜ ਕੇ ਉਠਾਣ ਲਗਾ ਤਾਂ ਉਸ ਦੇ ਹਥੀਂ ਪਿਆ ਇਕ ਗਜਰਾ ਟੁਟ ਗਿਆ । ਕੁਝ ਕਚੇ ਜਹੇ ਪੈ ਕੇ ਮੈਂ ਉਸ ਦੀ ਬਾਂਹ ਛਡ ਦਿਤੀ ।

ਰਾਤ ਨੂੰ ਅਸੀਂ ਸਾਰੇ ਉਸ ਨੂੰ ਦਿਲੀ ਦੀ ਗਡੀ ਚੜ੍ਹਾਣ ਗਏ । ਉਸ ਨਾਲ ਹੋ ਰਹੇ ਲਾਡ ਚਾ ਨੇ ਉਸ ਦੇ ਰੰਗ ਰੂਪ ਵਿਚ ਵਾਧਾ ਕੀਤਾ ਹੋਇਆ ਸੀ । ਉਹ ਵਿਦਿਆ ਕਰਨ ਆਏ ਲੋਕਾਂ ਵਿਚੋਂ ਕਦੀ ਕਿਸੇ ਤੇ ਕਦੀ ਕਿਸੇ ਨਾਲ ਗਲਾਂ ਕਰਦੀ ।

ਮੇਰੇ ਕੋਲ ਆ ਕੇ ਉਸ ਨੇ ਕਮੀਜ਼ ਦੀ ਜੇਬ ਵਿਚ ਹਥ ਮਾਰਕੇ ਟੁਟੇ ਹੋਏ ਗਜਰੇ ਦੇ ਦੋ ਟੋਟੇ ਕਢੇ ਤੇ ਮੇਰਾ ਹਥ ਫੜਕੇ ਮੇਰੀ ਮੁਠ ਵਿਚ ਰਖ ਦਿਤੇ । "ਇਹ ਲਓ ਸਾਂਭੋ ਆਪਣਾ ਭੰਨਿਆ ਹੋਇਆ ਗਜਰਾ, ਮੈਂ ਇਸ ਦਾ ਕੀ ਕਰਨਾ ਹੈ ? ਮੈਨੂੰ ਨਵੇਂ ਗਜਰੇ ਲੈ ਕੇ ਮੇਰੇ ਦਿਲੀ ਦੇ ਪਤੇ ਤੇ ਭੇਜ ਦੇਣੇ ।" ।

ਅਜ ਕੁਲੰਬਸ ਨੂੰ ਅਚਨਚੇਤ ਧਰਤੀ ਦਿਸ ਪਈ ਸੀ !

# ਪਾਸ਼ੋ

ਮੈਂ ਤੇ ਪਾਸ਼ੋ ਕੱਠੇ ਖੇਡਦੇ ਹੀ ਏਡੇ ਹੋਏ ਸਾਂ। ਪਾਸ਼ੋ ਹੋਰ ਕੁੜੀਆਂ ਵਾਂਗ ਘਰੇ ਡੱਕੀ ਰਹਿਣ ਵਾਲੀ ਨਹੀਂ ਸੀ। ਉਸ ਦਾ ਜਦੋਂ ਦਾਅ ਲੱਗਦਾ ਉਹ ਬਾਹਰ ਸੜਕ ਤੇ ਆ ਕੇ ਸਾਡੇ ਨਾਲ ਖੇਡਦੀ। 'ਘੜਬਿੱਲ ਬੱਚਾ' ਤੇ 'ਗੋਲੀ ਹੜੱਪਾ' ਉਸ ਨੂੰ ਦੂਜੀਆਂ ਖੇਡਾਂ ਨਾਲੋ ਵਧੇਰੇ ਚੰਗਾ ਲੱਗਦਾ ਸੀ। ਹੜੱਪੇ ਮਾਰਨ ਵਿਚ ਉਹ ਕਈਆਂ ਮੁੰਡਿਆਂ ਨਾਲੋਂ ਵੀ ਤਗੜੀ ਸੀ, ਇਸੇ ਲਈ ਕੋਈ ਟੋਲੀ ਉਸ ਨੂੰ ਆਪਣਾ ਸਾਥੀ ਬਣਾਣ ਤੋਂ ਭੈੜੀ ਨਹੀਂ ਸੀ ਪੈਂਦੀ। ਘੜਬਿੱਲ ਬੱਚੇ ਦੀ 'ਮਾਂ' ਜਿੱਥੇ ਦੂਸਰੇ ਖਡਾਰੀਆਂ ਦੇ ਮੂੰਹ ਤੋਂ ਬੁਝ ਲੈਂਦੀ ਸੀ ਕਿ ਕੌਣ ਇਸ ਦੇ ਬੱਚਿਆਂ ਤੇ ਹਮਲਾ ਕਰਨ ਵਾਲਾ ਹੈ ਉਥੇ ਪਾਸ਼ੋ ਦੇ ਮੂੰਹ ਤੋਂ ਕੱਖ ਪਤਾ ਨਹੀਂ ਸੀ ਲੱਗ ਸਕਦਾ। ਖਿੱਦੋ ਖੂੰਡੀ ਉਹ ਖੇਡਣਾ ਨਹੀਂ ਚਾਹੁੰਦੀ ਸੀ। ਇਹ ਖੇਡਦਿਆਂ ਉਸ ਦੀ ਚੁੰਨੀ ਸਿਰ ਤੋਂ ਲੱਥ ਜਾਂਦੀ ਸੀ ਤੇ ਉਹ ਆਪਣੇ ਆਪ ਨੂੰ ਕੋਝੀ ਕੋਝੀ ਲੱਗਦੀ ਸੀ। 'ਕਾਵਾਂ ਖੋਤੀ' ਅਸੀਂ ਉਸ ਨੂੰ ਨਹੀਂ ਖਡਾਂਦੇ ਸਾਂ। ਜਦੋਂ ਉਸ ਦੀ ਖੋਤੀ ਬਣਨ ਦੀ ਵਾਰੀ ਆਉਂਦੀ ਤਾਂ ਕੁੜੀ ਹੋਣ ਕਰ ਕੇ ਅਸੀਂ ਉਸ ਨੂੰ ਬਹੁਤਾ ਛੇੜ ਨਹੀਂ ਸਕਦੇ ਸਾਂ। 'ਕਿਰਮਣ ਕਿਰਮੀ ਕੌਣ ਕਿਰਿਆ' ਮੱਠੀ ਜਹੀ ਤੇ ਅੰਵਾਣਿਆਂ ਦੀ ਖੇਡ ਹੋਣ ਕਰਕੇ ਅਸਾਂ ਕਈਆਂ ਵਰ੍ਹਿਆਂ ਦੀ ਛਡ ਦਿਤੀ ਹੋਈ

ਸੀ ਪਰ ਜਦੋਂ ਖੇਡਦੇ ਹੁੰਦੇ ਸਾਂ ਪਾਸ਼ੋ ਇਸ ਨੂੰ ਭੀ ਬੜੇ ਚਾ ਨਾਲ ਖੇਡਦੀ ਸੀ। ਕੌਡੀਆਂ ਤੇ ਬਸ ਉਸ ਦੀਆਂ ਉਂਗਲੀਆਂ ਤੇ ਚੜ੍ਹੀਆਂ ਹੋਈਆਂ ਸਨ। ਬਾਹਮਣ ਬੱਚੇ ਤੇ ਭੀਰ ਵਹੁਟੀਆਂ ਫੜਦੀ ਉਹ ਸਭ ਤੋਂ ਵਧੇਰੇ ਖ਼ੁਸ਼ ਰਹਿੰਦੀ। ਘੰਟਿਆਂ ਬੱਧੀ ਫੁੱਲਾਂ ਵਾਲੇ ਸ਼ਟਾਲਿਆਂ ਤੇ ਲੂਸਣ ਵਿਚ ਚੂੰਘਾਂ ਮਾਰਨ ਪਿਛੋਂ ਜਦੋਂ ਅਸੀ ਇਕ ਦੂਜੇ ਨੂੰ ਆਪਣੇ ਫੜੇ ਹੋਏ ਬਾਹਮਣ ਬਚੇ ਵਖਾਉਂਦੇ ਤਾਂ ਉਸ ਦੀ ਚੁੰਨੀ ਦੀ ਝੋਲੀ ਵਿਚ ਸਭ ਤੋਂ ਵੱਡਾ ਢੇਰ ਹੁੰਦਾ।

ਮੇਰਾ ਤੇ ਪਾਸ਼ੋ ਦਾ ਘਰ ਪਿੰਡ ਦੀ ਇੱਕੋ ਪੱਤੀ ਵਿਚ ਹੋਣ ਕਰ ਕੇ ਉਸ ਦਾ ਮੇਰੇ ਨਾਲ ਦੂਸਰੇ ਮੁੰਡਿਆਂ ਨਾਲੋਂ ਕੁਝ ਵਧੇਰੇ ਗੂੜ੍ਹ ਸੀ। ਉਹ ਰੋਜ਼ ਕਈ ਵਾਰ ਘਰਾਂ ਵਿਚ ਲੋੜੀ ਦੀਆਂ ਚੀਜ਼ਾਂ ਮੰਗਣ ਜਾਂ ਵਾਪਸ ਕਰਨ ਜਾਂ ਕੇਵਲ ਦਿਲ ਪਰਚਾਵੇ ਲਈ ਸਾਡੇ ਘਰ ਆਉਂਦੀ ਤੇ ਕਿੰਨਾ ਚਿਰ ਬੈਠੀ ਜਾਂ ਫਿਰਦੀ ਰਹਿੰਦੀ। ਕਈ ਵਾਰ ਉਹ ਮੈਨੂੰ ਬੈਠਾ ਵੇਖ ਕੇ ਮੇਰੇ ਨਾਲ ਢੋਹ ਲਾ ਕੇ ਬੈਠ ਜਾਂਦੀ ਤੇ ਹੌਲੀ ਹੌਲੀ ਸਾਰਾ ਪਿੰਡਾ ਮੇਰੇ ਤੇ ਸੁਟ ਦਿੰਦੀ। "ਭਈ ਪਾਸ਼ੋ ਆਪਣੇ ਭਾਰ ਬਿਹਾ ਕਰ, ਉਤੇ ਕੀ ਡਿੱਗੀ ਰਹਿਨੀ ਏਂ" ਮੈਂ ਬੋਲ ਉਠਦਾ। ਕਈ ਵੇਰ ਉਹ ਅਪਣੀ ਭਾਬੀ ਦਾ ਪਲੇਠੀ ਦਾ ਮੁੰਡਾ ਸਾਡੇ ਘਰ ਚੁਕ ਲਿਆਉਂਦੀ ਤੇ 'ਵੇਖ ਮੇਰਾ ਵੀਰ, ਵੇਖ ਮੇਰਾ ਵੀਰ' ਆਖਦੀ ਉਹ ਮੁੰਡੇ ਨੂੰ ਆਪਣੀਆਂ ਬਾਹਵਾਂ ਵਿਚੋਂ ਮੇਰੀ ਝੋਲੀ ਵਿਚ ਸਰਕਾ ਦਿੰਦੀ ਤੇ ਨਾਲ ਹੀ ਉੜ ਕੇ ਮੇਰੇ ਮੱਥੇ ਨਾਲ ਮੱਥਾ ਲਾਈ ਜਾਂਦੀ ਜਾਂ ਮੇਰੀਆਂ ਬਾਹਵਾਂ ਨਾਲ ਬਾਹਵਾਂ ਘਸਰ ਜਾਂਦੀ। ਮੈਂ ਇਹ ਮੁੰਡਾ ਕਦੀ ਨਹੀਂ ਚੁਕਣਾ ਚਾਹੁੰਦਾ ਸਾਂ, ਇਸ ਲਈ ਪਾਸ਼ੋ ਦੀ ਇਹ ਹਰਕਤ ਮੈਨੂੰ ਬੜੀ ਭੈੜੀ ਲਗਦੀ ਸੀ। ਇਕ ਦਿਨ ਮੈਂ ਸਵਰੇ ਸਵੇਰੇ ਢੱਗਿਆਂ ਨੂੰ ਤੇਲ ਦੇਣ ਵਾਲੀ ਨਾਲ ਮੰਗਣ ਉਨ੍ਹਾਂ ਦੇ ਘਰ ਗਿਆ। ਪਾਸ਼ੋ ਅਜੇ ਸੁੱਤੀ ਪਈ ਸੀ। ਮੈਂ ਉਸ ਦੀ

ਮੰਜੀ ਕੋਲ ਖਲੋ ਕੇ ਉਸ ਨੂੰ ਆਵਾਜ਼ ਮਾਰੀ। ਉਸ ਅਧੀ ਸੁੱਤੀ ਅੱਧੀ ਜਾਗਦੀ ਨੇ ਦੋਵੇਂ ਹੱਥ ਰਜ਼ਾਈ ਵਿਚੋਂ ਬਾਹਰ ਕੱਢ ਕੇ ਮੇਰਾ ਇਕ ਹੱਥ ਉਨ੍ਹਾਂ ਵਿਚ ਘੁਟ ਲਿਆ।

ਉਂਝ ਪਾਸ਼ੋ ਮੈਨੂੰ ਡਾਹਢੀ ਚੰਗੀ ਲੱਗਦੀ ਸੀ। ਉਹ ਪਿੰਡ ਦੀਆਂ ਹੋਰ ਕੁੜੀਆਂ ਵਾਂਗ ਹਰ ਵੇਲੇ ਕੱਠੀ ਕੱਠੀ ਹੋ ਕੇ ਨਹੀਂ ਟੁਰਦੀ ਸੀ ਸਗੋਂ ਅੰਦਰ ਬਾਹਰ ਦੁੜੰਗੇ ਲਾਂਦੀ ਰਹਿੰਦੀ। ਖੇਡਾਂ ਵਿਚੋਂ ਨਿਕਲ ਹਰ ਲੜਾਈ ਝਗੜੇ ਵਿਚ ਉਹ ਮੇਰਾ ਸਾਥ ਦੇਂਦੀ ਸੀ। ਮੇਰੀ ਵੱਡੀ ਤੋਂ ਵਡੀ ਗਪ ਉਹ ਸਹਿਜੇ ਹੀ ਪਚਾ ਜਾਂਦੀ ਸੀ। ਕਈ ਵੇਰ ਉਸ ਨੂੰ ਅਨੋਖੇ ਅਨੋਖੇ ਮਖ਼ੌਲ ਸੁਝਦੇ ਸਨ। ਮੈਂ ਸ਼ਰਾਬ ਕਢਣ ਲਈ ਪੈਲੀਆਂ ਵਿਚ ਇਕ ਘੜਾ ਪਾਇਆ ਹੋਇਆ ਸੀ ਤੇ ਪਾਸ਼ੋ ਨੂੰ ਇਹ ਪਤਾ ਸੀ। ਇਕ ਵੇਰ ਉਹ ਭੱਜੀ ਭੱਜੀ ਪਿੰਡੋਂ ਆਈ ਤੇ ਕਹਿਣ ਲੱਗੀ ਪਿੰਡ ਸਪਾਹੀ ਆਏ ਹੋਏ ਨੇ ਤੇ ਤਲਾਸ਼ੀਆਂ ਲੈ ਰਹੇ ਨੇ। ਮੈਂ ਝਟ ਪਟ ਜਾ ਕੇ ਅਪਣਾ ਘੜਾ ਭੰਨ ਦਿਤਾ। ਪਿੰਡ ਆ ਕੇ ਪਤਾ ਲਗਾ ਕਿ ਸਪਾਹੀ ਤੇ ਕੋਈ ਆਇਆ ਹੀ ਨਹੀਂ ਸੀ।

ਇਕ ਦਿਨ ਅਸੀਂ ਸ਼ੜਕ ਤੇ 'ਘੜਬਿੱਲ ਬਚਾ' ਖੇਡਦੇ ਪਏ ਸਾਂ ਕਿ ਸੁਨਿਆਰਿਆਂ ਦੀ ਕੁੜੀ ਟਾਂਗੇ ਵਿਚ ਲੰਘੀ। ਉਹ ਰੋਜ਼ ਟਾਂਗੇ ਵਿਚ ਸ਼ਹਿਰ ਪੜ੍ਹਨ ਜਾਂਦੀ ਸੀ। ਉਸ ਮੂੰਹ ਤੇ ਸੁਰਖ਼ੀ ਪੌਡਰ ਲਾਇਆ ਹੋਇਆ ਸੀ ਤੇ ਹਮੇਸ਼ਾਂ ਵਾਂਗ ਸੋਹਣੇ ਸੋਹਣੇ ਕਪੜੇ ਪਾਏ ਹੋਏ ਸਨ। ਸਾਰੇ ਮੁੰਡੇ ਖੇਡ ਛਡ ਕੇ ਉਸ ਵਲ ਵੇਖਣ ਲਗ ਪਏ ਤੇ ਪਾਸ਼ੋ ਵੀ ਖੜੀ ਵੇਖਦੀ ਰਹੀ। ਖੇਡ ਮੁਕਣ ਪਿਛੋਂ ਜਦ ਮੈਂ ਤੇ ਪਾਸ਼ੋ ਘਰ ਨੂੰ ਟੁਰੇ ਤਾਂ ਪਾਸ਼ੋ ਨੇ ਰਸਤੇ ਵਿਚ ਕਿਹਾ "ਸੁਨਿਆਰਿਆਂ ਦੀ ਕੁੜੀ ਸੋਹਣੀ ਏ ਨ ਤਾਹੀਓਂ ਈ ਸਾਰੇ ਮੁੰਡੇ ਖੇਡ ਛਡ ਕੇ ਉਸ ਵਲ ਵੇਂਹਦੇ ਸਨ ਨ"

"ਘਟਾ ਸੋਹਣੀ ਏਂ ਪਾਸ਼ੋ, ਭੋਰਾ ਪੜ੍ਹੀ ਹੋਈ ਏ ਹੋਰ ਕੀ ਏ। ਤੂੰ ਤੇ ਉਹੋ ਜਹੀਆਂ ਪੰਜਾਂ ਵਰਗੀ ਏਂ।"

"ਸਚੀਂ" ਪਾਸ਼ੋ ਨੇ ਖਿੜ ਕੇ ਪੁਛਿਆ।

"ਸੱਚੀਂ ਪਾਸ਼ੋ ਤੂੰ ਤੇ ਘੜਬਿੱਲਬਚਾ ਖੇਡ ਲੈਨੀ ਏਂ ਤੇ ਵਡੇ ਵਡੇ ਹੜੱਪੇ ਮਾਰ ਲੈਨੀ ਏਂ,ਨਾਲੇ ਕੌਡੀਆਂ ਤੇਰੀਆਂ ਉਂਗਲਾਂ ਤੇ ਚੜ੍ਹੀਆਂ ਹੋਈਆਂ ਨ। ਮੈਂ ਆਹਨਾਂ, ਪਾਸ਼ੋ, ਸੁਨਿਆਰਿਆਂ ਦੀ ਕੁੜੀ ਕੀ ਤੂੰ ਤੇ ਕਈਆਂ ਮੁੰਡਿਆਂ ਨਾਲੋਂ ਵੀ ਚੰਗੀ ਏਂ।" "ਕੋਈ।" ਪਾਸ਼ੋ ਨੇ ਗੁਸੇ ਨਾਲ ਭੁਜ ਕੇ ਆਖਿਆ ਤੇ ਆਪਣੇ ਘਰ ਵੜ ਗਈ।

ਵਸਾਖੀ ਸਾਡੇ ਪਿੰਡੋਂ ਕੋਈ ਦੋ ਕੁ ਮੀਲਾਂ ਤੇ ਲੱਗਦੀ ਸੀ ਤੇ ਹਰ ਸਾਲ ਅਸੀ ਸਾਰੇ ਮੁੰਡੇ ਤੇ ਕਈ ਮੁਰੱਬੇ ਭਜਦੇ ਹੀ ਜਾਂਦੇ ਤੇ ਕੁੜੀਆਂ ਏਨਾਂ ਭਜ ਨਹੀਂ ਸਨ ਸਕਦੀਆਂ। ਕੁੜੀਆਂ ਦੇ ਸਾਥ ਤੋਂ ਸਭ ਤੋਂ ਬਹੁਤੀ ਖਿਝ ਮੈਨੂੰ ਆਉਂਦੀ ਹੁੰਦੀ ਸੀ।

ਇਸ ਵੇਰੀ ਆਪਣੇ ਪੈਸਿਆਂ ਵਿਚੋਂ ਮੇਲੇ ਤੋਂ ਇਕ ਸ਼ੀਸ਼ਾ ਲਿਆਉਣ ਦਾ ਇਕਰਾਰ ਕਰ ਕੇ ਪਾਸ਼ੋ ਨੇ ਆਪਣੀ ਭਰਜਾਈ ਤੋਂ ਪਾਣ ਲਈ ਸੋਹਣੇ ਸੋਹਣੇ ਕਪੜੇ ਮੰਗ ਲਏ ਸਨ ਤੇ ਕੁਝ ਸੱਕ ਸੁਰਮਾਂ ਵੀ ਮਲਿਆ ਹੋਇਆ ਸੀ। ਗੁਰਦਵਾਰੇ ਭਾਈ ਨੂੰ ਵਸਾਖੀ ਦੀ ਰੋਟੀ ਦੇ ਕੇ ਆਉਂਦੀ ਓਹ ਮੈਨੂੰ ਮਿਲੀ। ਕਪੜਿਆਂ ਨੇ ਉਸ ਤੇ ਕੁਝ ਹੋਰ ਦਾ ਹੋਰ ਹੀ ਰੰਗ ਚਾੜ੍ਹਿਆ ਹੋਇਆ ਸੀ। ਅਜ ਉਹ ਕੁਝ ਓਪਰੀ ਓਪਰੀ ਭਾਅ ਮਾਰਦੀ ਸੀ। ਪਹਿਲੀ ਪਾਸ਼ੋ ਤੇ ਕਿਧਰੇ ਵਿਸਦੀ ਹੀ ਨਹੀਂ ਸੀ। ਸਜੀ ਧਜੀ ਉਹ ਸੁਨਿਆਰਿਆਂ ਦੀ ਕੁੜੀ ਦੀ ਤਰ੍ਹਾਂ ਲਗਦੀ ਸੀ। "ਵਸਾਖੀ ਨਹੀਓਂ ਜਾਣਾ ਪਾ ?" ਮੈਨੂੰ ਉਸ ਨੂੰ ਕੁਆੜ੍ਹਿਆਂ ਕੁਝ ਸੰਙ ਜਹੀ ਆਈ।

"ਮੇਰੀ ਮਾਂ ਆਂਹਦੀ ਸੀ ਤੂੰ ਮੁੰਡਿਆਂ ਨਾਲ ਨ ਜਾਈਂ, ਕੁੜੀਆਂ ਨਾਲ ਜਾਈਂ।"

ਮਾਂ ਦੀ ਇਸ ਰੋਕ ਨੇ ਮੇਰੀ ਪਾਸ਼ੋ ਨੂੰ ਵਸਾਖੀ ਲਿਜਾਣ ਦੀ ਖਾਹਸ਼ ਨੂੰ ਵਧੇਰੇ ਤੇਜ਼ ਕਰ ਦਿਤਾ।

"ਮਾਂ ਨੇ ਕਿਹੜਾ ਓਥੇ ਵੇਖਣ ਆਉਣਾ ਏ ਪਾਸ਼ੋ?" ਮੈਂ ਤਰਲਾ ਕੀਤਾ।

"ਚੰਗਾ ਵਡੇ ਛਪੜ ਕੋਲ ਖਲੋ ਮੈਂ ਲਗੀ ਆਉਨੀ ਆਂ ."

"ਇਹ ਮੁੰਡਾ ਕਿਥੋਂ ਏ?" ਪਾਸ਼ੋ ਨੇ ਮਲੇ ਵਿਚ ਫਿਰਦੇ ਇਕ ਸੋਹਣੇ ਜਹੇ ਮੁੰਡੇ ਵਲ ਅੱਖ ਨਾਲ ਇਸ਼ਾਰਾ ਕਰਕੇ ਪੁਛਿਆ।

"ਕੁਰਲਕਿਆਂ ਦੇ ਲੰਬਰ ਦਾ ਮੁੰਡਾ ਈ ਕੋਈ ਦੋ ਜਮਾਤਾਂ ਪੜ੍ਹਿਆ ਹੋਇਆ ਜਾਪਦਾ ਏ, ਬੜਾ ਫੋਸੜ ਏ। ਇਕ ਦਿਨ ਲੰਮਟਿਆਂ ਦੀ ਛੰਭ ਵਿਚ ਇਹਦੀਆਂ ਵੀ ਮੱਝੀ ਬੈਠੀਆਂ ਹੋਈਆਂ ਸਨ ਤੇ ਮੈਂ ਵੀ ਚਾਰਦਾ ਚਾਰਦਾ ਆਪਣੀਆਂ ਮੱਝੀਂ ਉਥੇ ਹੀ ਲੈ ਆਇਆ। ਮੇਰੀਆਂ ਮੱਝੀਂ ਛੰਭ ਵਿਚ ਵੜੀਆਂ ਤਾਂ ਇਹਦਾ ਸੰਢਾ ਮੇਰੀਆਂ ਮਝੀਂ ਵਿਚ ਰਲ ਗਿਆ। ਹੋਰ ਤੇ ਇਹਦਾ ਸਾਰਾ ਮਾਲ ਛੰਭ ਵਿਚੋਂ ਨਿਕਲ ਆਇਆ ਪਰ ਸੰਢਾ ਇਹਦਾ ਮੇਰੀਆਂ ਮਝੀਂ ਨਾਲ ਵਿਚੇ ਈ ਬੈਠਾ ਰਿਹਾ। ਆਹੰਦਾ ਏ ਵਿਚ ਵੜ ਕੇ ਕੱਢ ਲੈਨੇਂ ਆਂ। ਲੁਕਦੀ ਲਾਹ ਕੇ ਵਿਚ ਵੜ ਗਿਆ। ਅੱਧ ਕੁ ਵਿਚ ਗਿਆ ਤੇ ਲੱਗਾ ਗੋਤੇ ਖਾਣ। ਕਦੀ ਉਤਾਂਹ ਸਿਰੀ ਕਢੇ ਤੇ ਫਿਰ ਪਾਣੀ ਵਿਚੇ ਹੀ ਦੱਬ ਲਏ ਸੂ। ਮੈਂ ਆਖਿਆ ਪਈ ਮੋਇਆ। ਸਣ-ਕਪੜਿਆਂ ਵਿਚ ਛਾਲ ਮਾਰੀ ਮੈਂ, ਤੇ ਇਹਨੂੰ ਗਿੱਚੀਓਂ ਫੜ ਕੇ ਬਾਹਰ ਕਢ ਲਿਆਂਦਾ।" ਗੱਲ ਸੁਣ ਕੇ ਪਾਸ਼ੋ ਖੀ ਖੀ ਕਰ ਕ ਹਸੀ।

ਸਾਡੇ ਪਿੰਡ ਦੇ ਨੇੜੇ ਦਾ ਇਕ ਨਾਈ ਮੁੰਡਾ ਮੇਲੇ ਵਿਚ ਆਇਆ ਲੋਕਾਂ ਨੂੰ ਸ਼ੀਸ਼ਾ ਵਖਾ ਵਖਾ ਕੇ ਲਾਗ ਉਗਰਾਹੁੰਦਾ ਫਿਰਦਾ ਸੀ। ਅਗੇ ਕਈ ਮੇਲਿਆ ਤੇ ਉਸ ਮੈਨੂੰ ਵੀ ਸ਼ੀਸ਼ਾ ਵਖਾਇਆ ਸੀ ਪਰ ਮੈਂ ਉਸ ਨੂੰ ਧੌਣੋਂ ਫੜ ਕੇ ਲਾਂਭੇ ਕਰ ਦਿੰਦਾ ਹੁੰਦਾ ਸਾਂ। ਇਸ ਵਾਰੀ ਫਿਰ ਉਸ ਹੌਸਲਾ ਕਰ ਕੇ ਸ਼ੀਸ਼ਾ ਮੇਰੇ ਮੂਹ ਅਗੇ ਕੀਤਾ ਤੇ ਮੈਂ ਬੋਝੇ ਵਿਚੋਂ ਅਠਿਆਨੀ ਕੱਢ ਕੇ ਉਸ ਨੂੰ ਫੜਾ ਦਿਤੀ।

# ਮਾਸਟਰ ਭੋਲਾ ਰਾਮ

ਮਾਸਟਰ ਭੋਲਾ ਰਾਮ ਜੀ ਐਫ਼. ਏ; ਜੇ. ਏ. ਵੀ.ਕਈ ਸਾਲਾਂ ਤੋਂ ਕਸ਼ੱਤਰੀ ਹਾਈ ਸਕੂਲ ਦੇ ਸੀਨੀਅਰ ਜਨਰਲ ਨਾਲਜ ਦੇ ਟੀਚਰ ਸਨ। ਕਿਸੇ ਵਡੇ ਦਰਿਆ ਦੇ ਪੱਤਨ ਤੇ ਬੈਠੇ ਮਲਾਹ ਵਾਂਗ, ਇਨ੍ਹਾਂ ਮੁੰਡਿਆਂ ਦੇ ਕਈ ਪੂਰ ਹਥੀਂ ਫੜ ਫੜ ਕੇ ਲੰਘਾਏ ਸਨ।ਕਈ ਹੋਰ ਨਵੇਂ ਆਉਂਦੇ ਗਏ। ਹਰ ਨਵੇਂ ਆਏ ਪੂਰ ਤੇ ਸਾਧਾਰਨ ਹੀ ਮਾਸਟਰ ਜੀ ਦਾ ਉੱਨਾਂ ਰੁਅਬ ਬੈਠ ਜਾਂਦਾ ਜਿੰਨਾਂ ਉਸ ਤੋਂ ਪਹਿਲੇ ਪੂਰ ਤੇ ਹੁੰਦਾ ਸੀ। ਮਾਸਟਰ ਜੀ ਦਾ ਸਰੀਰ ਭਾਵੇਂ ਮਧਰਾ ਤੇ ਪਤਲਾ ਸੀ, ਪਰ ਆਵਾਜ਼ ਉਚੀ ਤੇ ਨਕਸ਼ ਤ੍ਰਿੱਖੇ ਸਨ। ਇਸ ਉਚੀ ਆਵਾਜ਼ ਤੇ ਤਿਖੇ ਨਕਸ਼ਾਂ ਦੇ ਰੁਅਬ ਹੇਠਾਂ ਕਦੀ ਕਿਸੇ ਦਾ ਮਾਸਟਰ ਜੀ ਦੀ ਸਰੀਰਕ ਸ਼ਕਤੀ ਪੜਚੋਲਨ ਵਲ ਬਹੁਤਾ ਧਿਆਨ ਨਹੀਂ ਸੀ ਗਿਆ।

ਨਵੇਂ ਜ਼ਮਾਨੇ ਦੇ ਅਸਰ ਥਲੇ ਸੰਧਿਆ ਵੇਲੇ ਮੁੰਡਿਆਂ ਦਾ ਰੋਲਾ ਦਿਨੋਂ ਦਿਨ ਵਧਦਾ ਜਾ ਰਿਹਾ ਸੀ, ਪਰ ਜਦ ਕਦੀ ਮਾਸਟਰ ਭੋਲਾ ਰਾਮ ਜੀ ਸੰਧਿਆ ਤੇ ਆ ਧਮਕਦੇ,ਸਾਰੇ ਮੁੰਡੇ ਇਕ ਦਮ ਚੁਪ ਹੋ ਜਾਂਦੇ; ਕਿਸੇ ਦੇ ਕੁਸਕਣ ਦੀ ਵੀ ਆਵਾਜ਼ ਨਾ ਆਉਂਦੀ। ਪੜ੍ਹਾਈ ਵਿਚ ਮਾਸਟਰ ਜੀ ਮੁੰਡਿਆਂ ਦਾ ਵਾਹ ਵਾਹ ਜੀ ਲਾਈ ਰਖਦੇ। ਕਈ ਕਿਤਾਬਾਂ ਵਿਚੋਂ ਉਹਨਾਂ ਇਤਿਹਾਸ ਦੇ ਦਿਲ ਖਿਚਵੇਂ ਟੋਟਕੇ ਪੜ੍ਹੇ ਹੋਏ ਸਨ, ਜਿਵੇਂ ਸਿਕੰਦਰ ਆਜ਼ਮ ਪਹਿਲਾ ਫ਼ਰੰਗੀ ਹਮਲਾ ਆਵਰ ਸੀ ਜਿਸ ਨੇ

ਹਿੰਦੁਸਤਾਨ ਤੇ ਅਫ਼ਗਾਨਿਸਤਾਨ ਤੇ ਖੈਬਰ ਦੀ ਰਾਹੀਂ ਹਮਲਾ ਕੀਤਾ। ਅਜੇ ਵੀ ਜੇ ਤੁਸੀਂ ਅਫ਼ਗਾਨਿਸਤਾਨ ਜਾਉ ਤਾਂ ਜੇਹੂ ਦਰਿਆ ਦੇ ਉਰਲੇ ਕੰਢੇ ਤੇ ਤੁਹਾਨੂੰ ਇਕ ਸਿਲ ਵਿਖਾਈ ਜਾਂਦੀ ਹੈ, ਜਿਸ ਤੇ ਇਕ ਵਡੇ ਸਾਰੇ ਪੈਰ ਦਾ ਨਿਸ਼ਾਨ ਹੈ। ਉਥੋਂ ਦੇ ਲੋਕਾਂ ਦਾ ਇਹ ਨਿਸਚਾ ਹੈ ਤੇ ਤੁਹਾਡਾ ਇਸ ਗਲ ਤੇ ਨਿਸਚਾ ਕਰਨ ਲਈ ਜ਼ਿੱਦ ਕੀਤੀ ਜਾਂਦੀ ਹੈ ਕਿ ਇਹ ਨਿਸ਼ਾਨ ਸਿਕੰਦਰ ਦੇ ਪੈਰ ਦਾ ਹੈ, ਤੇ ਉਸ ਵਕਤ ਪੈ ਗਿਆ ਜਦ ਉਹ ਇਸ ਉਚੀ ਸਿਲ ਤੇ ਖਲੋ ਕੇ ਆਪਣੀਆਂ ਅਣਗਿਣਤ ਫੌਜਾਂ ਨੂੰ ਹਿੰਦੁਸਤਾਨ ਤੇ ਹਮਲਾ ਕਰਨ ਲਈ ਦਰਿਆ ਪਾਰ ਕਰਦਿਆਂ ਵੇਖ ਰਿਹਾ ਸੀ।

ਜੁਲਾਈ ਦਾ ਇਕ ਚੋਖਾ ਗਰਮ ਦਿਨ ਸੀ। ਜੁਗਰਾਫ਼ੀਏ ਦੀ ਘੰਟੀ ਵਿਚ ਮੁੰਡਿਆਂ ਦਾ ਪੜ੍ਹਨ ਨੂੰ ਉਕਾ ਜੀ ਨਹੀਂ ਸੀ ਕਰਦਾ ਪਿਆ। ਮਾਸਟਰ ਜੀ ਨੇ ਆ ਕੇ ਪੰਜਾਬ ਦੀਆਂ ਨਹਿਰਾਂ ਦਾ ਸਬਕ ਸ਼ੁਰੂ ਕੀਤਾ: 'ਪੰਜਾਬ ਦਾ ਸੂਬਾ ਸਾਰੇ ਹਿੰਦੁਸਤਾਨ ਨਾਲੋਂ ਨਹਿਰਾਂ ਲਈ ਵਧੇਰੇ ਯੋਗ ਹੈ। ਇਸ ਯੋਗਤਾ ਦਾ ਕਾਰਨ ਇਸ ਦਾ ਪੱਧਰਾ ਹੋਣਾ ਹੈ। ਪੰਜਾਬ ਤਾਂ ਇਸ ਤਰ੍ਹਾਂ ਪੱਧਰਾ ਹੈ ਜਿਸ ਤਰ੍ਹਾਂ ਇਸ ਕਮਰੇ ਦਾ ਫ਼ਰਸ਼। ਹੋਰਨਾਂ ਸੂਬਿਆਂ ਵਿਚ ਜਿਵੇਂ ਬੰਗਲੌਰ ਵਰਗੀਆਂ ਥਾਵਾਂ ਉਤੇ ਤੇ ਸਾਈਕਲ ਚਲਾਉਂਦਿਆਂ ਹੰਭ ਜਾਈਦਾ ਹੈ, ਨਹਿਰਾਂ ਕਿਸੇ ਸਵਾਹ ਪੁਟਣੀਆਂ ਨੇ।'

ਚਪੜਾਸੀ ਨੇ ਆ ਕੇ ਸੁਨੇਹਾ ਦਿਤਾ ਕਿ ਹੈਡ ਮਾਸਟਰ ਸਾਹਿਬ ਬੁਲਾ ਰਹੇ ਹਨ ਤੇ ਮਾਸਟਰ ਜੀ ਸਬਕ ਵਿਚੇ ਛਡ ਕੇ ਬਾਹਰ ਚਲੇ ਗਏ। ਮਾਸਟਰ ਜੀ ਦੇ ਜਾਣ ਪਿਛੋਂ ਕਮਰੇ ਵਿਚਲੀ ਖੱਡ ਦੀ ਗਰਮੀ ਤੋਂ ਤੰਗ ਆਇਆ ਇਕ ਚੂਹਾ ਹਵਾ ਖਾਣ ਲਈ ਬਾਹਰ ਨਿਕਲ ਆਇਆ। ਵੇਹਲੀ ਬੈਠੀ ਜਮਾਤ ਨੇ ਉਸ ਨੂੰ ਵੇਹਣ ਵਿਚ ਦੇਰ ਨਾ ਲਾਈ। ਇਕ ਮੁੰਡੇ ਨੇ ਜ਼ਰਾ ਦਲੇਰੀ ਕਰ ਕੇ ਉਸ ਨੂੰ ਚੁਕ ਕੇ ਮਾਸਟਰ

ਜੀ ਦੇ ਮੇਜ਼ ਤੇ ਟਿਕਾ ਦਿਤਾ।

"ਹਾਂ ਤਾਂ ਮੈਂ ਆਖ ਰਿਹਾ ਸਾਂ...!" ਮਾਸਟਰ ਜੀ ਦੀ ਨਜ਼ਰ ਮੇਜ਼ ਤੇ ਪਏ ਮੋਏ ਚੂਹੇ ਤੇ ਪਈ। ਜ਼ਖ਼ਮਾਂ ਵਿਚੋਂ ਲਹੂ ਡੈਸਕ ਤੇ ਗਿਰ ਰਿਹਾ ਸੀ। "ਇਹ ਜੀਵ-ਹਤਿਆ ਕਿਸ ਸੂਰ ਦੇ ਪੁਤਰ ਨੇ ਕੀਤੀ ਹੈ?"

ਮਾਸਟਰ ਜੀ ਨੇ ਕ੍ਰੋਧ ਵਿਚ ਆ ਕੇ ਪੁਛਿਆ, "ਜਲਦੀ ਦਸੋ ਨਹੀਂ ਤੇ ਛੇ ਛੇ ਬੈਂਤ ਸਾਰਿਆਂ ਨੂੰ ਠੋਕਾਂਗਾ।" ਪਹਿਲਾਂ ਤਾਂ ਕੋਈ ਨਾ ਬੋਲਿਆ, ਪਰ ਬੈਂਤਾਂ ਤੋਂ ਡਰ ਕੇ ਜਾਂ ਕਿਸੇ ਪੁਰਾਣੀ ਦੁਸ਼ਮਨੀ ਕਰ ਕੇ ਇਕ ਮੁੰਡੇ ਨੇ ਉਠ ਕੇ ਕਿਹਾ।

"ਜੀ, ਭੋਪੀ ਨੇ।"

ਮਾਸਟਰ ਜੀ ਨੇ ਭੋਪੀ ਨੂੰ ਕੰਨੋਂ ਧੂਹ ਕੇ ਡੈਸਕ ਤੋਂ ਬਾਹਰ ਕਢ ਲਿਆ। "ਹਰਾਮਜ਼ਾਦਾ, ਮੈਂ ਤੇਰੇ ਪਿਓ ਦੀ ਉਮਰ ਦਾ ਵਾਂ," ਤੇ ਤਾੜ ਤਾੜ ਕਰਦੀ ਇਕ ਚਪੇੜ ਭੋਪੀ ਦੇ ਮੂੰਹ ਤੇ ਪਈ। ਹੱਥ ਦੀ ਇਕ ਉਂਗਲੀ ਉਹਦੇ ਨੱਕ ਤੇ ਲੱਗ ਗਈ ਤੇ ਉਹਨੂੰ ਨਕਸੀਰ ਫੁਟ ਪਈ। ਭੋਪੀ ਨੇ ਰੁਮਾਲ ਕੱਢ ਕੇ ਨੱਕ ਅਗੇ ਰੱਖ ਲਿਆ ਤੇ ਪਲੋ ਪਲੀ ਸਾਰਾ ਰੁਮਾਲ ਲਾਲ ਹੋ ਗਿਆ।

ਭੋਪੀ ਸਕੂਲ ਦੀ ਕਮੇਟੀ ਦੇ ਬੁਢੇ ਪ੍ਰੈਜ਼ੀਡੈਂਟ ਦਾ ਪਿਛਲੀ ਉਮਰ ਵਿਚ ਵਿਆਹੀ ਵਹੁਟੀ ਵਿਚੋਂ ਇਕੋ ਇਕ ਪੁਤਰ ਸੀ। ਮੁੰਡੇ ਦੇ ਲਹੂ ਨਾਲ ਭਰਿਆ ਰੁਮਾਲ ਤਾਂ ਉਹਦਾ ਪਿਓ ਸ਼ਾਇਦ ਸਹਾਰ ਲੈਂਦਾ ਪਰ ਮਾਸਟਰ ਜੀ ਨੇ ਗਾਲ੍ਹ ਕੁਝ ਅਜਿਹੀ ਚੁਣੀ ਸੀ, ਇਕ ਬੁਢੇ ਪਤੀ ਦੀ ਜਵਾਨ ਇਸਤ੍ਰੀ ਤੇ ਅਲਜ਼ਾਮ ਲਾਇਆ ਸੀ। ਮਾਸਟਰ ਭੋਲਾ ਰਾਮ ਜੀ ਨੂੰ ਤੀਸਰੇ ਦਿਨ ਨੌਕਰੀਓਂ ਜਵਾਬ ਮਿਲ ਗਿਆ।

ਹੁਣ ਟਰੀਬੀਊਨ ਦਾ ਦੂਜਾ ਸਫ਼ਾ ਮਾਸਟਰ ਜੀ ਲਈ ਬੇ-ਹੱਦ

ਖਿੱਚ ਰੱਖਣ ਲਗ ਪਿਆ ਤੇ ਬਾਕੀ ਦੀ ਅਖਬਾਰ ਬੇ ਸਵਾਦ ਲੱਗਣ ਲੱਗ ਪਈ।

ਜਵਾਹਰ ਲਾਲ ਦੀ ਰਿਹਾਈ, ਸ਼ਿਮਲਾ ਕਾਨਫਰੰਸ ਦੀ ਅਸ-ਫਲਤਾ ਤੇ ਜਾਪਾਨ ਦੀ ਜੰਗ ਵਿਚ ਹਾਰ, ਵਾਧੂ ਜਿਹੀਆਂ ਗੱਲਾਂ ਸਨ। ਬਹੁਤ ਜ਼ਰੂਰੀ ਤਾਂ ਇਹ ਗੱਲ ਸੀ ਕਿ ਕਿਸੇ ਸਕੂਲ ਨੂੰ ਇਕ ਮਾਸਟਰ ਦੀ ਲੋੜ ਹੈ ਜਾਂ ਨਹੀਂ। ਮਾਸਟਰ ਜੀ ਬਗੈਰ ਪਹਿਲਾ ਸਫ਼ਾ ਵੇਖੇ ਦੂਜਾ ਸਫ਼ਾ ਖੋਹਲਦੇ ਤੇ ਪੜ੍ਹਨ ਵਿਚ ਜੁਟ ਜਾਂਦੇ। ਆਦਮੀਆਂ ਦੀਆਂ ਲੋੜਾਂ ਪਿਛੋਂ ਕੋਠੀਆਂ, ਮਸ਼ੀਨਾਂ, ਮੋਟਰਾਂ ਕੁਤੇ ਆਦਿ ਖਰੀਦਣ ਵੇਚਣ ਦੇ ਇਸ਼ਤਿਹਾਰ ਤੇ ਫਿਰ ਵਿਆਹਾਂ ਵਾਸਤੇ ਕੁੜੀਆਂ ਮੁੰਡਿਆਂ ਦੀਆਂ ਮੰਗਾਂ ਆ ਜਾਂਦੀਆਂ, ਪਰ ਮਾਸਟਰ ਜੀ ਅਜੇ ਵੀ ਪੜ੍ਹਦੇ ਜਾਂਦੇ, ਸ਼ਾਇਦ ਕੋਈ ਮਾਸਟਰ ਲਈ ਇਸ਼ਤਿਹਾਰ ਇਨ੍ਹਾਂ ਵਿਚ ਹੀ ਅੜਿਆ ਹੋਇਆ ਹੋਵੇ। ਕਈ ਕਿਸਮ ਦੀਆਂ ਲੋੜਾਂ ਦੇ ਇਸ਼ਤਿਹਾਰ ਨਿਕਲਦੇ, ਕਲੱਰਕਾਂ ਦੀਆਂ, ਏਜੰਟਾਂ ਦੀਆਂ, ਅਫ਼ਸਰਾਂ ਦੀਆਂ ਖਾਨਸਾਮਿਆਂ ਤੇ ਡਰਾਈਵਰਾਂ ਦੀਆਂ ਘਰ ਵਿਚ ਪੜ੍ਹਾਣ ਵਾਲੇ ਟਿਊਟਰਾਂ ਦੀਆਂ ਤੇ ਕਈ ਵਾਰੀ ਮਾਸਟਰਾਂ ਦੀਆਂ ਵੀ। ਮਾਸਟਰ ਜੀ ਕੋਲ ਬਚੇ ਹੋਏ ਪੈਸੇ ਅਰਜ਼ੀਆਂ ਟਾਈਪ ਕਰਾਣ, ਉਹਨਾਂ ਨੂੰ ਰਜਿਸਟਰੀ ਕਰਾਣ ਤੇ ਸਕੂਲਾਂ ਦੇ ਮੈਨੇਜਰਾਂ ਨਾਲ ਮੁਲਾਕਾਤ ਕਰਨ ਤੇ ਖ਼ਰਚ ਹੋਣ ਲਗ ਪਏ। ਪਰ ਨੌਕਰੀ ਕਿਤੇ ਨਹੀਂ ਸੀ ਮਿਲਦੀ। ਹੋਰ ਤੇ ਸਭ ਠੀਕ ਸੀ ਪਰ ਮਾਸਟਰ ਜੀ ਇਕ ਸਕੂਲ ਵਿਚੋਂ ਕੱਢੇ ਹੋਏ ਸਨ ਤੇ ਕੋਈ ਇਕ ਦਾਗੀ ਆਦਮੀ ਕਿਉਂ ਰੱਖੇ ਜਦੋਂ ਬੇਦਾਗ ਬਥੇਰੇ ਮਿਲਦੇ ਹੋਣ।

ਆਖ਼ਰ ਇਕ ਦਿਨ ਮਾਸਟਰ ਜੀ ਨੂੰ ਨੌਕਰੀ ਦੀ ਚਿੱਠੀ ਆ ਹੀ ਗਈ। ਮਾਸਟਰ ਜੀ ਇਕ ਪਿੰਡ ਦੇ ਖ਼ਾਲਸਾ ਹਾਈ ਸਕੂਲ ਵਿਚ ਪੰਜਵੀਂ ਛੇਵੀਂ ਨੂੰ ਅੰਗਰੇਜ਼ੀ ਪੜ੍ਹਾਨ ਲਈ ਰਖ ਲਏ ਗਏ। ਪਰ

ਮਾਸਟਰ ਜੀ ਉਹ ਪੁਰਾਣੇ ਮਾਸਟਰ ਭੋਲਾ ਰਾਮ ਜੀ ਨਹੀਂ ਸਨ ਰਹਿ ਗਏ। ਬੇ-ਰੁਜ਼ਗਾਰੀ ਦਾ ਸਹਿਮ ਉਹਨਾਂ ਦੇ ਮੂੰਹ ਉਤੇ ਚਿਤ੍ਰਿਆ ਗਿਆ ਸੀ। ਨਕਸ਼ਾਂ ਦੇ ਤਿਖੇ ਪਣ ਨੂੰ ਫ਼ਿਕਰਾਂ ਦੀਆਂ ਲੀਕਾਂ ਨੇ ਲੁਕਾਣਾ ਸ਼ੁਰੂ ਕਰ ਦਿਤਾ ਸੀ ਤੇ ਆਵਾਜ਼ ਕੁਝ ਬੈਠ ਜਿਹੀ ਗਈ ਜਾਪਦੀ ਸੀ। ਤੇ ਅਚੇਤ ਹੀ ਇਹ ਗੱਲ ਸਕੂਲ ਦੇ ਹਰ ਇਕ ਮੁੰਡੇ ਨੂੰ ਇਸ ਤਰ੍ਹਾਂ ਪਤਾ ਸੀ ਜਿਵੇਂ ਕਿਸੇ ਨੇ ਡੌਂਡੀ ਪਿਟਵਾ ਦਿਤੀ ਹੋਵੇ।

ਮਾਸਟਰ ਜੀ ਮੁੰਡਿਆਂ ਦੇ ਮਖ਼ੌਲਾਂ ਦਾ ਨਿਸ਼ਾਨਾ ਬਣਨ ਲੱਗ ਪਏ, ਪਹਿਲਾਂ ਅੰਦਰੋ ਅੰਦਰੀ ਤੇ ਫੇਰ ਪਰਤੱਖ। ਲੰਘਦੇ ਜਾਂਦੇ ਮੁੰਡੇ ਮਾਸਟਰ ਜੀ ਨੂੰ ਵੇਖਕੇ ਦੰਦੀਆਂ ਕੱਢ ਲੈਂਦੇ। ਕੋਈ ਪਿਛੋਂ ਸੁਰ ਵਿਚ ਮਾਸਟਰ ਜੀ ਦੀਆਂ ਛੇੜਾਂ ਗੌਣ ਲਗ ਪੈਂਦਾ, ਕੋਈ ਆਪਣੇ ਨਾਲ ਦੇ ਮੁੰਡੇ ਨੂੰ ਭੋਲੂ ਆਖ ਕੇ ਗਾਲ੍ਹਾਂ ਸੁਣਾਉਣ ਲਗ ਪੈਂਦਾ।

"ਇਸ ਸਕੂਲ ਦਾ ਡਿਸਿਪਲਿਨ ਠੀਕ ਨਹੀ ਹੈ।" ਮਾਸਟਰ ਜੀ ਨੇ ਪੰਜਾਬੀ ਪੜ੍ਹਾਣ ਵਾਲੇ ਗਿਆਨੀ ਜੀ ਨਾਲ ਇਕ ਦਿਨ ਗਲ ਕੀਤੀ। ਗਿਆਨੀ ਜੀ ਨੇ ਆਪਣੀ ਦਸਤਾਰ ਸਵਾਰਦਿਆਂ ਕਿਹਾ—

"ਡਿਸਿਪਲਿਨ ਤੇ ਕਿਤੇ ਵੀ ਠੀਕ ਨਹੀਂ ਰਹਿ ਗਿਆ, ਮਾਸਟਰ ਜੀ! ਦੁਨੀਆਂ ਕਮੂਨਿਸਟ ਹੁੰਦੀ ਜਾਂਦੀ ਏ, ਕਮੂਨਿਸਟ। ਕਮੂਨਿਸਟ ਕਹਿੰਦੇ ਹਨ ਰੱਬ ਕੋਈ ਨਹੀਂ ਹੈ ਤੇ ਆਦਮੀ ਸਾਰੇ ਇਕੋ ਜਿਹੇ ਹਨ, ਵਾਹਗੁਰੂ, ਵਾਹਗੁਰੂ ਤੇ ਫਿਰ ਡਿਸਿਪਲਿਨ ਮਿਟੀ ਰਹਿਣਾ ਏ। ਗੁਰਦਵਾਰਿਆਂ ਵਿਚ ਵੀ ਲੋਕਾਂ ਦਾ ਡਿਸਿਪਲਿਨ ਖ਼ਰਾਬ ਹੁੰਦਾ ਜਾਂਦਾ ਹੈ, ਜਿਨ੍ਹਾਂ ਦੇ ਮੂੰਹ ਵਿਚ ਦੰਦ ਨਹੀਂ ਸਨ ਹੁੰਦੇ ਉਹ ਪਿੰਡਾਂ ਦੇ ਜਟ ਬੂਟ ਇੰਤਜ਼ਾਮ ਵਿਚ ਮੀਨ ਮੇਖ ਕੱਢਣ ਲਗ ਪਏ ਹਨ। ਏਸੇ ਤਰ੍ਹਾਂ ਸਕੂਲਾਂ ਵਿਚ ਵੀ ਇਹ ਕਮੂਨਿਸਟੀ ਕੋਹੜ ਫੈਲਣ ਲਗ ਪਿਆ ਹੈ! ਰੱਬ ਹੀ ਭਲੀ ਕਰੇਗਾ।" ਕਮਿਊਨਿਸਟਾਂ ਬਾਰੇ ਉਰਦੂ ਦੀਆਂ ਅਖ਼ਬਾਰਾਂ ਵਿਚੋਂ ਵੀ ਭੋਲਾ ਰਾਮ ਨੇ ਬਹੁਤ ਕੁਝ ਪੜ੍ਹਿਆ ਹੋਇਆ

ਸੀ।...... "ਚੰਗਾ ਹੁਣ ਪਤਾ ਲਗਾ, ਇਹ ਮੁੰਡੇ ਖਰੂਦ ਕਿਉਂ ਕਰਦੇ ਹਨ, ਇਹ ਕਮਿਊਨਿਸਟ ਹੋ ਗਏ ਹਨ।" ਉਹ ਸੋਚਣ ਲਗ ਪਏ, "ਏਸੇ ਕਰ ਕੇ ਹੀ ਉਹ ਆਪਣੇ ਉਸਤਾਦਾਂ ਦਾ ਆਦਰ ਨਹੀਂ ਕਰਦੇ ਸਨ। ਕਮਿਊਨਿਜ਼ਮ ਸਕੂਲਾਂ ਦੇ ਡਿਸਿਪਲਿਨ ਨੂੰ ਮਲੀਆ ਮੇਟ ਕਰਨ ਵਾਲੀ ਚੀਜ਼ ਸੀ। ਇਸ ਨੂੰ ਵਧਣ ਤੋਂ ਰੋਕਣਾ ਚਾਹੀਦਾ ਹੈ, ਪਰ ਉਹ ਕੱਲਾ ਕੀ ਕਰ ਸਕਦਾ ਸੀ। ਇਹ ਤੇ ਵਡੇ ਲੀਡਰਾਂ ਦਾ ਕੰਮ ਸੀ।"

'ਟੱਨ ਟੱਨ' ਪੰਜਵੀਂ ਟਲੀ ਵਜ ਪਈ। ਮਾਸਟਰ ਜੀ ਸੋਚਾਂ ਵਿਚ ਡੁਬੇ ਛੇਵੀਂ ਜਮਾਤ ਨੂੰ ਅੰਗਰੇਜ਼ੀ ਪੜ੍ਹਾਣ ਕਮਰੇ ਵਿਚ ਚਲੇ ਗਏ। ਉਹਨਾਂ ਨੂੰ ਕਮਰਾ ਕਮਿਊਨਿਸਟਾਂ ਨਾਲ ਭਰਿਆ ਹੋਇਆ ਜਾਪਦਾ ਸੀ ਤੇ ਮਾਸਟਰ ਜੀ ਇਕੱਲੇ ਸਨ। "ਅਜ ਮੈਂ ਤੁਹਾਨੂੰ ਹਫ਼ਤੇ ਦੇ ਦਿਨਾਂ ਦੇ ਅੰਗਰੇਜ਼ੀ ਨਾਂ ਦਸਦਾ ਹਾਂ। ਮੈਂ ਅੱਗੇ ਅੱਗੇ ਬੋਲਾਂਗਾ ਤੇ ਤੁਸੀਂ ਸਾਰਿਆਂ ਮੇਰੇ ਪਿਛੇ ਬੋਲਣਾ।"

"ਚੰਗਾ ਜੀ, ਨਾ ਜੀ। ਚਗਾ ਜੀ, ਨਾ ਜੀ।"

ਮੁੰਡਿਆਂ ਨੇ ਕੋਠਾ ਸਿਰ ਤੇ ਚੁਕ ਲਿਆ। ਬੈਂਤ ਭਾਵੇਂ ਮਾਸਟਰ ਜੀ ਦੇ ਹੱਥ ਵਿਚ ਹਮੇਸ਼ਾਂ ਰਹਿੰਦਾ ਸੀ, ਪਰ ਪਿਛਲੇ ਸਕੂਲ ਵਾਪਰੀ ਘਟਨਾਂ ਦੇ ਡਰ ਤੋਂ ਤੇ......ਇਹਨਾਂ ਕਿਮਿਊਨਿਸਟਾਂ ਦੇ ਡਰ ਤੋਂ ਉਹਨਾਂ ਨੂੰ ਹੁਣ ਕਦੀ ਇਸ ਦੇ ਵਰਤਣ ਦਾ ਹੌਂਸਲਾ ਨਹੀਂ ਸੀ ਪਿਆ। ਸ਼ਹਿਰ ਵਿਚ ਤਾਂ ਮਾੜੇ ਚੰਗੇ ਦਾ ਪਤਾ ਹੁੰਦਾ ਸੀ ਪਰ ਪਿੰਡਾਂ ਵਿਚ ਤਾਂ ਸਾਰੇ ਜੱਟ ਹੀ ਰਾਣੀ ਖਾਂ ਹੁੰਦੇ ਨੇ। "ਅੰਗਰੇਜ਼ੀ ਹਫ਼ਤਾ ਐਤਵਾਰ ਤੋਂ ਸ਼ੁਰੂ ਹੁੰਦਾ ਹੈ, ਐਤਵਾਰ ਨੂੰ ਕਹਿੰਦੇ ਹਨ ਸੰਡੇ।" "ਸੰਡੇ, ਸੰਢੇ, ਝੋਟੇ, ਢਗੇ," ਆਦਿ ਦੀਆਂ ਆਵਾਜ਼ਾਂ ਨਾਲ ਫਿਰ ਕਮਰਾ ਗੂੰਜ ਉਠਿਆ। ਬੜਾ ਜ਼ੋਰ ਲਾ ਕੇ ਮਸਾਂ ਮਸਾਂ ਮਾਸਟਰ ਜੀ ਸੈਚਰਡੇ ਤਕ ਅਪੜੇ ਤੇ ਮੁੰਡਿਆਂ ਨੇ ਖੇਡ ਮੁਕਦੀ ਵੇਖ ਠੀਕ ਹਰਫ਼ ਨਾ ਆਖਣ ਦੀ ਸੌਂਹ ਪਾ ਲਈ। ਸੈਕਲਡੇ ਤੋਂ ਸ਼ੁਰੂ ਹੋ ਕੇ ਟਾਂਗਾ, ਮੋਟਰ ਦੇ ਗੱਡੀ ਤਕ ਅਪੜੇ।

"ਬਸ ਅਜ ਏਨਾ ਹੀ।" ਆਖ ਕੇ ਮਾਸਟਰ ਜੀ ਕਮਰੇ ਵਿਚ ਟਹਿਲਣ ਲਗ ਪਏ। ਉਹ ਦਿਲ ਵਿਚ ਕਮਿਊਨਿਸਟਾਂ ਨੂੰ ਹਜ਼ਾਰ ਹਜ਼ਾਰ ਗਾਲ੍ਹਾਂ ਕੱਢ ਰਹੇ ਸਨ:-

"ਮਾਸਟਰ ਜੀ ਖਸਤਾ ਦੀ ਕੀ ਅੰਗਰੇਜ਼ੀ ਹੁੰਦੀ ਏ ?"

"ਕਿਸ ਦੀ ?"

'ਜੀ ਖ਼ਸਤਾ ਦੀ, ਖ਼ਸਤਾ ਖ਼ਤਾਈਆਂ।"

'ਕਲ ਦੱਸਾਂਗਾ।"

ਮਾਸਟਰ ਜੀ ਨੇ ਅਟਕਦੀ ਆਵਾਜ਼ ਵਿਚ ਮੁੰਡੇ ਨੂੰ ਜਵਾਬ ਦਿਤਾ। ਸਾਰੀ ਜਮਾਤ ਹੱਸਣ ਲੱਗ ਪਈ, ਮਾਸਟਰ ਜੀ ਦਾ ਰੰਗ ਚਿੱਟਾ ਸੁਫ਼ੈਦ ਹੋ ਗਿਆ ਤੇ ਲੱਤਾਂ ਕੰਬਣ ਲਗ ਪਈਆਂ। ਕੋਲ ਬੈਠ ਮੁੰਡੇ ਨੂੰ ਇਸ ਤਰ੍ਹਾਂ ਝਾਉਲਾ ਪਿਆ ਜਿਵੇਂ ਮਾਸਟਰ ਜੀ ਇਕ ਲੱਕੜ ਦਾ ਬੁਤ ਸਨ।

ਮਾਸਟਰ ਜੀ ਨੇ ਇਕ ਹਸਦੇ ਮੁੰਡੇ ਨੂੰ ਵੇਖ ਲਿਆ "ਖੜੇ ਹੋ ਜਾਉ ਤੁਮ।" ਮਾਸਟਰ ਜੀ ਦਾ ਜੀ ਕੀਤਾ ਕਿ ਹਥ ਵਿਚ ਫੜੇ ਬੈਂਤ ਨਾਲ ਮਾਰ ਮਾਰ ਕੇ ਉਸ ਦੀ ਮਿੱਝ ਕੱਢ ਦੇਣ, ਪਰ ਹੌਂਸਲਾ ਨਾ ਪਿਆ।

"ਸ਼ਰਾਰਤ ਕਿਉਂ ਕੀਤੀ ਏ ਤੂੰ ?"

"ਮੈਂ ਕਦੋਂ ਕੀਤੀ ਏ ਜੀ ?"

"ਬਾਹਰ ਨਿਕਲ ਜਾ।"

"ਬਾਹਰ ਜੀ ਧੁਪ ਬੜੀ ਏ।"

ਸਾਰੀ ਜਮਾਤ ਹਿਣ ਹਿਣ ਕਰ ਕੇ ਹੱਸ ਪਈ।

"ਮੈਂ ਤੈਨੂੰ ਕਹਿਨਾ ਬਾਹਰ ਨਿਕਲ ਜਾ।"

"ਇਹ ਸਕੂਲ ਤੇ ਸਾਡਾ ਏ ਜੀ, ਬਾਹਰ ਕਿਥੇ ਨਿਕਲ ਜਾਂ ?"

"ਜਾਂ ਤੂੰ ਬਾਹਰ ਨਿਕਲ ਜਾ ਤੇ ਜਾਂ ਮੈਂ ਨਿਕਲ ਜਾਂਦਾ ਹਾਂ।"

"ਮੈਂ ਤੇ ਆਖਿਆ ਏ ਜੀ, ਮੈਨੂੰ ਇਥੇ ਹੀ ਰਹਿਣ ਦਿਓ।"

ਮਾਸਟਰ ਭੋਲਾ ਰਾਮ ਜੀ ਬਾਹਰ ਨਿਕਲ ਆਏ, ਪਹਿਲਾਂ ਕਮਰੇ ਵਿਚੋਂ, ਫੇਰ ਸਕੂਲ ਵਿਚੋਂ। ਸਕੂਲ ਦੇ ਸੌੜੇ ਵਲਗਣ ਵਿਚ ਉਨ੍ਹਾਂ ਦੇ ਭਰੇ ਹੋਏ ਦਿਲ ਦੇ ਫਿਸ ਪੈਣ ਦਾ ਡੱਰ ਸੀ। ਬਾਜ਼ਾਰ ਵਿਚੋਂ ਹੁੰਦੇ ਹੋਏ ਉਹ ਘਰ ਜਾਣ ਲਗੇ। ਮਾਸਟਰ ਭੋਲਾ ਰਾਮ ਅਜ ਗਲੀ ਦੇ ਕੱਖਾਂ ਨਾਲੋਂ ਵੀ ਹੌਲਾ ਹੋ ਗਿਆ ਸੀ। ਸਕੂਲ ਸਾਡਾ ਏ... ... ਇਹ ਕਮਿਊਨਿਸਟਾਂ ਨੇ ਹੀ ਇਹਨਾਂ ਨੂੰ ਸਿਖਾਇਆ ਸੀ। ਉਹ ਕਹਿੰਦੇ ਨੇ ਜ਼ਮੀਨ ਕਿਸਾਨਾਂ ਦੀ ਏ; ਸੋ ਸਕੂਲ ਮੁੰਡਿਆਂ ਦਾ ਏ ਤੇ ਮਾਸਟਰ... ...ਮਾਸਟਰ... ... ...ਇਹ ਦੁਧ ਵੇਚਦਾ ਹਲਵਾਈ, ਔਹ ਪੱਗਾਂ ਸੁਕਾਂਦਾ ਲਲਾਰੀ ਦਾ ਮੁੰਡਾ, ਜੁਤੀਆਂ ਗੰਢਦਾ ਚਮਿਆਰ ਜਾਂ ਬਜ਼ਾਰ ਵਿਚ ਛਿੱਲਾਂ ਖਾਂਦਾ ਖੋਤਾ, ਇਹ ਸਭ ਮੈਥੋਂ ਚੰਗੇ ਨੇ ਤੇ ਇਹ ਹਾਲਤ ਸਿਰਫ਼ ਏਸ ਲਈ ਕਿ ਦੁਨੀਆਂ ਤੇ ਕਮਿਊਨਿਜ਼ਮ ਦਾ ਕੋਹੜ ਫੈਲ ਰਿਹਾ ਏ ਤੇ ਸਾਰੇ ਮੁੰਡੇ ਕਮਿਊਨਿਸਟ ਬਣਦੇ ਜਾ ਰਹੇ ਨੇ।"

ਉਹਨਾਂ ਦੇ ਘਰ ਅੰਦਰੋਂ ਆਪਣੇ ਮੁੰਡੇ ਦੇ ਅੜੀ ਕਰਨ ਦੀ ਆਵਾਜ਼ ਆ ਰਹੀ ਸੀ। ਪ੍ਰਾਇਮਰੀ ਸਕੂਲ ਵਿਚ ਛੇਤੀ ਛੁਟੀ ਹੋਣ ਕਰਕੇ ਉਹ ਮਾਸਟਰ ਜੀ ਤੋਂ ਪਹਿਲਾਂ ਹੀ ਘਰ ਅਪੜ ਗਿਆ ਹੋਇਆ ਸੀ। ਰੋਟੀ ਖਾਣ ਲਗਿਆਂ, ਉਹਦੀ ਦੁਧ ਚੁੰਘਦੀ ਭੈਣ ਨੇ ਸਬਜ਼ੀ ਦੀ ਕੌਲੀ ਵਿਚ ਹਥ ਮਾਰਕੇ ਸਬਜ਼ੀ ਭੁੰਜੇ ਡੇਗ ਦਿਤੀ ਸੀ ਤੇ ਮੁੰਡਾ ਰੋਣ ਲਗ ਪਿਆ ਸੀ। ਮਾਂ ਨੇ ਬਥੇਰਾ ਸਮਝਾਇਆ, ਖੰਡ ਵੀ ਲਿਆ ਕੇ ਦਿਤੀ, ਪਰ ਉਹ ਮੰਨਣ ਵਿਚ ਹੀ ਨਹੀਂ ਸੀ ਆਉਂਦਾ।

"ਖਾ ਲੈ ਉਇ, ਅਜੇ ਤੇ ਬਥੇਰੀ ਸਬਜ਼ੀ ਏ ਕੌਲੀ ਵਿਚ।"

ਮਾਸਟਰ ਜੀ ਨੇ ਆਪਣਾ ਫੈਸਲਾ ਸੁਣਾਇਆ। ਮੁੰਡਾ ਉਸੇ ਤਰ੍ਹਾਂ ਮੰਜੀ ਤੇ ਲੇਟਿਆ ਡੁਸਕਦਾ ਰਿਹਾ।

"ਉਠ ਕੇ ਰੋਟੀ ਖਾ ਲੈ ਮੈਂ ਤੈਨੂੰ ਆਖਰੀ ਵਾਰ ਆਖ ਦਿਤਾ ਏ।"

ਪਰ ਮੁੰਡਾ ਉਸੇ ਤਰ੍ਹਾਂ ਰੋਂਦਾ ਗਿਆ। ਕਚੀਚੀ ਵੱਟ ਮਾਸਟਰ ਜੀ ਨੇ ਬਾਹੋਂ ਧਰੀਕ ਕੇ ਮੁੰਡੇ ਨੂੰ ਹੇਠਾਂ ਸੁਟ ਲਿਆ।

"ਹਿਰਾਮਜ਼ਾਦਾ, ਤੂੰ ਵੀ ਕਮੀਊਨਿਜ਼ਮ ਸਿਖ ਰਿਹਾ ਏਂ! ਤੁਸਾਂ ਦੁਨੀਆਂ ਦੀਆਂ ਨੀਹਾਂ ਹਿਲਾ ਦਿਤੀਆਂ ਹਨ, ਤੁਸੀਂ ਮੁਲਕ ਨੂੰ ਤਬਾਹ ਕਰਕੇ ਛੱਡੋਗੇ।"

ਮਾਸਟਰ ਭੋਲਾ ਰਾਮ ਮੁੰਡੇ ਨੂੰ ਕੁਟੀ ਜਾ ਰਹੇ ਸਨ, ਤੇ ਮੁੰਡੇ ਦੀ ਮਾਂ ਛੁੜਾਨ ਦੀ ਕੋਸ਼ਸ਼ ਕਰ ਰਹੀ ਸੀ।

# ਲੱਖਾਂ ਕਰੋੜਾਂ ਰੁਪਿਆ

ਬੇਬੇ ਨੇ ਮਕੀ ਦੀਆਂ ਛਲੀਆਂ ਦੀ ਅਖ਼ੀਰਲੀ ਧਾਰਨ ਚਾਦਰ ਤੇ ਪਾਈ ਤਾਂ ਹਟਵਾਣੀਏ ਨੇ ਪੰਜ ਰੁਪਏ ਦਾ ਨੋਟ ਬੇਬੇ ਦੇ ਹਥ ਫੜਾਇਆ। ਚਾਦਰ ਦੀਆਂ ਕੰਨੀਆਂ ਕਠੀਆਂ ਕਰਕੇ ਉਸ ਛਲੀਆਂ ਮਗਰ ਪਿਛੇ ਪਾ ਲਈਆਂ ਤੇ ਵੇਹੜੇ ਵਿਚੋਂ ਨਿਕਲ ਗਿਆ।

ਬੇਬੇ ਜਿਸ ਕੋਲ ਇਕ ਮਿੰਟ ਪਹਿਲਾਂ ਧੇਲਾ ਵੀ ਨਹੀਂ ਸੀ, ਹੁਣ ਪੰਜਾਂ ਰੁਪਿਆਂ ਵਾਲੀ ਬਣ ਗਈ ਸੀ।

'ਇਹ ਚੀਜ਼ਾਂ ਵੇਚਣਾ ਕਿੰਨਾ ਸਵਾਦੀ ਕੰਮ ਹੈ।" ਕੋਲ ਖਲੋ ਬਾਲੂ ਨੂੰ ਖ਼ਿਆਲ ਆ ਰਿਹਾ ਸੀ।

ਇਹ ਛਲੀਆਂ ਕਈਆਂ ਮਹੀਨਿਆਂ ਤੋਂ ਵਿਚਕਾਰਲੇ ਅੰਦਰ ਦੀ ਇਕ ਗੁਠੇ ਪਈਆਂ ਹੋਈਆਂ ਸਨ। ਕਈ ਵਾਰ ਬੇਬੇ ਨੇ ਉੱਲੀ ਤੋਂ ਬਚਾਉਣ ਲਈ ਇਨ੍ਹਾਂ ਨੂੰ ਖਲਾਰਿਆ ਤੇ ਫਿਰ ਕਠਿਆਂ ਕੀਤਾ ਸੀ। ਚੂਹੇ ਰੋਜ਼ ਇਨ੍ਹਾਂ ਨਾਲੋਂ ਦਾਣੇ ਲਾਹੁੰਦੇ ਸਨ। ਤੇ ਅਜ ਇਹ ਛਲੀਆਂ ਜਿਹੜੀਆਂ ਕਿ ਅਜ ਤਕ ਮੁਸੀਬਤ ਜਿਹੀ ਲਗਦੀਆਂ ਸਨ ਪੰਜਾਂ ਰੁਪਈਆਂ ਵਿਚ ਵਿਕ ਗਈਆਂ ਸਨ।

"ਪੰਜ ਰੁਪਏ ਕਿੰਨੀ ਵਡੀ ਸ਼ੈ ਹਨ।' ਬਾਲੂ ਸੋਚ ਰਿਹਾ ਸੀ। ਇਨ੍ਹਾਂ ਨਾਲ ਤੇ ਸ਼ਾਇਦ ਹਟਵਾਣੀਏ ਦੀ ਅੱਧੀ ਹੱਟੀ ਮੁਲ ਲਈ ਜਾ ਸਕਦੀ ਸੀ। ਕੌਡੀਆਂ, ਰਿਉੜੀਆਂ, ਅੰਗਰੇਜ਼ੀ ਸਾਬਣ ਦੀਆਂ

ਚਾਕੀਆਂ, ਨੁਗਦੀ ਮਿਸ਼ਰੀ, ਵਗਿਆਂ ਦੀ ਗਾਨੀ ਲਈ ਮਣਕੇ ਤੇ ਗਲ ਲਈ ਘੁੰਗਰੂ, ਕੁਤੇ ਲਈ ਸੰਗਲੀ ਤੇ ਨਿਕੀ ਤਾਸ਼। ਪੰਜਾਂ ਰੁਪਿਆਂ ਵਿਚ ਤੇ ਕਿੰਨਾ ਕੁਝ ਹੀ ਆ ਸਕਦਾ ਸੀ । ਭਲਾ ਛਲੀਆਂ ਓਥੇ ਪਈਆਂ ਕੀ ਕਰਦੀਆਂ ਸਨ।

ਹੁਣ ਬਾਲੂ ਹੈਰਾਨ ਸੀ ਕਿ ਉਹ ਸਭ ਕੁਝ ਵੇਚ ਹੀ ਕਿਉਂ ਨਹੀਂ ਦਿੰਦੇ ਸਨ । ਹਰ ਵੇਲੇ ਤੇ ਉਹ ਪੈਸਿਆਂ ਨੂੰ ਤਰਸਦੇ ਰਹਿੰਦੇ ਸਨ।

ਭਾਬੀ ਦੀ ਪੈਰੀਂ ਜੁਤੀ ਨਹੀਂ ਸੀ ਤੇ ਭਾਵੇਂ ਬੇਬੇ ਆਖਦੀ ਸੀ ਕਿ ਨੂੰਹ ਦਾ ਨੰਗੀ ਪੈਰੀਂ ਬਾਹਰ ਅੰਦਰ ਜਾਣਾ ਬੜੀ ਸ਼ਰਮ ਦੀ ਗੱਲ ਹੈ, ਪਰ ਉਸ ਨੂੰ ਕੋਈ ਜੁਤੀ ਵੀ ਨਹੀਂ ਲੈ ਕੇ ਦਿੰਦਾ ਸੀ।

ਉਨ੍ਹਾਂ ਦੇ ਘਰ ਕਦੀ ਡੱਬੀ ਵੀ ਨਹੀਂ ਹੁੰਦੀ ਸੀ। ਉਸ ਦੀ ਭੈਣ ਸਵੇਰੇ ਉਠ ਕੇ ਇਸ ਉਡੀਕ ਵਿਚ ਰਹਿੰਦੀ ਕਿ ਕਦੋਂ ਕੋਈ ਅੱਗ ਬਾਲੇ ਤੇ ਕਦੋਂ ਉਹ ਉਸ ਦੇ ਘਰੋਂ ਅੱਗ ਲਿਆ ਕੇ ਆਪਣਾ ਚੁਲ੍ਹਾ ਗਰਮ ਕਰੇ।

ਬਾਲੂ ਹੈਰਾਨ ਸੀ ਕਿ ਉਹ ਕਿਉਂ ਇਸ ਤਰ੍ਹਾਂ ਮਹੀਨਿਆਂ ਬੱਧੀ ਪੈਸਿਆਂ ਨੂੰ ਤਰਸਦੇ ਰਹਿੰਦੇ। ਕਿਉਂ ਨਹੀਂ ਉਹ ਆਪਣੀਆਂ ਸਾਰੀਆਂ ਚੀਜ਼ਾਂ ਵੇਚ ਦਿੰਦੇ।

"ਬੇਬੇ ਅਸੀਂ ਆਪਣੀ ਭੋਇੰ ਕਿਉਂ ਨਹੀਂ ਵੇਚ ਦਿੰਦੇ ? ਆਖਦੇ ਨੇ ਭੋਇੰ ਬੜੀ ਮਹਿੰਗੀ ਵਿਕਦੀ ਏ।" ਹੈਰਾਨ ਹੋਏ ਬਾਲੂ ਨੇ ਬੇਬੇ ਤੋਂ ਪੁਛਿਆ।

"ਨਾ ਪੁੱਤਰ ਇਹੋ ਜਿਹੀਆਂ ਗੱਲਾਂ ਨਹੀਂ ਕਰੀਦੀਆਂ, ਜੱਟ ਨਹੀਂ ਭੋਇੰ ਵੇਚਦੇ।"

"ਅੱਛਾ ਬੇਬੇ ਅਸੀਂ ਜੱਸੂ ਨੂੰ ਵੇਚ ਦੇਈਏ।" ਬਾਲੂ ਨੇ ਕੁਝ ਰੁਕੇ ਆਪਣੇ ਨਿਕੇ ਭਰਾ ਵਲ ਤਕ ਕੇ ਕਿਹਾ।

"ਨਾ ਪੁੱਤਰ ਤੂੰ ਤੇ ਅਸਲੋਂ ਕਮਲਾ ਹੋ ਗਿਆ ਏਂ। ਕਦੀ ਕਿਸੇ ਪੁੱਤਰ ਵੀ ਵੇਚੇ ਨੇ ਕੋੜਿਆ। ਪੁੱਤਰ ਤੇ ਲੱਖੀਂ ਕਰੋੜੀਂ ਵੀ ਨਹੀਂ ਲਭਦੇ।"

"ਬੇਬੇ ਇਹ ਲੱਖਾਂ ਕਰੋੜਾਂ ਰੁਪਿਆਂ ਦਾ ਏ?" ਬਾਲੂ ਨੇ ਹੈਰਾਨ ਹੋ ਕੇ ਪੁਛਿਆ।

"ਹਾਂ ਪੁੱਤਰ!"

"ਬੇਬੇ ਮੈਂ ਕਿੰਨੇ ਕੁ ਰੁਪਿਆਂ ਦਾ ਵਾਂ?"

"ਪੁਤਰ ਤੂੰ ਵੀ ਲੱਖਾਂ ਕਰੋੜਾਂ ਰੁਪਿਆਂ ਦਾ ਏਂ।"

"ਕੋਈ ਲਖ ਰੁਪਿਆ ਬੋਝੇ ਵਿਚ ਪਾ ਕੇ ਫਿਰੇ ਖਾਂ ਉਸ ਨੂੰ ਕੋਈ ਪੁੱਤ ਲੱਭ ਪੈਂਦਾ ਏ।"

ਬਾਲੂ ਨੂੰ ਇਸ ਗੱਲ ਦਾ ਬਹੁਤ ਇਤਬਾਰ ਨਹੀਂ ਸੀ। ਪਰ ਫਿਰ ਵੀ ਉਹ ਬੜਾ ਖੁਸ਼ ਸੀ। ਭਾਵੇਂ ਆਲ ਦੁਆਲੇ ਤੇ ਕਿਧਰੇ ਵੇਖਣ ਨੂੰ ਵੀ ਕੋਈ ਪੈਸਾ ਨਹੀਂ ਸੀ ਪਰ ਉਹ ਆਪ ਤੇ ਲੱਖਾਂ ਰੁਪਿਆਂ ਦਾ ਸੀ ਨਾ। ਇਸ ਖ਼ਿਆਲ ਵਿਚੋਂ ਹੋਰ ਵਧੇਰ ਖੁਸ਼ੀ ਲੈਣ ਲਈ ਉਸ ਫਿਰ ਭੀ ਕਈ ਕਈ ਵੇਰ ਬੇਬੇ ਤੋਂ ਪੁਛਿਆ "ਬੇਬੇ ਮੈਂ ਕਿੰਨਿਆਂ ਰੁਪਿਆਂ ਦਾ ਵਾਂ?"

ਤੇ ਹਰ ਵਾਰੀ ਹੀ ਬੇਬੇ ਉਸ ਨੂੰ ਝਿੜਕ ਕੇ ਸਮਝਾਂਦੀ ਕਿ ਉਸ ਦਾ ਕੋਈ ਮੁੱਲ ਨਹੀਂ ਪੈ ਸਕਦਾ ਸੀ। ਉਹ ਤੇ ਲੱਖਾਂ ਕਰੋੜਾਂ ਰੁਪਿਆਂ ਦਾ ਸੀ।

ਸ਼ਹਿਰ ਵਿਚ ਕਰਾਏ ਤੇ ਸਾਈਕਲ ਦੇਣ ਵਾਲਾ ਇਕ ਠੇਕੇਦਾਰ ਆਪਣੀ ਦੁਕਾਨ ਉਠਾ ਕੇ ਦਿੱਲੀ ਲੈ ਗਿਆ ਸੀ। ਪਿਛੇ ਉਸ ਸ਼ਹਿਰ ਵਿਚ ਸਾਈਕਲਾਂ ਦਾ ਇਕੋ ਠੇਕੇਦਾਰ ਰਹਿ ਗਿਆ ਸੀ। ਤੇ ਉਸ ਨੇ ਸਾਈਕਲਾਂ ਦਾ ਕਰਾਇਆ ਪੰਝੀ ਤੋਂ ਪੈਂਤੀ ਰੁਪਏ ਮਹੀਨਾ ਕਰ ਦਿਤਾ ਸੀ। ਇਹ ਵਧੇ ਹੋਏ ਕਰਾਏ ਵੇਖ ਕੇ ਮਹਿਕਮੇਂ ਦੇ ਡਿਪਟੀ ਸੈਕਰੇਟਰੀ

ਬਿੰਦਰਾ ਸਾਹਿਬ ਨੇ ਹੁਕਮ ਦਿਤਾ ਸੀ ਕਿ ਜੋ ਸਾਈਕਲ ਮਹਿਕਮੇਂ ਦੇ ਕਰਾਏ ਤੇ ਲਏ ਹੋਏ ਹਨ ਉਹ ਸਾਰੇ ਵਾਪਸ ਕਰ ਦਿਤੇ ਜਾਣ, ਕਿਉਂਕਿ ਸਾਈਕਲਾਂ ਦਾ ਕਰਾਇਆਂ ਬਹੁਤ ਵਧ ਗਿਆ ਸੀ।

ਇਕ ਮਹਿਕਮੇਂ ਵਲੋਂ ਲਿਆ ਹੋਇਆ ਸਾਈਕਲ ਸੇਠੀ ਸਾਹਿਬ ਕੋਲ ਵੀ ਸੀ, ਪਰ ਉਹ ਤਾਂ ਇਸ ਨੂੰ ਵਾਪਸ ਨਹੀਂ ਕਰ ਸਕਦੇ ਸਨ, ਕਿਉਂਕਿ ਉਨ੍ਹਾਂ ਨੂੰ ਹਰ ਰੋਜ਼ ਆਪਣਾ ਚਪੜਾਸੀ ਸ਼ਹਿਰ ਵਿਚ ਡਾਕ ਦੇਣ ਲਈ ਅੱਠ ਨੌਂ ਮੀਲ ਦੇ ਚੱਕਰ ਤੇ ਭੇਜਣਾ ਪੈਂਦਾ ਸੀ । ਸੋ ਇਹ ਗੱਲ ਉਨ੍ਹਾਂ ਲਿਖ ਕੇ ਡਿਪਟੀ ਸੇਕਰੇਟਰੀ ਸਾਹਿਬ ਨੂੰ ਭੇਜ ਦਿਤੀ।

ਇਸ ਵਧੇ ਹਏ ਕਰਾਏ ਤੇ ਡਿਪਟੀ ਸੈਕਰੇਟਰੀ ਸਾਹਿਬ ਕੋਈ ਸਾਈਕਲ ਮਹਿਕਮੇ ਵਿਚ ਨਹੀਂ ਰਹਿਣ ਦੇਣਾ ਚਾਹੁੰਦੇ ਸਨ । ਮੁਆਮਲਾ ਸਿੱਧਾ ਕਰਨ ਲਈ ਉਨ੍ਹਾਂ ਸੇਠੀ ਸਾਹਿਬ ਨੂੰ ਆਪਣੇ ਕੋਲ ਸਦਵਾ ਲਿਆ ।

"ਬਿੰਦਰਾ ਸਾਹਿਬ, ਮੇਰੇ ਚਪੜਾਸੀ ਨੂੰ ਹਰ ਰੋਜ਼ ਅੱਠ ਨੌਂ ਮੀਲ ਦਾ ਚੱਕਰ ਲਾਣਾ ਪੈਂਦਾ ਹੈ। ਜੇ ਮੇਰੇ ਕੋਲ ਸਾਈਕਲ ਨਾ ਰਿਹਾ ਤਾਂ ਦਸੋ ਉਹ ਇੰਨਾ ਵਡਾ ਚੱਕਰ ਕਿਸ ਤਰ੍ਹਾਂ ਲਾਏਗਾ ?"

"ਤੁਸੀਂ ਉਸ ਨੂੰ ਬਸ ਤੇ ਨਹੀਂ ਭੇਜ ਸਕਦੇ ?"

"ਬਿੰਦਰਾ ਸਾਹਿਬ ਬਸ ਤੇ ਸਿਰਫ਼ ਵਡੀਆਂ ਸੜਕਾਂ ਤੇ ਹੀ ਰਹਿੰਦੀ ਹੈ ਤੇ ਉਸ ਨੇ ਡਾਕ ਲੈ ਕੇ ਕਈ ਥਾਵਾਂ ਤੇ ਜਾਣਾ ਹੁੰਦਾ ਹੈ। ਬੱਸ ਉਸ ਲਈ ਠੀਕ ਨਹੀਂ ।"

"ਤਾਂ ਤੁਸੀਂ ਉਸ ਨੂੰ ਪੈਦਲ ਭੇਜ ਦਿਆ ਕਰੋ ।"

"ਪੈਦਲ ਤੇ ਬਿੰਦਰਾ ਸਾਹਿਬ ਉਹ ਸਾਰਾ ਦਿਣ ਨਾ ਆਇਆ ਕਰੇਗਾ। ਦਫ਼ਤਰ ਵਿਚ ਹੋਰ ਕੰਮ ਵੀ ਤੇ ਹੁੰਦੇ ਹਨ। ਸਾਈਕਲ ਤੇ ਉਹ ਘੰਟੇ ਸਵਾ ਘੰਟੇ ਵਿਚ ਮੁੜ ਆਉਂਦਾ ਹੈ ।"

"ਵੇਖੋ ਸੇਠੀ, ਸਾਰੀ ਗੱਲ ਚੀਜ਼ ਮਿਲਣ ਦੀ ਹੈ । ਸਾਈਕਲਾਂ

ਦਾ ਕਰਾਇਆ ਪੈਂਤੀ ਰੁਪਏ ਮਹੀਨਾ ਹੋ ਗਿਆ ਹੈ। ਫ਼ਾਈਨੈਂਨਸ ਡੀਪਾਰਟਮੇਂਟ ਵਾਲੇ ਇਹ ਬਰਦਾਸ਼ਤ ਨਹੀਂ ਕਰਨਗੇ ਕਿ ਅਸੀਂ ਇਸ ਕਰਾਏ ਤੇ ਸਾਈਕਲ ਲਈਏ। ਚਪੜਾਸੀ ਅਜ ਕਲ ਅਸੀਂ ਚਾਲੀ ਰੁਪਏ ਮਹੀਨੇ ਤੇ ਰਖ ਰਹੇ ਹਾਂ। ਜੇ ਤੁਸੀਂ ਚਾਹੋ ਤੇ ਮੈਂ ਤੁਹਾਨੂੰ ਇਕ ਹੋਰ ਚਪੜਾਸੀ ਰਖ ਕੇ ਦੇ ਸਕਦਾ ਹਾਂ। ਡਾਕ ਦੇਣ ਤੋਂ ਇਲਾਵਾ ਇਥੇ ਹੋਰ ਸੌ ਕੰਮ ਕਰੂ। ਸਾਈਕਲ ਬਹੁਤ ਮਹਿੰਗੇ ਹੋ ਗਏ ਹਨ। ਇਕ ਰਟ ਵਿਚ ਨਹੀਂ ਪੈ ਰਹਿਣਾ ਚਾਹੀਦਾ। ਅਕਲ ਤੋਂ ਕੰਮ ਲੈਣਾ ਚਾਹੀਦਾ ਹੈ ਜਿਸ ਤਰ੍ਹਾਂ ਮੈਂ ਪਹਿਲੇ ਕਿਹਾ ਹੈ, ਬਸ ਇਕ ਚੀਜ਼ ਦੇ ਮਿਲਣ ਦੀ ਗਲ ਹੈ।"

ਸੇਠੀ ਸਾਹਿਬ ਨੇ ਇਹ ਤਜਵੀਜ਼ ਮਨਜ਼ੂਰ ਕਰ ਲਈ।

ਕਈ ਦਿਨਾਂ ਤੋਂ ਬਾਲੂ ਚਪੜਾਸੀ ਰਹਿਣ ਲਈ ਦਫ਼ਤਰ ਦੇ ਚੱਕਰ ਕੱਢ ਰਿਹਾ ਸੀ। ਰੋਜ਼ ਉਸ ਨੂੰ ਇਹੀ ਕਿਹਾ ਜਾਂਦਾ ਕਿ ਅਜੇ ਜਗ੍ਹਾ ਨਹੀਂ, ਫਿਰ ਆਵੀਂ। ਅਜ ਜਦ ਉਹ ਆਇਆ ਤਾਂ ਦਫ਼ਤਰ ਵਾਲੇ ਸਾਹਿਬ ਨੇ ਇਕ ਬਾਬੂ ਨੂੰ ਕਿਹਾ। ਇਸ ਆਦਮੀ ਦਾ ਨਾਂ ਪਤਾ ਲਿਖ ਲੌ। ਇਸ ਨੂੰ ਚਪੜਾਸੀ ਰਖਣਾ ਹੈ।

ਸੇਠੀ ਸਾਹਿਬ ਨੂੰ ਇਕ ਚਪੜਾਸੀ ਮਿਲਿਆ ਹੈ ਕਿਉਂ ਕਿ ਉਨ੍ਹਾਂ ਆਪਣੀ ਸਾਈਕਲ ਵਾਪਸ ਕਰ ਦਿਤੀ ਹੈ।

# ਮੂਹਲੀ ਜਿੱਡੇ ਡੌਲੇ

ਮਾਘ ਫੱਗਣ ਮੀਂਹ ਉੱਕੇ ਹੀ ਨਹੀਂ ਪਏ ਸਨ । ਭਾਵੇਂ ਖ਼ੜਕੂ ਦੇ ਪਿਉ ਨੇ ਮਝੀਂ ਦਾ ਖ਼ਿਆਲ ਕਰਕੇ ਆਪਣੀ ਕਪਾਹ ਤੇ ਸਰ੍ਹੋਂ ਦੇ ਵਢਾਂ ਵਿਚ ਇਕ ਔੜ ਵੀ ਨਹੀਂ ਸੀ ਕੱਢੀ ਤੇ ਪਾਣੀ ਵੀ ਦਿਤਾ ਸੀ ਫਿਰ ਵੀ ਕਿਧਰੇ ਮੈਣੇ ਦਾ ਇਕ ਪੱਤਰ ਵੀ ਨਹੀਂ ਸੀ ਦਿਸਦਾ । ਚੇਤਰ ਦੀ ਧੁਪ ਵਿਚ ਕਾਗ਼ਜ਼ ਵਾਂਗ ਲਿਸ਼ਕਦੇ ਅੱਪੜ ਭੋਂ ਦੇ ਘੁਮਾਵਾਂ ਦੇ ਘੁਮਾਂ ਖੜਕੂ ਦੇ ਪਿਓ ਦਾ ਮਖ਼ੌਲ ਉਡਾ ਰਹੇ ਸਨ। ਪਰ ਖੜਕੂ ਦੇ ਨਾਨਕੇ ਮੀਂਹ ਢੇਰ ਪਏ ਸਨ ਤੇ ਉਸ ਤਰ੍ਹਾਂ ਵੀ ਝਨਾਂ ਦੇ ਹੜ ਉਥੋਂ ਦੀਆਂ ਢੱਭਾਂ ਹਰੀਆਂ ਰਖਦੇ।ਓੜਕ ਖੜਕੂ ਦੇ ਪਿਓ ਨੇ ਇਕ ਦਮ ਕਿਹਾ "ਪੁਤ੍ਰ ਸਿਆਣਿਆਂ ਆਖਿਆ ਏ 'ਦਰਿਆ ਦਾ ਹਮਸਾਇਆ, ਨਾ ਭੁਖਾ ਨ ਤ੍ਰਿਹਾਇਆ' ਓਧਰ ਰੱਬ ਦੀ ਮੇਹਰ ਏ। ਮੈਨੂੰ ਅੰਦ ਜਾਪਦਾ ਏ ਜਿਵੇਂ ਸਾਡੀਆਂ ਡਾਰਾਂ ਦਾ ਦਾਣਾ ਪਾਣੀ ਵੀ ਐਤਕੀ ਓਧਰ ਈ ਏ। ਏਨ੍ਹਾਂ ਨੂੰ ਓਥੇ ਈ ਅਪੜਾ।" ਬੱਸ ਖੜਕੂ ਮੱਝੀਂ ਹਿਕ ਲਈਆਂ ਤੇ ਤਿੰਨਾਂ ਦਿਨਾ ਦੇ ਪੰਧ ਪਿਛੋਂ ਨਾਨਕੇ ਅਪੜ ਗਿਆ।

ਨਾਨਕੇ ਪਿੰਡ ਖੜਕੂ ਮਾਨੋਂ ਇਕ ਖਡੌਣਾ ਸੀ। ਸਾਰਾ ਪਿੰਡ ਉਸ ਨਾਲ ਹਾਸਾ ਮਖ਼ੌਲ ਕਰਦਾ ਨ ਥੱਕਦਾ। ਬਨ੍ਹੋ ਦੀ ਬੇਬੇ ਖੜਕੂ ਦੇ ਮਾਮਿਆਂ ਦੇ ਗਵਾਂਢ ਹੋਣ ਕਰਕੇ ਵੀ ਤੇ ਮੁਢ ਤੋਂ ਹੀ ਖੜਕੂ ਦੀ ਮਾਂ ਤੇ ਪਿਓ ਨਾਲ ਹਿਤ ਕਰਨ ਕਰਕੇ ਵੀ ਰੋਜ਼ ਖੜਕੂ ਨੂੰ ਘਰ ਸੱਦ ਕੇ

ਦੁਧ ਪਿਆਂਦੀ ਤੇ ਉਸ ਦੇ ਘਰ ਦੀਆਂ ਗੱਲਾਂ ਪੁਛਦੀ।

"ਅੜਿਆ, ਤੁਸੀਂ ਸਾਡੀ ਬੀਬੀ ਨੂੰ ਕਦੇ ਨਹੀਂ ਘਲਦੇ।"

ਉਹ ਖੜਕੂ ਦੀ ਮਾਂ ਦੀਆਂ ਗਲਾਂ ਛੇੜ ਦਿੰਦੀ।

"ਸਿਆਣੀ ਏਂ ਜਦੋਂ ਆਉਂਦੀ ਏ ਕੋਈ ਮਤ ਈ ਦੇ ਜਾਂਦੀ ਏ। ਪਿਛਲੀ ਵੇਰ ਜਦੋਂ ਆਈ ਸੀ ਸਾਡੀ ਕਣਕ ਨੂੰ ਹੇਠੋਂ ਸਾਰੀ ਸੁਸਰੀ ਖਾਈ ਜਾਏ। ਮੈਂ ਗਲ ਕੀਤੀ, ਮੈਂ ਆਖਿਆ ਬੀਬੀ ਜੇ ਬਨੂਸੋ ਦੇ ਬਾਪੂ ਨੂੰ ਪਤਾ ਲਗਾ ਤਾਂ ਮੇਰੀ ਗੁਤ ਪੁਟ ਛਡੇਗਾ। ਆਖਣ ਲਗੀ ਲਾਇ ਭਾਬੀ ਇਹ ਕਿਹੜੀ ਗੱਲ ਏ, ਕਣਕ ਪਰ੍ਹਾਂ ਕਰਕੇ ਹੇਠ ਦੋ ਟੋਕਰੀਆਂ ਤੂੜੀ ਪਾ ਛਡ। ਫਿਰ ਆਈ ਤੇ ਬਨੂਸੋ ਵਚਾਰੀ ਦਾ ਮੂੰਹ ਸਾਰਾ ਥਿਮੂੰ ਥਿੰਮੂ ਹੋਇਆ ਹੋਇਆ। ਮੈਂ ਆਖਿਆ ਬੀਬੀ ਏਦ੍ਹਾ ਵੀ ਕੁਝ ਕਰ। ਆਖਣ ਲੱਗੀ ਭਾਬੀ ਅਧਰਿੜਕਾ ਦਿਆ ਕਰ ਸੂ। ਸੱਚੀਂ ਮੁੱਚੀ ਮੈਂ ਅਧਰਿੜਕਾ ਦਿਤਾ ਤੇ ਅਜ ਹੋਰ ਭਲਕ ਹੋਰ ਤੇ ਪੰਜਾਂ ਛੇਆਂ ਦਿਨਾਂ ਵਿਚ ਈ ਮੂੰਹ ਵੜਾ ਵਾਹਵਾ ਨਿਕਲ ਆਇਆ।"

"ਹਲਾ ਮਾਮੀ।" ਖੜਕੂ ਨੇ ਗੱਲ ਵਿਚ ਧਿਆਨ ਜ਼ਾਹਰ ਕਰਦਿਆਂ ਹੋਇਆਂ ਆਖਿਆ।

"ਤੇਰਾ ਪਿਓ ਤੇ ਪੁੱਜ ਕੇ ਸ਼ਤਾਨ ਸੀ।" ਬਨੂਸੋ ਦੀ ਬੇਬੇ ਫਿਰ ਗੱਲ ਛੇੜੀ।

"ਬਨੂਸੋ ਹੋਈ ਤੇ ਆਖੇ ਏਦ੍ਹਾ ਸਾਕ ਮੈਨੂੰ ਖੜਕੂ ਲਈ ਦੇ ਛਡ। ਏਨੂੰ ਨਿਕੀ ਜਹੀ ਨੂੰ ਚੁੱਕ ਕੇ ਰੇਤ ਵਿਚ ਦੱਬ ਆਵੇ ਤੇ ਆਖੇ ਡੋਲੇ ਵਿਚ ਬਹਾ ਆਇਆਂ, ਆਪੇ ਬਾਰ ਵਿਚ ਅਪੜ ਜਾਇਗੀ।"

"ਵੇ ਖੜਕੂ ਤੂੰ ਮੁੜਕੇ ਕਦੋਂ ਜਾਣਾ ਏਂ?" ਇਕ ਦਿਨ ਘਰ ਆਏ ਖੜਕੂ ਨੂੰ ਬਨੂਸੋ ਨੇ ਪੁਛਿਆ।

ਬਨੂਸੋ ਦੀ ਬੇਬੇ ਕਿਸੇ ਦੇ ਘਰੋਂ ਮਰੀਕਨੀ ਕਪਾਹ ਦਾ ਬੀ

ਪੁਛਣ ਗਈ ਸੀ।

"ਬੱਸ ਹੁਣ ਝਬਦੇ ਈ ਮੁੜ ਜਾਣਾ ਏਂ। ਮੱਝੀਂ ਲਿੱਸੀਆਂ ਹੋ ਗਈਆਂ ਨੇ, ਦੱਭ ਤੇ ਸਰਕੜੇ ਨੂੰ ਤੇ ਮੂੰਹ ਨਹੀਂ ਲਾਂਦੀਆਂ, ਧਾਮਨ ਤੇ ਮੈਣੇ ਤੇ ਜੂ ਹਿਲੀਆਂ ਹੋਈਆਂ। ਅਸਲ ਵਿਚ ਦੱਭ ਹੁੰਦੋ ਏ ਖਰਵੀ ਤੇ ਮਲੂਕ ਡੰਗਰ ਨੂੰ ਮੁੱਢੋਂ ਨਹੀਂ ਸੁਖਾਂਦੀ।"

"ਜੇ ਏਡੀਆਂ ਮਲੂਕ ਸਾਨੀ ਤੇ ਫਿਰ ਏਡੀ ਵਲੈਤ ਤੋਂ ਹਿੱਕ ਕੇ ਕਾਹਨੂੰ ਲੈ ਆਇਆ ਸੈਂ।" ਬਨੁਸੀ ਨੇ ਆਪਣੇ ਡੰਗਰਾਂ ਦੀ ਹਾਲਤ ਹੁੰਦੀ ਵੇਖ ਖਿਝ ਕੇ ਆਖਿਆ।

"ਤੈਨੂੰ ਤੇ ਐਵੇਂ ਤੌਖਲਾ ਲੱਗਦਾ ਏ। ਤੂੰ ਇਹ ਤੇ ਕਿਆਸ ਕਰ ਪਈ ਮੈਂ ਭਲਾ ਕੁਲ ਮੁਲਖ਼ ਤੋਂ ਪਹਿਲਾਂ ਕਿਉਂ ਧੰਮੀ ਛੋੜ ਕੇ ਲੈ ਜਾਨਾ ਵਾਂ। ਈਹੋ ਤਮ੍ਹਾਂ ਹੁੰਦਾ ਏ ਪਈ ਰਾਤ ਦੇ ਪੂਰੇ ਨਾਲ ਸਜਰੀ ਫੁੱਟੀ ਹੋਈ ਚੱਪਾ ਚੱਪਾ ਮਰੂੰਡ ਲੈਣ, ਖਰੂਵੀ ਨੂੰ ਤੇ ਇਨ੍ਹਾਂ ਸੁੰਘਣਾ ਵੀ ਨਾ ਨ ਹੋਇਆ।"

"ਪਰ ਮੈਂ ਆਨ੍ਹੀ ਆਂ ਤੁਹਾਡੇ ਮੁਲਖ ਬੜੇ ਪੱਠੇ ਹੁੰਦੇ ਨੇ।"

"ਪੱਠਿਆਂ ਦੀ ਤੇ ਗੱਲ ਈ ਨਾ ਹਿਲਾ। ਹੁਣ ਮੈਂ ਮੱਝੀਂ ਏਧਰ ਹਿੱਕ ਲਿਆਇਆਂ ਨ, ਪਿਛੇ ਸਾਡੇ ਕਿੱਲਿਆਂ ਦੇ ਕਿੱਲੇ ਮੈਣੇ ਦੇ ਸੁਕ ਜਾਣੇ ਨੇ। ਬੱਸ ਜਿੱਧਰ ਧਿਆਨ ਮਾਰੀਏ ਹਰਿਆਉਲ ਈ ਹਰਿਆਉਲ। ਏਥੋਂ ਵਾਂਗ ਟੋਇ ਟਿੱਬੇ ਤੇ ਨਹੀਂ ਹੁੰਦੇ।"

"ਭਈ ਤਾਂ ਤੇ ਤੁਹਾਡਾ ਮੁਲਖ ਬੜਾ ਵਧੀਆ ਵੇਖਣ ਵਾਲਾ ਹੋਣਾ ਏ।"

"ਵਧੀਆ ਜਿਹਾ ਵਧੀਆ, ਮੈਂ ਆਹਨਾਂ ਮਾੜਾ ਮੋਟਾ ਪੁਲਸੀਆ ਓਧਰ ਮੂਹ ਨਹੀਂ ਕਰਦਾ ਤੇ ਜੇ ਠਾਣੇਦਾਰ ਵੀ ਆਵੇ ਤੇ ਮੁੜ ਕੋਈ ਹਮਕੋ ਤੁਮਕੋ ਤੇ ਨਹੀਂ ਸੂ ਨ ਕਰਨੀ ਓਥੇ 'ਆਓ ਬਾਬਾ ਜੀ ਬਹਿ ਜਾਓ, ਆ ਜਵਾਨਾਂ ਬਹਿ ਜਾ' ਬੱਸ ਈਹੋ ਈ ਮੂੰਹੋਂ

ਪੁਛਣ ਗਈ ਸੀ।

"ਬੱਸ ਹੁਣ ਝਬਦੇ ਈ ਮੁੜ ਜਾਣਾ ਏ । ਮੱਝੀਂ ਲਿੱਸੀਆਂ ਹੋ ਗਈਆਂ ਨੇ, ਦੱਭ ਤੇ ਸਰਕੜੇ ਨੂੰ ਤੇ ਮੂੰਹ ਨਹੀਂ ਲਾਂਦੀਆਂ, ਧਾਮਨ ਤੇ ਮੈਣੇ ਤੇ ਜੂ ਹਿਲੀਆਂ ਹੋਈਆਂ। ਅਸਲ ਵਿਚ ਦੱਭ ਹੁੰਦੀ ਏ ਖਰਵੀ ਤੇ ਮਲੂਕ ਡੰਗਰ ਨੂੰ ਮੂੰਹੋਂ ਨਹੀਂ ਸੁਖਾਂਦੀ।"

"ਜੇ ਏਡੀਆਂ ਮਲੂਕ ਸਾਨੀ ਤੇ ਫਿਰ ਏਡੀ ਵਲੈਤ ਤੋਂ ਹਿੱਕ ਕੇ ਕਾਹਨੂੰ ਲੈ ਆਇਆ ਸੈਂ ।" ਬਨੁਸੀ ਨੇ ਆਪਣੇ ਡੰਗਰਾਂ ਦੀ ਹਾਲਤ ਹੁੰਦੀ ਵੇਖ ਖਿਝ ਕੇ ਆਖਿਆ।

"ਤੈਨੂੰ ਤੇ ਐਵੇਂ ਤੋਖਲਾ ਲੱਗਦਾ ਏ। ਤੂੰ ਇਹ ਤੇ ਕਿਆਸ ਕਰ ਪਈ ਮੈਂ ਭਲਾ ਕੁਲ ਮੁਲਖ਼ ਤੋਂ ਪਹਿਲਾਂ ਕਿਉਂ ਧੰਮੀ ਛੋੜ ਕੇ ਲੈ ਜਾਨਾ ਵਾਂ। ਈਹੋ ਤਮ੍ਹਾਂ ਹੁੰਦਾ ਏ ਪਈ ਰਾਤ ਦੇ ਪੂਰੇ ਨਾਲ ਸਜਰੀ ਫੁੱਟੀ ਹੋਈ ਚੱਪਾ ਚੱਪਾ ਮਰੁੰਡ ਲੈਣ, ਖਰੂਵੀ ਨੂੰ ਤੇ ਇਨ੍ਹਾਂ ਸੁੰਘਣਾ ਵੀ ਨਾ ਨ ਹੋਇਆ।"

"ਪਰ ਮੈਂ ਆਨ੍ਹੀ ਆਂ ਤੁਹਾਡੇ ਮੁਲਖ ਬੜੇ ਪੱਠੇ ਹੁੰਦੇ ਨੇ।"

'ਪੱਠਿਆਂ ਦੀ ਤੇ ਗੱਲ ਈ ਨਾ ਹਿਲਾ। ਹੁਣ ਮੈਂ ਮੱਝੀਂ ਏਧਰ ਹਿੱਕ ਲਿਆਇਆਂ ਨ, ਪਿਛੋਂ ਸਾਡੇ ਕਿੱਲਿਆਂ ਦੇ ਕਿੱਲੇ ਮੈਣੇ ਦੇ ਸੁਕ ਜਾਣੇ ਨੇ। ਬੱਸ ਜਿੱਧਰ ਧਿਆਨ ਮਾਰੀਏ ਹਰਿਆਉਲ ਈ ਹਰਿਆਉਲ। ਏਥੋਂ ਵਾਂਗ ਟੋਏ ਟਿੱਬੇ ਤੇ ਨਹੀਂ ਹੁੰਦੇ।"

"ਭਈ ਤਾਂ ਤੇ ਤੁਹਾਡਾ ਮੁਲਖ ਬੜਾ ਵਧੀਆ ਵੇਖਣ ਵਾਲਾ ਹੋਣਾ ਏ।"

"ਵਧੀਆ ਜਿਹਾ ਵਧੀਆ, ਮੈਂ ਆਹਨਾਂ ਮਾੜਾ ਮੋਟਾ ਪੁਲਸੀਆ ਓਧਰ ਮੂੰਹ ਨਹੀਂ ਕਰਦਾ ਤੇ ਜੇ ਠਾਣੇਦਾਰ ਵੀ ਆਵੇ ਤੇ ਮੁੜ ਕੋਈ ਹਮਕੋ ਤੁਮਕੋ ਤੇ ਨਹੀਂ ਸੂ ਨ ਕਰਨੀ ਓਥੇ 'ਆਓ ਬਾਬਾ ਜੀ ਬਹਿ ਜਾਓ, ਆ ਜਵਾਨਾਂ ਬਹਿ ਜਾ' ਬੱਸ ਈਹੋ ਈ ਮੂੰਹੋਂ

"ਏਧਰ ਵਾ ਕੀ ਏ ਲੈ ਛੁਡਾ ਲੈ ਆਪਨੀ ਬਾਂਹ।"

"ਹਾਇ ਮੇਰੀਆਂ ਵੰਗਾਂ।"

ਤੇ ਖੜਕੂ ਨੇ ਤ੍ਰਹਿ ਕੇ ਬਾਂਹ ਛਡ ਦਿਤੀ। ਬਨੂਸੋ ਵੰਗਾਂ ਜਾਚਣ ਲਗ ਪਈ। ਇਕ ਇਕ ਕਰਕੇ ਉਸ ਸਾਰੀਆਂ ਲਾਹੀਆਂ। ਭਜੀ ਤੇ ਕੋਈ ਨਹੀਂ ਸੀ ਤੇ ਨਾ ਹੀ ਕਿਸੇ ਨੂੰ ਤ੍ਰੇੜ ਆਈ ਸੀ। ਉਹ ਫਿਰ ਉਨ੍ਹਾਂ ਨੂੰ ਚੜ੍ਹਾਣ ਲਗ ਪਈ।

"ਲਾਂਇ ਆਹ ਵੰਗ ਬਹੁਤੀ ਸੌੜੀ ਏ, ਇਹ ਤੂੰ ਚਾੜ੍ਹ ਦੇ।"

ਬਨੂਸੋ ਆਪਣੀ ਗੋਰੀ ਬਾਂਹ ਖੜਕੂ ਵਲ ਕਰਦੀ ਹੋਈ ਕਿਹਾ।

"ਸੌੜੀ ਕਦੋਂ ਏ? ਦੂਜੀਆਂ ਜੇਡੀ ਜਾਪਦੀ ਏ ਮੈਨੂੰ ਤੇ।"

"ਨਹੀਂ ਸੌਂਹ ਪੀਰ ਦੀ ਸੌੜੀ ਏ, ਭਾਵੇਂ ਮੇਚ ਕੇ ਵੇਖ ਲੈ।"

ਤੇ ਬੰਨੂਸੋ ਇਕ ਹੋਰ ਵੰਗ ਲਾਹ ਦਿਤੀ। ਇਸ ਤਰ੍ਹਾਂ ਕਈ ਚਿਰ ਵੰਗਾਂ ਲਹਿੰਦੀਆਂ ਚੜ੍ਹਦੀਆਂ ਰਹੀਆਂ ਤੇ ਹਰ ਵਾਰੀ ਖੜਕੂ ਦੇ ਹਥੋਂ।

ਇਕ ਸ਼ਾਮ ਘੁਸਮੁਸੇ ਜਹੇ ਖੜਕੂ ਘੋੜੀ ਤੇ ਚੜ੍ਹਿਆ ਮੱਝੀਂ ਲਈ ਚਰਾਂਦ ਤਾੜ ਕੇ ਸਿੱਧਾ ਕਣਕਾਂ ਵਿਚੋਂ ਦੀ ਵਾਪਸ ਆ ਰਿਹਾ ਸੀ। ਕਣਕ ਦੀਆਂ ਦੋ ਪੈਲੀਆਂ ਦੇ ਵਿਚਕਾਰ ਲੇਟੀ ਬੰਨੂਸੋ ਪੈਲੀਆਂ ਦੀ ਵਿਚਕਾਰਲੀ ਉੱਚੀ ਵੱਟ ਨੂੰ ਆਪਣੀ ਹਿਕ ਨਾਲ ਦਬਾ ਰਹੀ ਸੀ।

"ਇਥੇ ਕੀ ਕਰਨੀ ਏਂ?" ਖੜਕੂ ਨੇ ਲਗਾਮ ਖਿਚਦੇ ਹੋਏ ਕਿਹਾ।

"ਕੁਝ ਨਹੀਂ ਬਾਹਰ ਹੋਣ ਆਈ ਸਾਂ, ਢਿੱਡ ਪੀੜ ਹੋਣ ਲਗ ਪਈ ਸੀ।"

ਪਰ ਖੜਕੂ ਕੋਈ ਅੰਞਾਣਾ ਤੇ ਨਹੀਂ ਸੀ। ਉਹ ਜਾਣਦਾ ਸੀ ਕਿ ਪੀੜ ਕਿਥੇ ਹੈ।

"ਆ ਮੇਰ ਪਿਛੇ ਹੋ ਬੈਹ।"

"ਚੜ੍ਹਾਂ ਕਿਵੇਂ?"

"ਹੱਥ ਮੈਨੂੰ ਫੜਾ ਕੇ ਮੇਰੇ ਪੈਰ ਤੇ ਪੈਰ ਧਰਕੇ ਚੜ੍ਹ ਆ।"
"ਹਲਾ।"
ਤੇ ਇਕ ਪਲ ਵਿਚ ਬਨੂਸੋ ਖੜਕੂ ਦੇ ਪਿਛੇ ਬੈਠੀ ਸੀ।
"ਜੇ ਮੈਂ ਤੈਨੂੰ ਕਿਧਰੇ ਭਜਾ ਲਜਾਂ ਤੇ ਫਿਰ।"
"ਜਿਥੇ ਸਲਾਹ ਈ ਭਜਾ ਲੈ ਚੱਲ।"
"ਤੈਨੂੰ ਮੈਥੋਂ ਡਰ ਨਹੀਂ ਆਉਂਦਾ?"
"ਨਹੀਂ, ਤੈਥੋਂ ਉੱਕਾ ਨਹੀਂ ਆਉਂਦਾ।"
"ਕਿਉਂ ਮੈਥੋਂ ਕਿਉਂ ਨਹੀਂ ਆਉਂਦਾ?"
"ਪਤਾ ਨਹੀਂ।"
"ਘੋੜੀ ਭਜਾਂ।"
"ਨ ਮੈਂ ਡਿਗ ਪਵਾਂਗੀ।"
"ਤੂੰ ਮੇਰੀ ਹਿਕ ਦਵਾਲੇ ਘੁਟ ਕੇ ਹਥ ਪਾ ਲੈ।"
"ਤੇਰੀ ਹਿਕ ਦਵਾਲੇ ਮੇਰੀਆਂ ਬਾਹੀਂ ਆਉਂਦੀਆਂ ਨਹੀਂ।"
"ਲੱਕ ਦਵਾਲੇ ਪਾ ਲੈ।"
"ਚੰਗਾ ਭਜਾ।"

ਘੋੜੀ ਭਜੀ ਪੋਈਏ ਤੇ ਫਿਰ ਸਰਪੱਟ ਪਰ ਬੰਨੂਸੀ ਨੇ ਖੁੰਗੀ ਘੁਟ ਕੇ ਪਾਈ ਰਖੀ। ਪਿੰਡ ਦੇ ਨੇੜੇ ਆ ਕੇ ਖੜਕੂ ਨੇ ਘੋੜੀ ਖਲ੍ਹਾਰ ਲਈ।

"ਕਦੀ ਅਗੇ ਵੀ ਘੋੜੀ ਭਜਾਈ ਆ?"

"ਨਹੀਂ, ਚੰਬੜੀ ਤੇ ਬੁਰੀ ਬਾਂਦਰੀ ਦੇ ਬਚੇ ਵਾਂਗ ਰਹੀਂ ਏਂ। ਲੈ ਹੁਣ ਉੱਤਰ।"

ਉਸ ਤਰ੍ਹਾਂ ਪੈਰ ਤੇ ਪੈਰ ਧਰਕੇ ਬੰਨੂਸੋ ਉਤਰ ਗਈ। ਹਿਲੀ ਹਿਲਾਈ ਘੋੜੀ ਆਪਣੇ ਆਪ ਹੀ ਹਵਲੀ ਤੇ ਅਪੜ ਜਾਈ। ਖੜਕੂ ਲਈ ਲਗਾਮ ਦਾ ਧਿਆਨ ਕਰਨਾ ਔਖਾ ਸੀ।

ਲੰਬਰਾਂ ਦੀ ਧੀ ਦਾ ਵਿਆਹ ਸੀ। ਜੰਞ ਲਈ ਦੋ ਬਕਰੇ ਝਟਕਣੇ ਸਨ। ਇਕ ਬਕਰੇ ਦੇ ਸਿੰਙ ਨੂੰ ਰੱਸੀ ਪਾ ਕੇ ਧਰਮੂ ਨੇ ਇਕ ਰੁਖ ਨਾਲ ਬੰਨ੍ਹ ਦਿਤਾ ਤੇ ਉਹਦੀ ਧੌਣ ਦੇ ਵਾਲ ਗਿਲੇ ਕਰਨ ਲਗਾ।

"ਨ ਭਈ ਧਰਮੂ," ਇਕ ਕੋਲ ਖਲੋਤੇ ਬੁਢੇ ਨੇ ਹਟਕ ਦਿਤਾ "ਧੌਣ ਗਿਲੀ ਕਰਕੇ ਤੇ ਜ਼ਨਾਨੀਆਂ ਵੀ ਬੱਕਰੇ ਵੱਢ ਲੈਂਦੀਆਂ ਨੇ, ਅਜ ਸੁਕੀ ਧੌਣੇ ਈ ਕੰਮ ਚਲਾ। ਇਕ ਵੱਢ ਤੂੰ ਤੇ ਇਕ ਵੱਢਦਾ ਇਹ ਵਿਰਕ ਛੋਹਰ" ਖੜਕੂ ਵਲ ਇਸ਼ਾਰਾ ਕਰਕੇ ਬੁਢੇ ਨੇ ਗੱਲ ਖ਼ਤਮ ਕੀਤੀ।

'ਚੰਗਾ ਬਾਪੂ" ਆਖ ਧਰਮੂ ਪਾਣੀ ਵਾਲਾ ਹਥ ਪਿਛਾਂ ਖਿਚ ਲਿਆ। ਅਖ ਦੀ ਫੋਰ ਵਿਚ ਅਖਾਣੇ ਵਾਲਾ ਸਮਾਂ ਬਣ ਗਿਆ। ਧਰਮੂ ਨੇ ਕ੍ਰਿਪਾਨ ਉਗਰੀ ਤੇ ਬੇ ਆਵਾਜ਼ ਉਹ ਢੱਕਰੇ ਦੀ ਧੌਣ ਵਿਚੋਂ ਲੰਘ ਗਈ। ਧੌਣ ਤੋਂ ਵੱਖਰਾ ਹੋ ਧੜ ਭੋਂ ਤੇ ਢਹਿ ਪਿਆ। ਰੱਸੀ ਦੂਜੇ ਬੱਕਰੇ ਦੇ ਸਿੰਗਾਂ ਨੂੰ ਪਾਈ ਗਈ। ਖੜਕੂ ਦੀ ਕ੍ਰਿਪਾਨ ਚੱਲੀ। "ਮੈਂ" ਕਰਦਾ ਬੱਕਰਾ ਭੋਇੰ ਤੇ ਡਿਗਾ ਪਰ ਧੜ ਤੋਂ ਪੂਰੀ ਤਰ੍ਹਾਂ ਜੁਦਾ ਨਹੀਂ ਹੋਇਆ ਸੀ। ਕ੍ਰਿਪਾਨ ਦਾ ਪੇਲਾ ਜਿਹਾ ਝਟਕਾ ਮਾਰ ਕੇ ਖੜਕੂ ਨੇ ਅੜੀ ਹੋਈ ਥੋੜੀ ਜਹੀ ਖਲ ਵਢ ਦਿਤੀ ਪਰ ਉਸ ਦਾ ਮੂੰਹ ਕੁਝ ਸੁਕ ਗਿਆ। ਮੁੰਡਿਆਂ ਵਿਚ ਕੁਝ ਘੁਸਰ ਘੁਸਰ ਹੋਈ ਤੇ ਕੁਝ ਦਬੇ ਦਬੇ ਹਾਸੇ ਪਰ ਧੌਣ ਦਾ ਅੜਾ ਅਸਲੋਂ ਵਾਲ ਭਰ ਸੀ ਇਸ ਲਈ ਕਿਸੇ ਮਿਹਣਾ ਨਾ ਮਾਰਿਆ।

"ਧਰਮੂ ਦੇ ਬੱਕਰੇ ਦੀ ਧੌਣ ਲਹਿਕੇ ਅਸਲੋਂ ਪਰ੍ਹਾਂ ਜਾ ਪਈ ਸੀ।" ਸ਼ਾਮ ਨੂੰ ਖੜਕੂ ਦੀ ਝੋਲੀ ਵਿਚ ਪਈ ਬਨੂਸੋ ਨੇ ਪੁਛਿਆ। ਉਹ ਸਭ ਕੁਝ ਪਹਿਲਾਂ ਹੀ ਸੁਣ ਚੁਕੀ ਸੀ। "ਪਰ੍ਹਾਂ ਤੇ ਆਪੇ ਜਾ ਪੈਣੀ ਸੀ। ਥੋੜੀ ਜਿਹੀ ਗਿਲੀ ਤੇ ਪਹਿਲਾਂ ਹੀ ਹੋ ਗਈ ਤੇ ਫਿਰ ਸਾਰੇ ਮੁੰਡੇ ਦਾਓ ਦਾਈ ਗਿਲੇ ਹਥ ਉਹਦੀ ਧੌਣ ਤੇ ਫੇਰਦੇ ਸਨ।"

"ਹਲਾ ਇਹ ਗਲ ਸੀ ਪਰ ਉਂਜ ਵੀ ਧਰਮੂ ਜਿੰਨੀ ਹਿੰਮਤ ਤੇ ਨਹੀਂ ਨ ਤੇਰੇ ਵਿਚ । ਉਸ ਰੁੜ੍ਹ ਗਏ ਦੇ ਤੇ ਮੂਹਲੀ ਜਿਡੇ ਡੌਲੇ ਈ ਨ।"

ਖੜਕੂ ਠੰਢਾ ਯਖ ਹੋ ਗਿਆ । ਬਾਹਾਂ ਵਿਚ ਪਈ ਬੰਨ੍ਹਸੋ ਕੋਈ ਠਗਨੀ ਸੀ ਜਾਂ ਡੈਣ । ਜੇ ਹਿੰਮਤ ਧਰਮੂ ਵਿਚ ਵਧੇਰੀ ਸੀ ਤਾਂ ਖੜਕੂ ਨਾਲ ਪਿਆਰ ਕਿਹਾ । ਜੇ ਬੰਨ੍ਹਸੋ ਨੂੰ ਨਿਸਚਾ ਸੀ ਕਿ ਖੜਕੂ ਨਾਲੋਂ ਚੰਗੇਰੇ ਬੰਦੇ ਵੀ ਦੁਨੀਆਂ ਵਿਚ ਹੈਨ ਤਾਂ ਉਹ ਕੇਵਲ ਇਕ ਡੰਗ ਟਪਾਊ ਕਾਮਾ ਹੀ ਸੀ ।

"ਮਾਮਾਂ ਮੈਂ ਵਡੇ ਵੇਲੇ ਜਾਊ ਆਂ ।" ਹਵੇਲੀ ਤੇ ਆ ਕੇ ਖੜਕੂ ਮਾਮੇ ਤੋਂ ਆਗਿਆ ਮੰਗਣ ਲਗਾ ।

"ਕਿਉਂ ਕਾਟ ਆ ਗਿਆ ਈ ਬਾਪੂ ਦਾ ।"

ਖੜਕੂ ਦੇ ਬਾਪੂ ਆਖ ਘਲਿਆ ਸੀ ਜਦੋਂ ਮੈਂ ਖਤ ਪਾਵਾਂ ਉਦੋਂ ਆ ਜਾਈਂ । ਪਰ ਉਹ ਖਤ ਤੇ ਬੜੇ ਚਿਰ ਦਾ ਆ ਕੇ ਚੋਰੀ ਚੋਰੀ ਖੜਕੂ ਦੇ ਹਥੋਂ ਪਾਟ ਚੁਕਾ ਸੀ ।

"ਨਹੀਂ ਮਾਮਾਂ ਕਾਟ ਤੇ ਕੋਈ ਨਹੀਂ ਆਇਆ ਪਰ ਮੈਨੂੰ ਰਾਤੀਂ ਸੁਫਨਾ ਬੜਾ ਭੈੜਾ ਆਇਆ ਏ । ਬੂਰੀ ਮਝ ਨੂੰ ਦੱਭ ਵਿਚੋਂ ਸਪ ਲੜ ਗਿਆ ਏ ਤੇ ਉਹ ਮਰ ਗਈ ਏ । ਢਗਿਆਂ ਮਗਰ ਪਾ ਕੇ ਅਸੀਂ ਉਹਨੂੰ ਬਾਬੇ ਲੰਮੇ ਦੇ ਵਾਹਣ ਵਿਚ ਸੁਟ ਆਏ ਆਂ ਤੇ ਉਥੇ ਕੰਢੀਆਂ ਕੰਢੀਆਂ ਚੰਝਾਂ ਵਾਲੀਆਂ ਗਿਰਝਾਂ ਉਹਦੇ ਦਵਾਲੇ ਕਿਧਰੇ ਮਿਉਂਦੀਆਂ ਨਹੀਂ । ਮੇਰਾ ਤੇ ਬੜਾ ਦਿਲ ਡਰਦਾ ਏ ।"

"ਹਲਾ ਮਲੋ ਹਿਕ ਲਈ ਸਵੇਰੇ ।"

ਮਾਮੇ ਦੀ ਤੇ ਅੱਖ ਲਗ ਗਈ ਪਰ ਖੜਕੂ ਪਾਸੇ ਮਾਰਦਾ ਰਿਹਾ। ਅਖੀਰ ਉਠ ਕੇ ਉਸ ਹਵੇਲੀ ਦੀ ਖਿੜਕੀ ਪਰ੍ਹਾਂ ਕੀਤੀ ਤੇ ਮਝੀਂ ਕੱਢਣ ਲਗ ਪਿਆ ।

"ਪਹਿਲੀ ਰਾਤੀਂ ਹਿਕ ਲਊ ਵੇਂ ?" ਮਾਮੇ ਨੇ ਹਵੇਲੀਓਂ ਨਿਕਲਦੀਆਂ ਮਝੀਂ ਦੀ ਫੂੰ ਫੂੰ ਤੇ ਘੁਸਰ ਘੁਸਰ ਨਾਲ ਜਾਗ ਕੇ ਕਿਹਾ।

"ਆਹੋ ਮਾਮਾਂ ਧੁਪ ਨਿਕਲਣ ਤੋਂ ਪਹਿਲਾਂ ਪਹਿਲਾਂ ਕੁਝ ਪੈਂਡਾ ਵਢ ਲੈਨਾਂ। ਮੈਂਹਰੂ ਜੂ ਹੋਇ, ਕੋਈ ਗੋਕੇ ਤੇ ਨਹੀਂ ਨਾ ਪਏ ਧੁਪੇ ਹੀ ਟੁਰੇ ਜਾਣ।"

# ○ ਨਾਵਲ ਤੇ ਕਹਾਣੀ ○

**੧ ਆਂਦਰਾਂ–**

ਕਰਤਾਰ ਸਿੰਘ ਦੁੱਗਲ ਦਾ ਹੁਣੇ ਹੁਣੇ ਛਪਿਆ ਨਾਵਲ ਜੋ ਛਪਣ ਸਾਰ ਪੰਜਾਬ ਯੂਨੀਵਰਸਿਟੀ ਵਲੋਂ ਗਿਆਨੀ ਦਾ ਕੋਰਸ ਨੀਯਤ ਹੋ ਗਿਆ ਹੈ। ਇਸ ਵਿਚ ਜਨਤਾ ਦੇ ਉਸ ਘੋਲ ਦਾ ਬਿਆਨ ਹੈ ਜੋ ਜਾਗੀਰਦਾਰੀ ਦੇ ਵਿਰੁਧ ਜਾਰੀ ਹੈ। ਨਾਵਲ ਦੀ ਗੇਟਅਪ ਬਹੁਤ ਵਧੀਆ ਹੈ। ਮੁਲ ੫)

**੨. ਡੰਗਰ–**

ਕਰਤਾਰ ਸਿੰਘ ਦੁੱਗਲ ਦੀਆਂ ਕਹਾਣੀਆਂ ਦਾ ਸੰਗ੍ਰਹਿ ਜੋ ਜੁਲਾਈ ੪੯ ਵਿਚ ਛਪਿਆ ਹੈ ਤੇ ਯੂਨੀਵਰਸਿਟੀ ਨੇ ਬੀ. ਏ. ਪੰਜਾਬੀ ਦਾ ਕੋਰਸ ਨੀਯਤ ਕੀਤਾ ਹੈ। ਮੁਲ ੨)

**੩. ਸਿਲਵੱਟੇ–**

ਕਰਤਾਰ ਸਿੰਘ ਦੁੱਗਲ ਦੀਆਂ ਪੁਸਤਕਾਂ ਸਵੇਰ ਸਾਰ, ਪਿੱਪਲ ਪੱਤੀਆਂ ਤੇ ਕੁੜੀ ਕਹਾਣੀ ਕਰਦੀ ਗਈ ਵਿਚੋਂ ਚੋਣਵੀਆਂ ਕਹਾਣੀਆਂ ਦਾ ਸੰਗ੍ਰਹਿ। ਪੰਜਾਬ ਯੂਨੀਵਰਸਿਟੀ ਨੇ ਐਮ. ਏ. ਪੰਜਾਬੀ ਦਾ ਕੋਰਸ ਨੀਯਤ ਕਰ ਦਿਤਾ ਹੈ। ਮੁਲ ੨)

**੪. ਅਗ ਖਾਣ ਵਾਲੇ–**

ਕਰਤਾਰ ਸਿੰਘ ਦੁੱਗਲ ਦੀਆਂ ਫਸਾਦਾਂ ਬਾਰੇ ਲਿਖੀਆਂ ਕਹਾਣੀਆਂ ਦਾ ਸੰਗ੍ਰਹਿ। ਲੇਖਕ ਨੇ ਪੂਰੀ ਨਿਰਪਖਤਾ ਤੋਂ ਕੰਮ ਲਿਆ ਹੈ। ਇਹ ਕਹਾਣੀਆਂ ਪੜ੍ਹ ਕੇ ਪਾਠਕ ਆਪ ਮੁਹਾਰਾ ਵਰਤਮਾਨ ਮਜ਼ਬੀ ਜਨੂੰਨ ਤੋਂ ਉੱਚਾ ਹੋ ਕੇ ਮਨੁਖੀ ਏਕਤਾ ਦਾ ਅਭਿਲਾਸ਼ੀ ਹੋ ਜਾਂਦਾ ਹੈ। ਮੁਲ ੨)

**੫. ਵਣ ਤੇ ਕਰੀਰ–**

ਗੁਰਚਰਨ ਸਿੰਘ ਦੀਆਂ ਕਹਾਣੀਆਂ ਦਾ ਸੰਗ੍ਰਹਿ ਹੈ ਜਿਨ੍ਹਾਂ ਦਾ ਪਾਠ ਜੀਵਨ ਦੀ ਭਰਵੀਂ ਨੈਂ ਵਿਚ ਠਿਲ੍ਹਣਾ ਹੈ। ਮੁਲ ੨)

## ੬. ਪਿਉ ਪੁੱਤਰ–

ਪਰੋਫੈਸਰ ਸੁਰਿੰਦਰ ਸਿੰਘ ਨਰੂਲਾ ਦਾ ਨਵਾਂ ਨਾਵਲ ਜਿਸਨੂੰ ਪੰਜਾਬੀ ਸਾਹਿਤ ਦੇ ਪਾਰਖੂਆਂ ਨੇ ਆਪਣੀ ਬੋਲੀ ਦਾ ਸਭ ਤੋਂ ਚੰਗਾ ਨਾਵਲ ਆਖ ਕੇ ਸਲਾਹਿਆ ਹੈ। ਇਸ ਵਿਚ ੧੮੯੫ ਤੋਂ ਲੈ ਕੇ ੧੯੧੮ ਤਕ ਦੇ ਅੰਮ੍ਰਿਤਸਰ ਦੀ ਜ਼ਿੰਦਗੀ ਦਾ ਇਕ ਸੁਚੱਜਾ ਚਿਤ੍ਰ ਹੈ।

ਮੁਲ ੪॥)

## ੭. ਮਲਾਹ–

ਮੇਜਰ ਨਰਿੰਦਰ ਜਿੰਘ ਦਾ ਬੇਹਦ ਦਿਲਚਸਪ ਤੇ ਜਜ਼ਬਾਤ ਨੂੰ ਮਘਾਉਣ ਵਾਲਾ ਨਾਵਲ ਜਿਸਦੀ ਸਾਰੇ ਪੰਜਾਬੀ ਪ੍ਰੈਸ ਵਲੋਂ ਬੇਹਦ ਸ਼ਲਾਘਾ ਹੋਈ ਹੈ।

ਮੁਲ ੪॥)

## ੮. ਛਾਹ ਵੇਲਾ–

ਕੁਲਵੰਤ ਸਿੰਘ ਵਿਰਕ ਦੀਆਂ ੨੦ ਕਹਾਣੀਆਂ ਦਾ ਸੰਗ੍ਰਹਿ। ਇਨ੍ਹਾਂ ਨਾਲ ਪੰਜਾਬੀ ਸਾਹਿਤ ਵਿਚ ਇਕ ਨਵੀਂ ਤਕਨੀਕ ਤੇ ਜੀਵਨ ਵਿਆਖਿਆ ਦਾ ਬੂਹਾ ਖੁਲ੍ਹਿਆ ਹੈ। 'ਚਾਚਾ' ਤੇ 'ਛਾਹ ਵੇਲਾ' ਪੇਂਡੂ ਜੀਵਨ ਬਾਰੇ ਲਿਖੀਆਂ ਕਹਾਣੀਆਂ ਬੇਜੋੜ ਆਖੀਆਂ ਜਾ ਸਕਦੀਆਂ ਹਨ।

## ੯. ਗਲ ਕਥ–

'ਸਮਾਚਾਰ' ਤੇ 'ਲਹੂ ਮਿੱਟੀ' ਦੇ ਪ੍ਰਸਿਧ ਲੇਖਕ ਦੀਆਂ ਨਵੀਆਂ ਕਹਾਣੀਆਂ ਦਾ ਸੰਗ੍ਰਹਿ। ਇਨ੍ਹਾਂ ਵਿਚ ਪ੍ਰੋਫੈਸਰ ਸੰਤ ਸਿੰਘ ਸੇਖੋਂ ਨੇ ਜੀਵਨ ਦੇ ਆਰਥਕ ਤੇ ਰਾਜਸੀ ਸੰਕਟਾਂ ਦਾ ਬਹੁਤ ਸੋਹਣਾ ਵਿਸ਼ਲੇਸ਼ਨ ਦਿੱਤਾ ਹੈ। ਸਭੇ ਕਹਾਣੀਆਂ ਇਕ ਨੰਬਰ ਦੀਆਂ ਹਨ।

ਮੁਲ ੨)

○

ਹਿੰਦ ਪਬਲਿਸ਼ਰਜ਼ ਲਿਮਿਟਿਡ,
ਕੋਰਟ ਰੋਡ, ਅੰਮ੍ਰਿਤਸਰ